
# ਸ਼੍ਰੀ ਨਿਰਯਾਵਲਿਕਾ ਸੂਤਰ




ਅਨੁਵਾਦਕ : ਪੁਰਸ਼ੋਤਮ ਜੈਨ – ਰਵਿੰਦਰ ਜੈਨ

ਸ਼੍ਰੀ ਨਿਰਯਾਵਲਿਕਾ ਸੂਤਰ

ਇੱਕ ਇੰਦਰੀ ਤੋਂ ਲੈ ਕੇ
ਪੰਜ ਇੰਦਰੀਆਂ ਵਾਲੇ ਜੀਵ




26ਵੀਂ ਮਹਾਂਵੀਰ ਜਨਮ ਕਲਿਆਣ ਸ਼ਤਾਬਦੀ ਸੰਯੋਜਕਾ ਸਮਿਤੀ ਪੰਜਾਬ
ਮਹਾਂਵੀਰ ਸਟਰੀਟ, ਪੁਰਾਣਾ ਬਸ ਸਟੈਂਡ, ਮਾਲੇਰਕੋਟਲਾ–148023

# ਨਿਰਯਾਵਲੀਕਾ ਸੂਤਰ

1. Niryavalika Suttar 2. Kalpavtansika Suttar
3. Pushpika Suttar 4. Pushpchulika Suttar
4. Varishnidisha Suttar



## ਭਗਵਾਨ ਮਹਾਵੀਰ

ਪੰਜਾਬੀ ਅਨੁਵਾਦਕ:
ਪੁਰਸ਼ੋਤਮ ਜੈਨ
ਰਵਿੰਦਰ ਜੈਨ

ਪ੍ਰਕਾਸ਼ਕ:
26 ਵੀਂ ਮਹਾਵੀਰ ਜਨਮ ਕਲਿਆਨਕ ਸ਼ਤਾਵਦੀ ਸੱਯੋਜਿਕਾ ਸੰਮਤੀ ਪੰਜਾਬ
ਪੁਰਾਣਾ ਬੱਸ ਸਟੈਂਡ ਮਹਾਵੀਰ ਸਟਰੀਟ, ਮਾਲੇਰਕੋਟਲਾ ਜ਼ਿਲ੍ਹਾ ਸੰਗਰੂਰ।

# ਸਮਰਪਣ

ਜਿਨਸ਼ਾਸ਼ਨ ਪ੍ਰਭਾਵਿਕਾ, ਜੈਨ ਜਯੋਤੀ, ਸੰਥਾਰਾ ਸਾਧਿਕਾ,
ਉਪਰਵਰਤਨੀ, ਪੰਜਾਬੀ ਜੈਨ ਸਾਹਿਤ ਪ੍ਰੇਰਿਕਾ
ਸ਼੍ਰੀ ਸਵਰਣ ਕਾਂਤਾ ਜੀ ਮਹਾਰਾਜ ਦੀ ਸ਼ਿਸ਼



ਸਰਲ ਆਤਮਾ, ਸ਼ਾਸਨ ਜਯੋਤੀ
ਜੈਨ ਸਾਧਵੀ ਸ਼੍ਰੀ ਸੁਧਾ ਜੀ ਮਹਾਰਾਜ
ਦੇ ਜਨਮ ਦਿਵਸ ਤੇ ਸਮਰਪਿਤ

ਭੇਂਟ ਕਰਤਾ : ਪੁਰਸ਼ੋਤਮ ਜੈਨ, ਰਵਿੰਦਰ ਜੈਨ (ਅਨੁਵਾਦਕ)

# ਅਨੁਵਾਦਕਾਂ ਵੱਲੋਂ

ਜੈਨ ਧਰਮ ਦੀ ਸ਼ਵੇਤਾਂਵਰ ਮਾਨਤਾ ਅਨੁਸਾਰ ਵਰਤਮਾਨ ਸਮੇਂ ਵਿੱਚ 45 ਆਗਮ ਪ੍ਰਾਪਤ ਹੁੰਦੇ ਹਨ। ਜਿਹਨਾਂ ਵਿੱਚੋ 11 ਅੰਗ ਅਤੇ 12 ਉਪੰਗ ਪ੍ਰਮੁੱਖ ਹਨ, 12ਵਾਂ ਅੰਗ ਦ੍ਰਿਸ਼ਟੀਵਾਦ ਸੀ। ਜਿਸ ਦੇ ਵਿੱਚ 14 ਪੂਰਵਾਂ ਦਾ ਵਿਸ਼ਾਲ ਗਿਆਨ ਸੀ ਉਹ ਸਮਾਪਤ ਹੋ ਚੁੱਕਾ ਹੈ। ਵਰਤਮਾਨ ਆਗਮ 5ਵੀਂ ਵਾਚਨਾ ਦਾ ਸਿੱਟਾ ਹਨ। ਜੋ ਮਹਾਵੀਰ ਸਮੰਤ 980 ਨੂੰ ਗੁਜਰਾਤ ਦੇ ਬਲਵੀ ਸ਼ਹਿਰ ਵਿੱਚ ਆਚਾਰਿਆ ਦੇਵਾ ਅਰਧੀਗਣੀ ਦੀ ਪ੍ਰਮੁੱਖਤਾ ਵਿੱਚ ਹੋਈ ਸੀ। ਇਸ ਵਿੱਚ 500 ਦੇ ਕਰੀਬ ਜੈਨ ਆਚਾਰਿਆਂ ਨੇ ਭਾਗ ਲਿਆ ਅਤੇ ਸਾਰਾ ਯਾਦ ਸਾਹਿਤ ਤਾੜ ਪੱਤਰਾਂ ਤੇ ਲਿਖਿਆ ਵਰਤਮਾਨ ਸਮੇਂ ਵਿੱਚ ਇਹੋ ਸਾਹਿਤ ਉਪਲਬੱਧ ਹੈ। ਨੰਦੀ ਸੂਤਰ ਵਿੱਚ ਜੈਨ ਸਾਹਿਤ ਬਾਰੇ ਵਿਸ਼ਾਲ ਚਰਚਾ ਕੀਤੀ ਗਈ ਹੈ, ਉਸ ਅਨੁਸਾਰ ਅੱਜ ਕੱਲ ਇੱਕ ਵੀ ਜੈਨ ਆਗਮ ਉਪਲਬੱਧ ਨਹੀਂ ਹੈ।

ਹੱਥ ਦਾ ਆਗਮ ਉਪਾਂਗ ਸ਼੍ਰੇਣੀ ਵਿੱਚ ਆਉਂਦਾ ਹੈ। ਇਸ ਵਿੱਚ ਪੰਜ ਉਪਾਂਗਾਂ ਦਾ ਸੰਗ੍ਰਹਿ ਕੀਤਾ ਗਿਆ ਹੈ। ਇਹ ਉਪਾਂਗ ਆਕਾਰ ਵਿੱਚ ਕਾਫੀ ਛੋਟੇ ਹਨ। ਪਰ ਇਤਿਹਾਸਕ, ਧਾਰਮਕ ਰਾਜਨੇਤਿਕ ਪੱਖੋਂ ਪ੍ਰਾਚੀਨ ਭਾਰਤ ਦੀ ਸੰਸਕ੍ਰਿਤੀ ਅਤੇ ਸਭਿਅਤਾ ਦਾ ਚਿੱਤਰ ਪੇਸ਼ ਕਰਦੇ ਹਨ। ਇਹਨਾਂ ਪੰਜ ਉਪਾਂਗਾਂ ਦੇ ਨਾਂ ਤੇ ਵਿਸ਼ੇ ਵਸਤੂ ਹਰ ਉਪਾਂਗ ਦੇ ਸ਼ੁਰੂ ਵਿੱਚ ਦੇ ਦਿੱਤੀ ਗਈ ਹੈ। ਕੋਸ਼ਿਸ਼ ਕੀਤੀ ਗਈ ਹੈ ਕਿ ਅਨੁਵਾਦ ਨੂੰ ਸ਼ਰਲ ਅਤੇ ਵਿਦਵਾਨਾ ਦੇ ਯੋਗ ਬਣਾਇਆ ਜਾਵੇ।

ਇਸ ਅਨੁਵਾਦ ਕਰਨ ਵਿੱਚ ਅਸੀਂ ਬਹੁਤ ਸਾਰੇ ਵਿਦਵਾਨਾ, ਆਚਾਰਿਆ, ਸਾਧੂਆਂ ਅਤੇ ਸਾਧਵੀਆਂ ਦੀ ਮਦਦ ਲਈ ਹੈ। ਜਿੱਥੇ ਕੀਤੇ

ਸ਼ਪਸਟ ਕਰਨ ਦੀ ਜ਼ਰੂਰਤ ਪਈ ਹੈ ਉੱਥੇ ਅਸੀਂ ਜੈਨ ਆਚਾਰਿਆ ਆਤਮਾ ਰਾਮ ਜੀ ਮਹਾਰਾਜ ਦੁਆਰ ਅਨੁਵਾਦਿਤ ਨਿਰਯਾਵਲੀਕਾ ਸੂਤਰ ਦੀ ਮਦਦ ਲਈ ਹੈ। ਇਸ ਤੋਂ ਛੁਟ ਸ਼੍ਰੀ ਚੰਦਰ ਸ਼ੂਰੀ ਰਚਿਤ ਸੰਸਕ੍ਰਿਤ ਵਿਰਤੀ ਦੀ ਮਦਦ ਵੀ ਲਈ ਹੈ। ਅਸੀਂ ਇਹਨਾਂ ਗ੍ਰੰਥਾ ਦੇ ਪ੍ਰਕਾਸ਼ਕਾਂ ਦੇ ਧੰਨਵਾਦੀ ਹਾਂ ਜਿਹਨਾਂ ਸਾਨੂੰ ਪੰਜਾਬੀ ਅਨੁਵਾਦ ਵਿੱਚ ਸਮੱਗਰੀ ਉਪਲਬੱਧ ਕਰਵਾਈ ਹੈ।

ਅਸੀਂ ਸ਼੍ਰੀ ਵਿਨੋਦ ਦਰਿਆਪੁਰ ਇੰਚਾਰਜ ਜੈਨ ਵਰਲਡ ਦੇ ਵੀ ਧੰਨਵਾਦੀ ਹਾਂ ਕਿ ਜਿਹਨਾਂ ਪੰਜਾਬੀ ਜੈਨ ਸਾਹਿਤ ਨੂੰ ਅਪਣੀ ਵੈਬ ਸਾਇਟ ਤੇ ਯੋਗ ਸਥਾਨ ਦਿਤਾ ਹੈ ਜਿਸ ਰਾਹੀਂ ਪੰਜਾਬੀ ਜੈਨ ਸਾਹਿਤ ਆਮ ਲੋਕਾਂ ਤੱਕ ਪਹੁੰਚ ਸਕਿਆ ਹੈ। ਅਸੀਂ ਸੁਨੀਲ ਦੇਸ਼ ਮਣੀ ਸ਼ੋਲਾਪੁਰ ਦੇ ਸਹਿਯੋਗ ਲਈ ਵੀ ਧੰਨਵਾਦੀ ਹਾਂ।

ਅਸੀਂ ਅਪਣੇ ਛੋਟੇ ਵੀਰ *ਸ਼੍ਰੀ ਮੁਹੰਮਦ ਸ਼ੱਬੀਰ (ਜ਼ੂਨੈਰ੍ਹਾ ਕੰਪਿਊਟਰਜ਼, ਮਾਲੇਰਕੋਟਲਾ)* ਦੇ ਵੀ ਧੰਨਵਾਦੀ ਹਾਂ ਜਿਹਨਾਂ ਅਪਣੇ ਵਿਸ਼ੇਸ਼ ਧਿਆਨ ਅਤੇ ਸਹਿਯੋਗ ਇਸ ਪ੍ਰਕਾਸ਼ਨ ਵਿੱਚ ਦਿੱਤਾ ਹੈ। ਅਸੀਂ ਅਨੁਵਾਦ ਅਤੇ ਪ੍ਰਕਾਸ਼ਨ ਸੰਬਧੀ ਗਲਤੀ ਲਈ ਵਿਦਵਾਨਾਂ ਤੋਂ ਖਿਮਾਯਾਚਕ ਹਾਂ। ਅਸੀਂ ਕੋਸ਼ਿਸ਼ ਕੀਤੀ ਹੈ ਕਿ ਅਨੁਵਾਦ ਜੈਨ ਆਗਮ ਅਨੁਸਾਰ ਹੀ ਮੂਲ ਪਾਠ ਨੂੰ ਛੋਹੰਦਾ ਹੋਵੇ।

ਆਸ਼ਿਰਵਾਦ:

ਸਾਨੂੰ ਪੰਜਾਬੀ ਜੈਨ ਸਾਹਿਤ ਲਈ ਆਚਾਰਿਆ ਸ਼੍ਰੀ ਆਨੰਦ ਰਿਸ਼ੀ ਜੀ, ਆਚਾਰਿਆ ਸ਼੍ਰੀ ਦੇਵੇਂਦਰ ਮੁਨੀ ਜੀ, ਆਚਾਰਿਆ ਸ਼੍ਰੀ ਸ਼ੁਸ਼ੀਲ ਕੁਮਾਰ ਜੀ, ਆਚਾਰਿਆ ਸ਼੍ਰੀ ਤੁਲਸੀ ਜੀ, ਆਚਾਰਿਆ ਸ਼੍ਰੀ ਮਹਾਂ ਪ੍ਰਗੀਆ ਜੀ, ਆਚਾਰਿਆ ਸ਼੍ਰੀ ਵਿਜੈਇੰਦਰ ਦਿਨ ਸ਼ੂਰੀ, ਆਚਾਰਿਆ ਸ਼੍ਰੀ ਨਿਤਿੱਆ ਨੰਦ ਸ਼ੂਰੀ ਜੀ ਅਤੇ ਸ਼੍ਰਮਣ ਸੰਘ ਦੇ ਚੋਥੇ ਆਚਾਰਿਆ ਡਾ: ਸ਼ਿਵ ਮੁਨੀ ਜੀ ਦੇ

ਆਸ਼ਿਰਵਾਦ ਪ੍ਰਾਪਤ ਰਹੇ ਹਨ। ਇਸ ਤੋਂ ਛੁਟ ਆਚਾਰਿਆ ਮਹਾਂ ਪ੍ਰਗੀਆ ਦੇ ਚੈਲੇ ਸਵਰਗੀ ਸ਼੍ਰੀ ਵਰਧਮਾਨ ਜੀ ਅਤੇ ਸ਼੍ਰੀ ਜੈ ਚੰਦ ਜੀ ਦੇ ਆਸ਼ਿਰਵਾਦ ਪ੍ਰਾਪਤ ਹਨ। ਸਾਧਵੀਆਂ ਵਿੱਚ ਪੰਜਾਬੀ ਜੈਨ ਸਾਹਿਤ ਪ੍ਰੇਰਕਾ ਜੈਨ ਜਯੋਤੀ ਉਪ ਪ੍ਰਵਰਤਨੀ ਸ਼੍ਰੀ ਸ਼ਵਰਨਕਾਂਤਾ ਜੀ ਮਹਾਰਾਜ ਅਤੇ ਆਚਾਰਿਆ ਸਾਧਵੀ ਡਾ: ਸਾਧਨਾ ਜੀ ਦੇ ਆਸ਼ਿਰਵਾਦ ਪ੍ਰਾਪਤ ਹਨ। ਆਸ ਕਰਦੇ ਹਾਂ ਕਿ ਭਵਿੱਖ ਵਿੱਚ ਵੀ ਇਹਨਾਂ ਦਾ ਆਸ਼ਿਰਵਾਦ ਬਣਿਆ ਰਹੇਗਾ।

## ਸਮਰਪਨ:

ਅਸੀਂ ਇਹ ਅਨੁਵਾਦ ਪੰਜਾਬੀ ਜੈਨ ਸਾਹਿਤ ਦੀ ਪ੍ਰੇਰਕਾ ਉਪ ਪ੍ਰਵਰਤਨੀ ਸ਼੍ਰੀ ਸ਼ਵਰਨਕਾਂਤਾ ਜੀ ਮਹਾਰਾਜ ਦੀ ਚੈਲੀ ਸ਼ਰਲ ਆਤਮਾ, ਮਹਾਨ ਤੱਪਸਵੀ ਸ਼੍ਰੀ ਸੁਧਾ ਜੀ ਮਹਾਰਾਜ ਦੇ ਕਰ ਕਮਲਾਂ ਵਿੱਚ ਸਮਰਪਿਤ ਕਰਦੇ ਹੋਏ ਬਹੁਤ ਹੀ ਖੁਸ਼ੀ ਮਹਿਸ਼ੂਸ ਕਰਦੇ ਹਾਂ। ਆਸ ਹੈ ਕਿ ਆਪ ਇਸ ਰਚਨਾ ਨੂੰ ਸਵਿਕਾਰ ਕਰੋਗੇ।

ਸ਼ੁਭ ਚਿੰਤਕ:

01/08/2007 — ਪੁਰਸ਼ੋਤਮ ਜੈਨ, ਰਵਿੰਦਰ ਜੈਨ

ਮੰਡੀ ਗੋਬਿੰਦਗੜ੍ਹ — ਅਨੁਵਾਦਕ

# ਨਿਰਯਾਵਲੀਕਾ ਸੂਤਰ

ਨਿਰਯਾਵਲੀਕਾ ਸੂਤਰ ਵਿੱਚ ਨਰਕ ਨੂੰ ਪ੍ਰਾਪਤ ਜੀਵਾਂ ਦਾ ਵਰਨਣ ਹੈ। ਇੱਕ ਸਮੇਂ ਭਗਵਾਨ ਮਹਾਵੀਰ ਚੰਪਾ ਨਗਰੀ ਪਧਾਰੇ। ਉਸ ਸਮੇਂ ਚੰਪਾ ਦਾ ਰਾਜਾ ਕੋਣਿਕ ਅਜਾਤ ਸਤਰੂ ਸੀ, ਉਸ ਦੀ ਰਾਣੀ ਦਾ ਨਾਂ ਪਦਮਾਵਤੀ ਸੀ। ਇਸ ਅਧਿਐਨ ਵਿੱਚ ਇੱਕ ਇਤਿਹਾਸਕ ਯੁੱਧ ਦਾ ਵਰਨਣ ਹੈ। ਇਹ ਯੁੱਧ ਇਨਾਂ ਵਿਸ਼ਾਲ ਤੇ ਭਿਅੰਕਰ ਸੀ ਕਿ ਇਸ ਯੁੱਧ ਨੇ ਵਿਸ਼ਾਲੀ ਗਣਤੰਤਰ ਨੂੰ ਖੰਡਰਾਂ ਵਿੱਚ ਤਬਦੀਲ ਕਰ ਦਿਤਾ ਇਸ ਯੁੱਧ ਦਾ ਵਰਨਣ ਬੁੱਧ ਗ੍ਰੰਥਾ ਵਿੱਚ ਵੀ ਮਿਲਦਾ ਹੈ। ਇਸ ਯੁੱਧ ਵਿੱਚ ਇਕ ਪਾਸੇ ਰਾਜਾ ਸ਼੍ਰੇਣਿਕ ਬਿੰਬਸਾਰ ਦੇ ਛੋਟੇ ਪੁੱਤਰ ਵਿਹੱਲ ਕੁਮਾਰ, 18 ਗਣਰਾਜ ਦੇ ਰਾਜੀਆਂ ਦੀ ਸੈਨਾਵਾਂ ਅਤੇ ਗੰਣਤੰਤਰ ਪ੍ਰਮੁੱਖ ਰਾਜਾ ਚੇਟਕ ਸੀ। ਦੂਸਰੇ ਪਾਸੇ ਰਾਜਾ ਕੋਣਿਕ ਤੇ ਉਸ ਦੀ ਵਿਸ਼ਾਲ ਸੈਣਾ ਤੇ ਸਹਾਇਕ ਰਾਜੇ ਸਨ।

ਇਸ ਅਧਿਐਨ ਵਿੱਚ ਯੁੱਧ ਤੋਂ ਇਲਾਵਾ ਮਹਾਰਾਣੀ ਚੇਲਨਾ ਦੇ ਗਰਭ ਦੇ ਜੀਵ ਦੀ ਇੱਛਾ ਪੂਰਤੀ, ਸਿੱਟੇ ਵਜੋਂ ਰਾਣੀ ਚੇਲਨਾ ਦਾ ਪਛਤਾਵੇ ਦਾ ਇਤਹਾਸਕ ਵਰਨਣ ਹੈ। ਸਥਾਨਗ ਸੂਤਰ ਵਿੱਚ ਮਾਸ ਭੋਜਣ ਨੂੰ ਨਰਕ ਦਾ ਪਹਿਲਾ ਦਰਵਾਜਾ ਆਖਿਆ ਗਿਆ ਹੈ ਇਸ ਕਾਰਨ ਰਾਜ ਪਰਿਵਾਰ ਵਿੱਚ ਮਾਸ ਖਾਣ ਦਾ ਪ੍ਰਸ਼ਨ ਹੀ ਉਤਪੰਨ ਨਹੀਂ ਹੁੰਦਾ। ਮਹਾਰਾਣੀ ਚੇਲਨਾ ਤੇ ਰਾਜ ਪਰਿਵਾਰ ਅਹਿੰਸਾ ਦੇ ਸਿਧਾਂਤ ਤੇ ਵਿਸ਼ਵਾਸ ਰੱਖਦਾ ਸੀ। ਇਹ ਮਾਸ ਭੋਜਣ ਮਜ਼ਬੂਰੀ ਵੱਸ ਲਿਆ ਫੈਸਲਾ ਸੀ ਕਿਉਂਕਿ ਮਾਤਾ ਦੇ ਗਰਭ ਦੇ ਜੀਵ ਦੀ ਇਹ ਇੱਛਾ ਸੀ ਸੋ ਉਸ ਦੀ ਪੂਰਤੀ ਲਈ ਮੰਤਰੀ ਅਭੈ ਕੁਮਾਰ ਨੇ ਅਪਣੀ ਬੁੱਧੀ ਨਾਲ ਕਸਾਈ ਦੀ ਦੁਕਾਨ ਤੋਂ ਮਾਸ ਲਿਆ ਕੇ ਰਾਜੇ ਦੇ ਸਿਨੇ ਨਾਲ ਬੰਨਿਆ ਅਤੇ ਅਪਣੀ ਹੀ ਛੁਰੀ ਨਾਲ ਉਸ ਮਾਸ ਦੀ ਚੀਰ ਫਾੜ ਕਰਕੇ ਰਾਜ ਮਾਤਾ ਦੇ ਗਰਭ ਦੇ ਜੀਵ ਦੀ ਇੱਛਾ ਪੂਰਤੀ ਕੀਤੀ। ਇਸ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਪਾਪੀ ਜੀਵ ਦੇ ਲੱਛਣ ਮਾਂ ਦੇ ਗਰਭ ਤੋਂ ਵੀ ਪਹਿਲਾਂ ਹੀ ਸ਼ੁਰੂ ਹੋ ਜਾਂਦੇ ਹਨ।

ਜਿਸ ਤਰ੍ਹਾਂ ਕਿ ਰਾਜਾ ਕੋਣਿਕ ਦੇ ਜੀਵਨ ਤੋਂ ਸਿੱਧ ਹੁੰਦਾ ਹੈ। ਰਾਣੀ ਚੇਲਨਾ ਨੇ ਪਹਿਲਾਂ ਇਸ ਗਰਭ ਨੂੰ ਭਿੰਨ ਭਿੰਨ ਤਰੀਕੇ ਨਾਲ ਖਤਮ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਅਸਫਲ ਰਹੀ। ਫਿਰ ਉਸ ਨੇ ਦਾਸੀਆਂ ਤੋਂ ਇਹ ਜੀਵ ਨੂੰ ਰੂੜੀ ਪਰ ਸੁੱਟਵਾ ਦਿਤਾ। ਪਰ ਰਾਜਾ ਸ਼੍ਰੇਣਿਕ ਨੂੰ ਰਾਣੀ ਦੇ ਇਸ ਪਾਪ ਦਾ ਪਤਾ ਲੱਗ ਗਿਆ ਉਸ ਨੇ ਰਾਜਕੁਮਾਰ ਨੂੰ ਰੂੜੀ ਤੋਂ ਚੁੱਕਵਾ ਕੇ ਅਪਣੀ ਗੋਦੀ ਵਿੱਚ ਲਿਆ। ਰਾਣੀ ਨੂੰ ਅਜਿਹਾ ਪਾਪ ਕਰਨ ਤੇ ਲਾਨਤ ਪਾਈ।

ਇਸ ਅਧਿਐਨ ਵਿੱਚ ਰਾਜਾ ਕੋਣਿਕ ਦਾ ਜਨਮ ਪਿਤਾ ਨੂੰ ਕੈਦ ਕਰਕੇ ਰਾਜ ਹੱਥੀਆਉਣ ਅਤੇ ਰਾਜਾ ਸ਼੍ਰੇਣਿਕ ਦੀ ਮੌਤ ਦਾ ਇਤਿਹਾਸਕ ਵਰਨਣ ਹੈ। ਇਸ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਪਾਪੀ ਜੀਵ ਦੇ ਪ੍ਰਗਟ ਹੋਣ ਨਾਲ ਪਰਿਵਾਰ, ਸਮਾਜ ਤੇ ਦੇਸ਼ ਨੂੰ ਭਿਅੰਕਰ ਕਸ਼ਟ ਝੱਲਣਾ ਪੈਂਦਾ ਹੈ। ਇਸ ਅਧਿਐਨ ਵਿੱਚ ਵੈਸ਼ਾਲੀ ਯੁੱਧ ਦਾ ਕਾਰਨ ਸੇਚਨਕ ਹਾਥੀ ਅਤੇ 14 ਲੜੀਆਂ ਵਾਲਾ ਹਾਰ ਜੋ ਕੋਣਿਕ ਤੇ ਉਸ ਦੀ ਪਤਨੀ ਦੀ ਭੈੜੀ ਲਾਲਸਾ ਨੂੰ ਦਰਸ਼ਾਉਂਦਾ ਹੈ।

ਇਸ ਅਧਿਐਨ ਵਿੱਚ ਜੋ ਸੈਨਿਕਾਂ ਦੀ ਸੰਖਿਆ ਜੋ ਕਰੋੜ ਆਖੀ ਗਈ ਹੈ ਉਸ ਦਾ ਅਰਥ ਕਰੋੜ ਨਹੀਂ ਸਮਝਣਾ ਚਾਹੀਦਾ ਸਗੋਂ ਇਹ ਇੱਕ ਸੰਖਿਆ ਵਿਸ਼ੇਸ ਹੈ, ਸ਼ਾਸਤਰ ਵਿੱਚ ਕੋੜੀ ਸ਼ਬਦ ਆਇਆ ਹੈ। ਕੋੜੀ ਦਾ ਅਰਥ ਵਰਤਮਾਨ ਕਾਲ ਵਿੱਚ ਵੀਹ (20) ਤੋਂ ਲਿਆ ਗਿਆ ਹੈ। ਕਿਉਂਕਿ ਜੇ ਕਰੋੜ ਦਾ ਭਾਵ ਕਰੋੜ ਲਿਆ ਜਾਵੇ ਤਾਂ ਇਤਨੀ ਸੈਨਾ ਲੜਨਾ ਤਾਂ ਕੀ ਉਸ ਮੈਦਾਨ ਵਿੱਚ ਖੜ੍ਹ ਵੀ ਨਹੀਂ ਸਕਦੀ।

# ਉਪਾਂਗ (ਪਹਿਲਾ)

ਉਸ ਕਾਲ, ਉਸ ਸਮੇਂ ਰਾਜਗ੍ਰਹਿ[1] ਨਾਂ ਦਾ ਨਗਰ ਸੀ ਜੋ ਰਿਧੀਆ ਸਿਧੀਆ ਨਾਲ ਭਰਪੂਰ ਸੀ। ਉਸ ਸ਼ਹਿਰ ਦੇ ਉੱਤਰ ਵੱਲ ਗੁਣਸ਼ੀਲ ਨਾਂ ਦਾ ਚੇਤਯ[2] ਸੀ। ਇਸ ਦਾ ਵਰਨਣ ਉਪਾਪਾਤੀਕ ਸੂਤਰ ਵਿਚੋਂ ਵੇਖ ਲੈਣਾ ਚਾਹਿਦਾ ਹੈ। ਉਸ ਚੇਤਯ ਵਿੱਚ ਬਹੁਤ ਸਾਰੇ ਅਸ਼ੋਕ[3] ਦੇ ਦਰੱਖਤ ਸਨ ਉਸ ਹੇਠਾ ਇਕ ਸ਼ਿਲਾਪਟ[4] ਸੀ (ਉਸ ਦਾ ਵਰਨਣ ਵੀ ਉਪਾਪਾਤੀਕ ਸੂਤਰ ਦੀ ਤਰ੍ਹਾਂ ਹੈ)॥1॥

ਉਸ ਕਾਲ ਸਮੇਂ ਸ੍ਰਮਣ ਭਗਵਾਨ ਮਹਾਵੀਰ ਦੇ ਸ਼ਿਸ ਆਰਿਆ ਸੁਧਰਮਾ ਸਵਾਮੀ, ਜੋ ਕਿ ਉੱਚ ਕੁਲ ਨਾਲ ਸੰਬੰਧ ਰਖਦੇ ਸਨ ਕੇਸ਼ੀ ਮੁਨੀ ਦੀ ਤਰ੍ਹਾਂ 500 ਸਾਧੂਆਂ ਧਰਮ ਪ੍ਰਚਾਰ ਕਰਦੇ ਹੋਏ। ਉਸ ਰਾਜਗ੍ਰਹਿ ਨਗਰ ਵਿੱਚ ਪੁੱਜੇ। ਉੱਥੇ ਸਥਾਨ ਗ੍ਰਹਿਣ ਕਰਕੇ ਆਤਮਾ ਨੂੰ ਤੱਪ ਨਾਲ ਚਮਕਾਉਣ ਲੱਗੇ।

ਉਸ ਸ਼ਹਿਰ ਵਿਚੋਂ ਸੁਨਣ ਵਾਲੀ ਪਰਿਸ਼ਧ ਬਾਹਰ ਨਿਕਲੀ ਆਰਿਆ ਸੁਧਰਮਾ ਸਵਾਮੀ ਨੇ ਧਰਮ ਉਪਦੇਸ਼ ਕੀਤਾ। ਪਰਿਸ਼ਧ (ਧਰਮ ਸਭਾ) ਉਪਦੇਸ਼ ਸੁਣ ਕੇ ਵਾਪਸ ਚਲੀ ਗਈ।॥2॥

ਉਸ ਕਾਲ ਉਸ ਸਮੇਂ ਆਰਿਆ ਸੁਧਰਮਾ ਸਵਾਮੀ ਦੇ ਸ਼ਿਸ ਆਰਿਆ ਜੰਬੂ ਨਾਮਕ ਮੁਨੀ (ਅਨਗਾਰ) ਜੋ ਸਮਚਤੁਰ ਸੰਸਥਾਨ ਸ਼ਰੀਰ ਦੇ ਧਨੀ ਸਨ। ਉਹ ਤੇਜੋ ਲੇਸਿਆ ਦੇ ਜਾਣਕਾਰ ਸਨ। ਅਜਿਹੇ ਆਰਿਆ ਸੁਧਰਮਾ ਅਨਗਾਰ ਨਾਂ ਬਹੁਤ ਦੂਰ ਨਾ ਨਜ਼ਦੀਕ ਉਚਿਤ ਸਥਾਨ ਨੂੰ ਗ੍ਰਹਿਣ ਕਰਕੇ ਘੁਮਦੇ ਸਨ।॥3॥

ਉਸ ਤੋਂ ਬਾਅਦ ਆਰਿਆ ਜੰਬੂ ਸਵਾਮੀ ਜੀ ਦੇ ਮਨ ਵਿੱਚ ਤੱਤਵ ਨੂੰ ਜਾਨਣ ਦੀ ਇੱਛਾ ਹੋਈ, ਉਹ ਗੁਰੂ ਭਗਤੀ ਵਿੱਚ ਰੰਗੇ ਹੋਏ, ਇਸ ਪ੍ਰਕਾਰ ਆਖਣ ਲੱਗੇ; "ਹੇ ਭਗਵਾਨ! ਮੁਕਤੀ ਨੂੰ ਪ੍ਰਾਪਤ ਹੋਏ ਉਪਾਗਾਂ ਦਾ ਵਿਸ਼ਾ ਭਗਵਾਨ ਮਹਾਵੀਰ ਨੇ ਕਿਸ ਪ੍ਰਕਾਰ ਪ੍ਰਗਟ ਕੀਤਾ ਹੈ?"

ਸ਼੍ਰੀ ਸੁਧਰਮਾ ਸਵਾਮੀ ਆਖਣ ਲੱਗੇ ਹੇ ਜੰਬੂ! ਮੁਕਤੀ ਨੂੰ ਪ੍ਰਾਪਤ ਹੋਏ ਭਗਵਾਨ ਮਹਾਵੀਰ ਨੇ ਉਪਾਗਾਂ ਦੇ ਪੰਜ ਵਰਗਾਂ ਬਾਰੇ ਫਰਮਾਇਆ ਹੈ। ਜਿਵੇਂ (1). ਨਿਰਯਾਵਲੀਕਾ (2). ਕਲਪਾਵੰਤਸਿਕਾ (3). ਪੁਸ਼ਪਿਕਾ (4). ਪੁਸ਼ਪਚੁਲਿਕਾ (5). ਵਰਿਸ਼ਨੀਦਸ਼ਾ। ॥4॥

ਆਰਿਆ ਜੰਬੂ ਸਵਾਮੀ ਨੂੰ ਪ੍ਰਸ਼ਨ ਕਰਦੇ ਹਨ, "ਹੇ ਭਗਵਾਨ! ਜੋ ਮੁਕਤੀ ਨੂੰ ਪ੍ਰਾਪਤ ਹੋਏ ਭਗਵਾਨ ਨੇ ਉਪਾਗਾਂ ਦੇ ਪੰਜ ਵਰਗ ਨਿਰਯਾਵਲੀਕਾ ਤੋਂ ਵਰਿਸ਼ਨੀਦਸ਼ਾ ਤੱਕ ਆਖੇ ਹਨ, ਤਾਂ ਪਹਿਲੇ ਨਿਰਯਵਲਿਕਾ ਉਪਾਗਾਂ ਦੇ ਮੁਕਤੀ ਨੂੰ ਪ੍ਰਾਪਤ ਹੋਏ ਭਗਵਾਨ ਮਹਾਵੀਰ ਨੂੰ ਕਿੰਨੇ ਅਧਿਐਨ ਫਰਮਾਏ ਹਨ?"

ਇਹ ਆਖਣ ਤੇ ਸੁਧਰਮਾ ਸਵਾਮੀ ਆਖਣ ਲੱਗੇ, "ਹੇ ਜੰਬੂ! ਮੁਕਤੀ ਨੂੰ ਪ੍ਰਾਪਤ ਹੋਏ ਸ੍ਰਮਣ ਭਗਵਾਨ ਮਹਾਵੀਰ ਨੇ ਪਹਿਲੇ ਉਪਾਗ ਨਿਰਯਵਲਿਕਾ ਦੇ ਦੱਸ ਅਧਿਐਨ ਪ੍ਰਗਟ ਕੀਤੇ ਹਨ ਉਨ੍ਹਾਂ ਦੇ ਨਾਂਉ ਇਸ ਪ੍ਰਕਾਰ ਹਨ:"

1. ਕਾਲ, 2. ਸ਼ੁਕਾਲ, 3. ਮਹਾਕਾਲ, 4. ਕ੍ਰਿਸ਼ਨ, 5. ਸੁਕ੍ਰਿਸ਼ਨ, 6. ਮਹਾ ਕ੍ਰਿਸ਼ਨ, 7. ਵੀਰ ਕ੍ਰਿਸ਼ਨ, 8. ਰਾਮ ਕ੍ਰਿਸ਼ਨ, 9. ਪਿਤਰਸੇਨ ਕ੍ਰਿਸ਼ਨ, 10. ਮਹਾਸੇਨ ਕ੍ਰਿਸ਼ਨ ॥5॥

ਜੇ ਮੁਕਤੀ ਨੂੰ ਪ੍ਰਾਪਤ ਹੋਏ ਭਗਵਾਨ ਮਹਾਵੀਰ ਨੇ ਪਹਿਲੇ ਵਰਗ ਨਿਰਯਵਲਿਕਾ ਦੇ ਦਸ ਅਧਿਐਨ ਪ੍ਰਗਟ ਕੀਤੇ ਹਨ ਤਾਂ ਨਿਰਯਾਵਲੀਕਾ ਸੂਤਰ ਦੇ ਪਹਿਲੇ ਅਧਿਐਨ ਦਾ ਮੁਕਤੀ ਨੂੰ ਪ੍ਰਾਪਤ ਹੋਏ ਦਾ ਕੀ ਅਰਥ ਪ੍ਰਗਟ ਕੀਤਾ ਹੈ।

ਇਸ ਪ੍ਰਕਾਰ ਹੇ ਜੰਬੂ! ਉਸ ਕਾਲ, ਉਸ ਸਮੇਂ ਇਸ ਜੰਬੂ ਦੀਪ ਵਿੱਚ ਭਾਰਤ ਵਰਸ਼ ਨਾਂ ਦਾ ਦੀਪ ਸੀ ਉਸ ਵਿੱਚ ਰਿਧੀਆਂ ਸਿਧੀਆਂ ਨਾਲ ਭਰਪੂਰ ਚੰਪਾ ਨਾਂ ਦੀ ਨਗਰੀ ਸੀ ਜੋ ਭਵਨਾ ਵਾਲੀ ਭੈ ਰਹਿਤ ਸੀ, ਉਥੇ ਪੂਰਨਭਦਰ ਨਾਂ ਦਾ ਚੇਤਯ (ਬਗੀਚਾ) ਸੀ। ॥6॥

ਇਸ ਚੰਪਾ ਨਗਰੀ ਵਿੱਚ ਸ਼੍ਰੇਣਿਕ (ਬਿੰਬਸਾਰ) ਨਾਂ ਦਾ ਰਾਜਾ ਤੇ ਚੇਲਨਾ ਨਾਂ ਦੀ ਮਹਾਰਾਨੀ ਦਾ ਪੁਤਰ ਕੋਣਿਕ[5] ਰਾਜਾ, ਰਾਜ ਕਰਦਾ ਸੀ। ਉਹ ਬੜਾ ਮਹਾਨ ਰਾਜਾ ਸੀ।॥7॥

ਉਸ ਕੋਣਿਕ ਰਾਜੇ ਦੇ ਪਦਮਾਵਤੀ ਨਾਂ ਦੀ ਮਹਾਰਾਣੀ ਸੀ। ਉਹ ਕੋਮਲ ਅੰਗਾ ਵਾਲੀ ਸੀ। ਉਸ ਨਗਰੀ ਚੰਪਾ ਵਿੱਚ ਸ਼੍ਰੇਣਿਕ ਰਾਜਾ ਦੀ ਰਾਨੀ ਅਤੇ ਕੋਣਿਕ ਰਾਜਾ ਦੀ ਛੋਟੀ ਮਾਤਾ ਕਾਲੀ ਦੇਵੀ ਸੀ ਉਹ ਕੋਮਲ ਅਤੇ ਸੁੰਦਰ ਸੀ ਉਸ ਕਾਲੀ ਨਾਂ ਦੀ ਦੇਵੀ ਦੇ ਕਾਲ ਨਾਉਂ ਦਾ ਕੁਮਾਰ ਸੀ ਜੋ ਕੋਮਲ ਤੇ ਰੂਪਵਾਨ ਸੀ।॥8-9॥

ਇਸ ਤੋਂ ਬਾਅਦ ਉਹ ਕਾਲ ਕੁਮਾਰ ਕਿਸੇ ਸਮੇਂ ਤਿੰਨ ਹਜਾਰ ਹਾਥੀਆਂ, ਤਿੰਨ ਹਜਾਰ ਰੱਥਾਂ, ਤਿੰਨ ਹਜਾਰ ਘੋੜਿਆਂ ਤੇ ਤਿੰਨ ਕਰੋੜ ਮੱਨੁਖਾਂ ਨਾਲ ਗੱਰੜ ਵਯੂ ਬਣਾ ਕੇ ਰਾਜ ਦੇ ਗਿਆਰਵੇਂ ਭਾਗ ਨੂੰ ਲੈਕੇ ਕੋਣਿਕ ਰਾਜਾ ਨਾਲ ਰੱਥ ਮੁਸਲ ਸੰਗਰਾਮ ਵਿਚ ਆ ਗਿਆ। ॥10॥

ਇਸ ਤੋਂ ਬਾਅਦ ਉਹ ਕਾਲੀ ਦੇਵੀ ਮਹਾਰਾਨੀ ਸਵੇਰ ਵੇਲੇ ਜਾਗਦੀ ਆਪਣੇ ਪੁੱਤਰ ਵਾਰੇ ਸੋਚਣ ਲਗੀ ਕਿ ਮੇਰਾ ਪੁੱਤਰ ਮਹਾਰਾਜਾ ਚੇਟਕ ਨਾਲ ਮਿਲ ਕੇ ਯੁੱਧ ਕਰ ਰਿਹਾ ਹੈ। ਕਿ ਉਹ ਜਿਉਂਦਾ ਵੀ ਹੈ, ਜਾਂ ਕਿ ਮਰ ਗਿਆ ਹੈ? ਉਹ ਲੜਾਈ ਵਿੱਚ ਜਿੱਤੇਗਾ? ਮੈਂ ਉਸ ਰਾਜਕੁਮਾਰ ਨੂੰ ਵੇਖ ਸਕਾਂਗੀ?" ਇਸ ਪ੍ਰਕਾਰ ਵਿਚਾਰ ਕਰਦੀ ਹੋਈ ਉਹ ਦੁਖਾਂ ਵਿੱਚ ਡੁੱਬ ਗਈ।॥11॥

ਉਸ ਕਾਲ ਸਮੇਂ ਸ਼੍ਰਮਣ ਭਗਵਾਨ ਮਹਾਵੀਰ ਉਸ ਸ਼ਹਿਰ ਵਿੱਚ ਧਰਮ ਪ੍ਰਚਾਰ ਕਰਦੇ ਹੋਏ ਪਹੁੰਚੇ। ਪਰਿਸ਼ਧ[6] ਉਪਦੇਸ਼ ਸੁਣ ਕੇ ਵਾਪਸ ਮੁੜ ਗਈ।॥12॥

ਉਸ ਤੋਂ ਬਾਅਦ ਮਹਾਰਾਨੀ ਕਾਲੀ ਦੇ ਮਨ ਵਿੱਚ ਭਗਵਾਨ ਮਹਾਵੀਰ ਦੇ ਆਉਣ ਦੀ ਖਬਰ ਸੁਣ ਕੇ ਬਹੁਤ ਪ੍ਰਸਨਤਾ ਹੋਈ। ਉਸ ਸੋਚਣ ਲੱਗੀ ਨਿਸ਼ੱਚੈ ਹੀ ਭਗਵਾਨ ਮਹਾਵੀਰ ਆਪਣੀ ਧਰਮ ਯਾਤਰਾ ਕਰਦੇ ਚੰਪਾ ਨਗਰੀ ਦੇ ਬਾਹਰ ਪੂਰਨਭੱਦਰ ਨਾਂ ਦੇ ਚੇਤਯ ਵਿੱਚ ਪਧਾਰੇ ਹਨ। ਜੇ ਉਹਨਾਂ ਦਾ ਨਾਂ ਸੁਨਣ ਨਾਲ ਹੀ

ਮਹਾਂ ਫੱਲ ਦੀ ਪ੍ਰਾਪਤੀ ਹੁੰਦੀ ਹੈ ਤਾਂ ਫਿਰ ਦਰਸ਼ਨ ਤੇ ਉਪਦੇਸ਼ ਦਾ ਮਹਾਨ ਫੱਲ ਤਾਂ ਵਿਆਖਿਆ ਤੋਂ ਬਾਹਰ ਹੈ। ਇਸ ਲਈ ਮੈਂ ਸ਼੍ਰਮਣ ਭਗਵਾਨ ਮਹਾਵੀਰ ਪਾਸ ਜਾ ਕੇ ਉਨਾਂ ਦੀ ਉਪਾਸਨਾਂ ਕਰਾ ਮਨ ਵਿੱਚ ਉੱਠ ਰਹੇ ਪ੍ਰਸ਼ਨਾ ਬਾਰੇ ਪੁੱਛ ਗਿੱਛ ਕਰਾਂ। ਇਸ ਪ੍ਰਕਾਰ ਸੋਚ ਕੇ ਉਸ ਨੇ ਕੋਟੰਬਿਕ ਪੁਰਸ਼ (ਨੋਕਰ) ਨੂੰ ਹੁਕਮ ਦਿੱਤਾ 'ਹੇ ਦੇਵਾਨਪ੍ਰਿਯ (ਦੇਵਤਿਆਂ ਦਾ ਪਿਆਰ) ਛੇਤੀ ਹੀ ਧਾਰਮਿਕ ਸਵਾਰੀ ਤਿਆਰ ਕਰੋ, ਉਸ ਪੁਰਸ਼ ਨੇ ਮਹਾਰਾਣੀ ਦੇ ਹੁਕਮ ਅਨੁਸਾਰ ਕੰਮ ਕਰਕੇ, ਹੁਕਮ ਪੂਰਾ ਹੋਣ ਦੀ ਸੂਚਨਾ ਦਿੱਤੀ। ॥13॥

ਉਸ ਤੋਂ ਬਾਅਦ ਉਸ ਕਾਲੀ ਦੇਵੀ ਇਸ਼ਨਾਨ ਕੀਤਾ, ਕ੍ਰਿਤਬਲੀ ਕਰਮ (ਸਵੇਰੇ ਸਮੇਂ ਪਸ਼ੂ ਪੰਛੀਆਂ ਖਾਣ ਯੋਗ ਪਦਾਰਥ ਦੇਣਾ) ਕੀਤਾ। ਕੀਮਤੀ ਪਰ ਥੋੜੀ ਗਿਣਤੀ ਵਿੱਚ ਗਹਿਣੇ ਧਾਰਨ ਕੀਤੇ ਫੇਰ ਬਹੁਤ ਸਾਰੀਆਂ ਦਾਸੀਆਂ ਨੂੰ ਨਾਲ ਲੈ ਕੇ ਘਰੋਂ ਬਾਹਰ ਨਿਕਲੀ। ਬਾਹਰ ਆ ਕੇ ਜਿੱਥੇ ਸਭਾ ਭਵਨ ਸੀ, ਉਥੋਂ ਸਵਾਰੀ ਰੱਥ ਤੇ ਚੜ੍ਹੀ ਅਤੇ ਸਵਾਰੀ ਵਿਚ ਦਾਸੀਆਂ ਨਾਲ ਘਿਰੀ ਹੋਈ, ਚੰਪਾ ਨਗਰੀ ਦੇ ਦਰਮਿਆਨ ਹੁੰਦੀ ਹੋਈ, ਉੱਥੇ ਪਹੁੰਚੀ ਜਿਥੇ ਪੂਰਨਭਦਰ ਨਾਂ ਦੇ ਯਕਸ਼ ਦਾ ਚੇਤਯ ਸੀ। ਉੱਥੇ ਭਗਵਾਨ ਦੇ ਛੱਤਰ ਆਦਿ ਅਤਿਸ਼ੈ ਨੂੰ ਦੇਖਿਆ। ਆਪਣੀ ਸਵਾਰੀ ਰੋਕ ਕੇ ਹੇਠਾਂ ਉੱਤਰੀ, ਉੱਤਰ ਕੇ ਬਹੁਤ ਸਾਰੀਆਂ ਕੁਬਜਾਂ ਦਾਸੀਆਂ ਨਾਲ ਘਿਰੀ ਹੋਈ ਸ਼੍ਰਮਣ ਭਗਵਾਨ ਮਹਾਵੀਰ ਕੋਲ ਪੁੱਜੀ। ਸ਼੍ਰਮਣ ਭਗਵਾਨ ਮਹਾਵੀਰ ਨੂੰ ਤਿੰਨ ਵਾਰ ਨਮਸਕਾਰ ਕੀਤਾ। ਨਮਸਕਾਰ ਕਰਕੇ ਉਹ ਦਾਸੀਆਂ ਦੇ ਪਰਿਵਾਰ ਸਮੇਤ ਧਰਮ ਉਪਦੇਸ਼ ਸੁਨਣ ਇੱਛਾ ਕਰਦੀ ਹੋਈ, ਨਮਸਕਾਰ ਕਰਦੀ ਹੋਈ ਭਗਵਾਨ ਦੇ ਸਾਮਣੇ ਦੋਹੇ ਹੱਥ ਜੋੜ ਕੇ ਉਪਾਸਨਾ ਕਰਨ ਲੱਗੀ। ॥14॥

ਉਸ ਤੋਂ ਬਾਅਦ ਸ਼੍ਰਮਣ ਭਗਵਾਨ ਮਹਾਵੀਰ ਨੇ ਉਸ ਮਹਾਰਾਣੀ ਕਾਲੀ ਅਤੇ ਪਰਸ਼ਿਧ ਨੂੰ ਧਰਮ ਕਥਾ ਆਖੀ ਜਿਸ ਨੂੰ ਸੁਣਕੇ, ਸ਼੍ਰਮਣਾ ਦੇ ਉਪਾਸਕ ਤੇ ਉਪਾਸਿਕਾਵਾਂ ਧਰਮ ਆਗਿਆ ਪਾਲਨ ਕਰਦੇ ਹਨ। ॥15॥

ਇਸ ਤੋਂ ਬਾਅਦ ਉਸ ਕਾਲੀ ਦੇਵੀ ਨੇ ਸ਼੍ਰਮਣ ਭਗਵਾਨ ਮਹਾਵੀਰ ਪਾਸੋਂ ਧਰਮ ਧਾਰਨ ਕਰਕੇ ਦਿਲੀ ਖੁਸ਼ੀ ਪ੍ਰਗਟ ਹੋਈ। ਸ਼੍ਰਮਣ ਭਗਵਾਨ ਮਹਾਵੀਰ ਨੂੰ ਤਿੰਨ ਬਾਰ ਬੰਦਨਾ ਨਮਸਕਾਰ ਕਰਕੇ ਇਸ ਪ੍ਰਕਾਰ ਆਖਣ ਲਗੀ, "ਹੇ ਭਗਵਾਨ! ਮੇਰਾ ਪੁੱਤਰ ਕਾਲ ਕੁਮਾਰ ਤਿੰਨ ਹਜ਼ਾਰ ਹਾਥੀਆਂ ਦੀ ਵਿਸ਼ਾਲ ਸੈਨਾ ਨਾਲ ਰੱਥ ਮੁਸਲ ਨਾਂ ਦੀ ਲੜਾਈ ਵਿਚ ਆ ਚੁੱਕਾ ਹੈ। ਹੇ ਭਗਵਾਨ! ਕਿ ਉਹ ਜਿੱਤ ਹਾਸਲ ਕਰੇਗਾ? ਕੀ ਮੈਂ ਉਸ ਨੂੰ ਜਿਉਂਦਾ ਵੇਖ ਸਕਾਂਗੀ?"

ਸ਼੍ਰਮਣ ਭਗਵਾਨ ਮਹਾਵੀਰ ਨੇ ਉੱਤਰ ਦਿੱਤਾ, "ਹੇ ਕਾਲੀ! ਤੇਰਾ ਪੁੱਤਰ ਤਿੰਨ ਹਜਾਰ ਦੀ ਵਿਸ਼ਾਲ ਫੌਜ਼ ਨਾਲ ਕੋਣਿਕ (ਅਜ਼ਾਤ ਸ਼ਤਰੂ) ਰਾਜਾ ਨਾਲ ਰਥਮੂਸਲ ਸੰਗਰਾਮ ਵਿਚ ਯੁੱਧ ਕਰਦਾ ਹੋਇਆ, ਆਪਣੀ ਸੈਨਾ ਦੇ ਖਾਤਮੇ ਤੇ ਚਿੰਨ ਤੇ ਝੰਡੇ ਟੁੱਟ ਕੇ ਗਿਰ ਜਾਣ ਕਾਰਨ, ਹਰ ਪਾਸੇ ਤੋਂ ਬਹਾਦਰੀ ਨਾਲ ਉਹ ਆਪਣੇ ਰੱਥ ਤੇ ਚੱੜ ਕੇ ਚੇਟਕ ਰਾਜਾ ਦੇ ਸਾਹਮਣੇ ਆਇਆ। ਚੇਟਕ ਰਾਜਾ ਕਾਲ ਕੁਮਾਰ ਨੂੰ ਦੇਖ ਕੇ ਗੁੱਸਾ ਪ੍ਰਗਟ ਕਰਦਾ ਹੈ, ਦੰਦ ਪੀਸਦਾ ਹੋਇਆ ਧਨੁਸ਼ ਨੂੰ ਤਿਆਰ ਕਰਦਾ ਹੈ। ਧਨੁਸ਼ ਨੂੰ ਬਾਨ ਤੇ ਚੜ੍ਹਾ ਕੇ ਉਸ ਨੇ ਕੰਨ ਤੱਕ ਖਿੱਚ ਕੇ ਕਾਲ ਕੁਮਾਰ ਨੂੰ ਇੱਕ ਵਾਰ ਵਿੱਚ ਇਸ ਤਰ੍ਹਾਂ ਮਾਰ ਦਿੰਦਾ ਹੈ। ਜਿਵੇਂ ਪੱਥਰ ਨੂੰ ਜਮੀਨ ਵਿੱਚ ਰੋੜ ਦਿੱਤਾ ਜਾਵੇ। ਇਸ ਲਈ ਹੇ ਕਾਲੀ! ਤੂੰ ਕਾਲ ਕੁਮਾਰ ਨੂੰ ਜਿਉਂਦਾ ਨਹੀਂ ਵੇਖ ਸਕੇਂਗੀ" ॥16॥

ਉਸ ਤੋਂ ਬਾਅਦ ਕਾਲੀ ਦੇਵੀ ਸ਼੍ਰਮਣ ਭਗਵਾਨ ਮਹਾਵੀਰ ਦੇ ਇਸ ਵਾਕ ਨੂੰ ਸੁਣ ਕੇ, ਹਿਰਦੇ ਵਿੱਚ ਧਾਰਨ ਕਰਕੇ, ਪੁੱਤਰ ਦੇ ਸ਼ੋਕ ਵਿੱਚ ਕੁਲਹਾੜੀ ਨਾ; ਕੱਟੀ ਚੰਪਕਲਤਾ ਵਾਂਗ ਬੇਹੋਸ਼ ਹੋ ਕੇ ਜ਼ਮੀਨ ਤੇ ਗਿਰ ਜਾਂਦੀ ਹੈ। ॥17॥

ਇਸ ਤੋਂ ਬਾਅਦ ਉਹ ਕਾਲੀ ਦੇਵੀ ਇੱਕ ਮਹੁਰਤ (48 ਮਿੰਟ) ਤੋਂ ਬਾਅਦ ਹੋਸ਼ ਵਿੱਚ ਆ ਕੇ ਦਾਸ਼ੀਆਂ ਦੀ ਸਹਾਇਤਾ ਨਾਲ ਖੜ੍ਹੀ ਹੋ ਕੇ ਉਹ ਸ਼੍ਰਮਣ ਭਗਵਾਨ ਮਹਾਵੀਰ ਨੂੰ ਨਮਸਕਾਰ ਕਰਕੇ ਆਖਦੀ ਹੈ, "ਹੇ ਭਗਵਾਨ! ਆਪ ਦਾ ਕਿਹਾ ਸੱਚ ਹੈ, ਯਥਾਰਥ ਹੈ, ਤੱਥ ਭਰਪੂਰ ਹੈ, ਸਾਫ ਤੇ ਸੱਪਸ਼ਟ ਹੈ" ਇਸ ਪ੍ਰਕਾਰ ਆਖ ਕੇ ਤੇ

ਸ਼੍ਰਮਣ ਭਗਵਾਨ ਮਹਾਵੀਰ ਨੂੰ ਨਮਸਕਾਰ ਕਰਕੇ, ਉਸੇ ਰੱਥ ਤੇ ਸਵਾਰ ਹੋ ਕੇ ਉਸੇ ਦਿਸ਼ਾ ਨੂੰ ਮੁੜ ਗਈ, ਜਿਥੋਂ ਉਹ ਆਈ ਸੀ। ॥18॥

"ਭਗਵਾਨ" ਇਸ ਤਰਾਂ ਸੰਭੋਧਨ ਕਰਕੇ ਗਨਧਰ ਇੰਦਰ ਭੂਤੀ ਗੋਤਮ ਪ੍ਰਭੂ ਭਗਵਾਨ ਮਹਾਵੀਰ ਨੂੰ ਨਮਸਕਾਰ ਕਰਦੇ ਹੋਏ ਪ੍ਰਸ਼ਨ ਕਰਦੇ ਹਨ, "ਹੇ ਪ੍ਰਭੂ! ਕਾਲ ਕੁਮਾਰ, ਤਿੰਨ ਹਜ਼ਾਰ ਹਾਥੀਆਂ ਨਾਲ ਘਿਰੇਆ ਹੋਇਆ ਰੱਥ ਮੁਸਲ ਸੰਗਰਾਮ ਵਿਚ, ਰਾਜਾ ਚੇਟਕ ਨਾਲ ਲੜਾਈ ਕਰਕੇ ਅਤੇ ਪੱਥਰ ਦੇ ਇਕ ਬਾਨ ਨਾਲ ਮਰਕੇ, ਕਾਲਗਾਮ ਕਾਲ ਕਰਕੇ ਕਿੱਥੇ ਗਿਆ, ਕਿੱਥੇ ਉਤਪੰਨ ਹੋਇਆ" ॥19॥

"ਹੇ ਗੋਤਮ" ਇਸ ਪ੍ਰਕਾਰ ਬੁਲਾਵਾ ਦੇ ਕੇ, ਭਗਵਾਨ ਮਹਾਵੀਰ ਗੋਤਮ ਪ੍ਰਤਿ ਇਸ ਪ੍ਰਕਾਰ ਫਰਮਾਉਣ ਲੱਗੇ "ਨਿਸਚੈ ਹੀ ਕਾਲ ਕੁਮਾਰ ਤਿੰਨ ਹਜਾਰ ਹਾਥੀਆਂ ਵਿੱਚ ਘਿਰਿਆ ਹੋਇਆ ਯੁੱਧ ਕਰਕੇ ਜੀਵਨ ਰਹਿਤ ਹੋ ਕੇ ਕਾਲ ਮਾਸ ਵਿੱਚ ਕਾਲ ਕਰਕੇ ਪੰਕਪ੍ਰਭਾ ਤੇ ਸਥਿਤ ਚੋਥੀ ਨਰਕ (ਹੇਮਾਭ) ਵਿੱਚ ਨਾਰਕੀ ਦੇ ਰੂਪ ਪੈਦਾ ਹੋਇਆ ਹੈ" ॥20॥

"ਹੇ ਭਗਵਾਨ" ਕਾਲ ਕੁਮਾਰ ਕਿਸ ਆਰੰਬ, ਕਿਸ ਸਮਾਰੰਬ, ਕਿਸ ਆਰਬ-ਸਮਾਰੰਬ, ਕਿਸ ਭੋਗ, ਕਿਸ ਸੰਭੋਗ, ਕਿਸ ਭੋਗ-ਸੰਭੋਗ ਕਾਰਨ ਸੀ ਅਸ਼ੁਭ ਕਰਮ ਦੇ ਭਾਰ ਕਾਰਣ ਕਾਲ ਮਾਸ ਵਿਚ ਹੀ ਕਾਲ ਕਰਕੇ ਚੋਥੀ ਪੰਕਪ੍ਰਭਾ ਪ੍ਰਿਥਵੀ ਵਿਚ ਨਾਰਕੀ ਰੂਪ ਵਿਚ ਪੈਦਾ ਹੋਇਆ? ॥21॥

ਇਸ ਪ੍ਰਕਾਰ ਉਸ ਕਾਲ, ਉਸ ਸਮੇਂ ਰਾਜਗ੍ਰਹਿ ਨਾਂ ਦੀ ਨਗਰੀ ਸੀ। ਜੋ ਵਿਸ਼ਾਲ ਭਵਨਾ, ਧਨ, ਅਨਾਜ ਨਾਲ ਭਰਪੂਰ, ਚੋਰ ਡਾਕੂਆਂ ਦੇ ਭੈ ਤੋਂ ਰਹਿਤ ਸੀ। ਉਥੇ ਸ਼੍ਰੇਣਿਕ ਨਾਂ ਦਾ ਰਾਜਾ ਰਾਜ ਕਰਦਾ ਸੀ। ਜੋ ਹਰ ਪੱਖੋਂ ਮਹਾਨ ਸੀ। ॥22॥

ਉਸ ਦੀ ਸੁੰਦਰ ਸੁਕੋਮਲ ਨੰਦਾ ਨਾਂ ਦੀ ਰਾਣੀ ਸੀ। ਜੋ ਪਿਛਲੇ ਜਨਮਾ ਦੇ ਸ਼ੁਭ ਕਰਮਾ ਕਰਕੇ ਸੁੱਖ ਭੋਗ ਰਹੀ ਸੀ। ਉਸ ਸ਼੍ਰੇਣਿਕ ਰਾਜਾ ਦੀ ਰਾਣੀ ਦੇ ਅਭੈ ਕੁਮਾਰ ਨਾਂ ਦਾ ਰਾਜਕੁਮਾਰ ਸੀ, ਜੋ ਸਾਮ, ਦੰਡ ਆਦਿ ਨੀਤੀਆਂ ਦਾ ਇਸ ਪ੍ਰਕਾਰ ਮਾਹਿਰ ਸੀ;

ਜਿਵੇਂ ਚਿਤ ਨਾਂ ਦਾ ਸਾਰਥੀ ਸਾਰੀ ਪ੍ਰਜਾ ਦਾ ਸਹਾਰਾ ਸੀ (ਉਸੇ ਪ੍ਰਕਾਰ ਅਭੈ ਕੁਮਾਰ ਸਾਰੀ ਪ੍ਰਜਾ ਦਾ ਸਹਾਰਾ ਸੀ) ॥23॥

ਉਸ ਸ਼੍ਰੇਣਿਕ ਰਾਜਾ ਦੇ ਚੇਲਨਾ ਦੇਵੀ ਨਾਂ ਦੀ ਮਹਾਰਾਣੀ ਸੀ ਜੋ ਸੁਕੋਮਲ ਸੀ। ਜੋ ਇਸਤਰੀ ਦੇ ਸੁੱਖ ਭੋਗਦੀ ਰਾਜਾ ਨਾਲ ਰਹਿ ਰਹੀ ਸੀ। ॥24॥

ਉਸ ਚੇਲਨਾ ਦੇਵੀ ਨੇ ਕਿਸੇ ਸਮੇਂ ਮਹਿਲਾਂ ਵਿੱਚ ਸੋਈ ਨੇ ਸ਼ੇਰ ਦਾ ਸੁਪਨਾ ਵੇਖਿਆ। ਸੁਪਨਾ ਵੇਖ ਕੇ ਉਹ ਜਾਗ ਪਈ। ਪ੍ਰਭਾਵਤੀ ਮਹਾਰਾਨੀ ਦੀ ਤਰ੍ਹਾਂ ਹੀ ਉਸ ਨੇ ਸੁਪਨੇ ਦਾ ਫੱਲ ਦਸਨ ਵਾਲੇਆ ਨੂੰ ਬੁਲਾਇਆ ਫੱਲ ਸੁਣ ਕੇ ਸੁਪਨ ਸ਼ਾਸਤਰੀਆਂ ਨੂੰ ਵਿਦਾ ਕਰਕੇ, ਉਨਾ ਦੇ ਵਚਨਾਂ (ਫਲਾਦੇਸ਼) ਨੂੰ ਮੱਨਕੇ ਅਪਣੇ ਭਵਨ ਵਿਚ ਆ ਗਈ। ॥25॥

ਉਸ ਤੋਂ ਬਾਅਦ ਉਸ ਚੇਲਨਾ ਦੇਵੀ ਨੂੰ ਕਿਸੇ ਸਮੇ, ਤਿੰਨ ਮਹਿਨੇ ਪੂਰੇ ਹੋਣ ਤੇ ਇਸ ਪ੍ਰਕਾਰ ਦੀ ਇੱਛਾ ਪੈਦਾ ਹੋਈ, "ਉਹ ਮਾਵਾਂ ਧਨ ਹਨ, ਉਨ੍ਹਾਂ ਦਾ ਜਨਮ ਸਫਲ ਹੈ, ਜੋ ਸ਼੍ਰੇਣਿਕ ਰਾਜੇ ਦੇ ਕਾਲਜੇ ਦੇ ਮਾਸ ਦਾ ਕਬਾਬ ਬਣਾ ਕੇ, ਤੇਲ ਵਿੱਚ ਤੱਲ ਕੇ ਅੱਗ ਉਪਰ ਸੇਕ ਕੇ, ਸ਼ਰਾਬ ਦੇ ਨਾਲ ਖਾਂਦੀਆਂ ਹਨ ਖੁਸ਼ੀ ਪ੍ਰਾਪਤ ਕਰਕੇ ਦੋਹਦ ਪੂਰਨ (ਗਰਭ ਇੱਛਾ) ਪੂਰੀ ਕਰਦੀਆਂ ਹਨ" ॥26॥

ਇਸ ਤੋਂ ਬਾਅਦ ਉਸ ਚੇਲਨਾ ਦੇਵੀ ਰਾਣੀ ਨੂੰ ਤਿੰਨ ਮਹਿਨੇ ਪੂਰੇ ਹੋਣ ਤੇ ਦੋਹਦ (ਗਰਭ ਇੱਛਾ) ਉਤਪਨ ਹੋਇਆ।

ਉਸ ਤੋਂ ਬਾਅਦ ਚੇਲਨਾਂ ਦੇਵੀ ਗਰਭ ਇੱਛਾ ਅਧੁਰੀ ਰਹਿ ਜਾਣ ਕਾਰਨ ਸੁਕ ਗਈ ਭੁੱਖੀ ਰਹਿਣ ਲੱਗ ਪਈ। ਉਹ ਮਾਸ ਰਹਿਤ, ਟੁੱਟੇ ਫੁੱਟੇ ਸ਼ਰੀਰ ਵਾਲੀ ਤੇਜ਼ ਰਹਿਤ ਹੋ ਗਈ ਮੂੰਹ ਗਰਿਬਾਂ ਦੀ ਤਰ੍ਹਾਂ ਲੱਗਣ ਲੱਗਾ। ਰੰਗ ਫੀਕਾ ਪੈ ਗਿਆ। ਉਸ ਦੀਆਂ ਅੱਖਾਂ ਝੁੱਕ ਗਇਆਂ, ਮੂੰਹ ਮੁਰਝਾ ਗਿਆ। ਉਸ ਨੇ ਫੁੱਲ ਕਪੜੇ, ਖੁਸ਼ਬੂ, ਫੁੱਲਾਂ ਦੇ ਹਾਰ, ਗਹਿਣੇ ਅਤੇ ਸਿੰਗਾਰ ਕਰਨਾ ਬੰਦ ਕਰ ਦਿੱਤਾ। ਉਹ ਹਮੇਸ਼ਾ ਫਿਕਰ ਵਿੱਚ ਰਹਿੰਦੀ ਸੀ। ॥27॥

ਉਸ ਤੋਂ ਬਾਅਦ ਉਸ ਚੇਲਨਾਂ ਦੇਵੀ ਦੀਆਂ ਦਾਸੀਆਂ ਮਹਾਰਾਣੀ ਨੂੰ ਭੁੱਖੀ ਤੇ ਸੁੱਕੀ ਦੇਖ ਕੇ ਆਰਤ (ਦੁੱਖ) ਧਿਆਨ ਪ੍ਰਗਟ ਕਰਦੀਆਂ ਵੇਖਦੀਆਂ ਹਨ। ਮਹਾਰਾਣੀ ਦੀ ਉਪਰੋਕਤ ਸ਼ਰੀਰਕ ਤੇ ਮਾਨਸਿਕ ਹਾਲਤ ਦੇਖ ਕੇ ਉਹ (ਦਾਸੀਆਂ) ਮਹਾਰਾਜਾ ਸ਼੍ਰੇਣਿਕ ਕੋਲ ਆਉਂਦੀਆਂ ਹਨ। ਮਹਾਰਾਜੇ ਦੇ ਕੋਲ ਆ ਕੇ ਦੋਹੇਂ ਹੱਥ ਜੋੜ ਕੇ ਅਤੇ ਮੱਥੇ ਦੇ ਚਾਰੋਂ ਪਾਸੇ ਘੁਮਾ ਕੇ ਪ੍ਰਣਾਮ ਕਰਕੇ ਇਸ ਪ੍ਰਕਾਰ ਆਖਦੀਆਂ ਹਨ, "ਹੇ ਸਵਾਮੀ! ਅਸੀਂ ਚੇਲਨਾਂ ਦੇਵੀ ਦੇ ਸ਼ਰੀਰ ਸੁਕਣ ਦਾ ਕਾਰਨ ਅਤੇ ਭੁੱਖ ਦਾ ਕਾਰਨ ਨਹੀਂ ਸਮਝ ਸਕੀਆਂ" ॥28॥

ਇਸ ਤੋਂ ਬਾਅਦ ਰਾਜਾ ਸ਼੍ਰੇਣਿਕ ਉਨ੍ਹਾਂ ਦਾਸੀਆਂ ਦੇ ਇਹ ਅਰਥ ਭਰਪੂਰ ਵਾਕਾਂ ਨੂੰ ਮਨ ਵਿੱਚ ਧਾਰਨ ਕਰਕੇ, ਦੁੱਖੀ ਹੁੰਦਾ ਹੈ। ਉਹ ਚੇਲਨਾ ਦੇਵੀ ਕੋਲ ਆਉਂਦਾ ਹੈ ਅਤੇ ਸ਼ਰੀਰਕ ਤੋਰ ਤੇ ਸੁੱਕੀ, ਭੁੱਖੀ ਅਤੇ ਦੁੱਖੀ ਚੇਲਨਾ ਦੇਵੀ ਨੂੰ ਆਖਦਾ ਹੈ! "ਹੇ ਦੇਵਾਨੂਪ੍ਰਿਯ ਤੂੰ ਸ਼ਰੀਰਕ ਤੋਰ ਤੇ ਕਿਉਂ ਸੁੱਕ ਗਈ ਹੈ, ਤੂੰ ਭੁੱਖੀ ਕਿਉਂ ਹੈ ਤੇ ਤੂੰ ਕੀ ਸੋਚ ਰਹੀ ਹੈਂ" ॥29॥

ਉਸ ਤੋਂ ਬਾਅਦ ਚੇਲਨਾ ਦੇਵੀ ਨੇ ਸ਼੍ਰੇਣਿਕ ਰਾਜਾ ਦੇ ਇਸ ਅਰਥ ਭਰਪੂਰ ਵਾਕ ਨੂੰ ਕੋਈ ਸਤਿਕਾਰ ਨਾ ਦਿਤਾ ਅਣਸੁਣਿਆ ਕਰ ਦਿਤਾ ਅਤੇ ਚੁੱਪ ਰਹੀ। ॥30॥

ਉਸ ਤੋਂ ਬਾਅਦ ਸ਼੍ਰੇਣਿਕ ਰਾਜੇ ਨੇ ਦੁਸਰੀ ਅਤੇ ਤੀਸਰੀ ਵਾਰ ਇਸ ਪ੍ਰਕਾਰ ਕਿਹਾ: "ਹੇ ਦੇਵਾਨੂਪ੍ਰਿਯ ਕਿ ਮੈਂ ਤੇਰੇ ਮਨ ਦੀ ਗੱਲ ਸੁਣਨ ਦੇ ਅਯੋਗ ਹਾਂ? ਤੂੰ ਮੇਰੇ ਪਾਸੋਂ ਕੀ ਛਿਪਾ ਰਹੀ ਹੈਂ?" ॥31॥

ਉਸ ਤੋਂ ਬਾਅਦ ਚੇਲਨਾ ਦੇਵੀ ਸ਼੍ਰੇਣਿਕ ਰਾਜਾ ਦੇ ਦੁਸਰੀ ਅਤੇ ਤੀਸਰੀ ਵਾਰ ਆਖਣ ਤੇ ਸ਼੍ਰੇਣਿਕ ਰਾਜਾ ਨੂੰ ਇਸ ਪ੍ਰਕਾਰ ਆਖਣ ਲੱਗੀ, "ਹੇ ਸਵਾਮੀ! ਇਸ ਤਰ੍ਹਾਂ ਦੀ ਕੋਈ ਗੱਲ ਨਹੀਂ, ਜੋ ਛੁਪਾਈ ਜਾਵੇ ਅਤੇ ਆਪ ਉਸ ਸੁਨਣ ਦੇ ਆਯੋਗ ਹੋਵੋਂ, ਹੇ ਸਵਾਮੀ! ਉਸ ਮਹਾਨ ਸੁਪਨੇ ਦਾ ਫੱਲ ਦਸਨ ਅਨੁਸਾਰ ਗਰਭ ਦੇ ਤੀਸਰੇ ਮਹੀਨੇ ਮੈਨੂੰ ਦੋਹਦ ਪੈਦਾ ਹੋਇਆ ਹੈ। ਉਹ ਮਾਵਾਂ ਧਨ ਹਨ, ਜੋ ਆਪਣੇ ਪਤੀ ਦੇ ਕਾਲਜੇ ਦਾ ਮਾਸ

ਪੱਕਾ ਕੇ, ਤੱਲ ਕੇ, ਅੱਗ ਵਿੱਚ ਸੇਕ ਕੇ ਸ਼ਰਾਬ ਨਾਲ ਆਪਣੀ ਇੱਛਾ ਪੂਰੀ ਕਰ ਦੀਆਂ ਹਨ। ਇਸੇ ਕਾਰਨ ਮੈਂ ਸ਼ਰੀਰਕ ਤੋਰ ਤੇ ਸੁੱਕੀ ਹਾਂ ਤੇ ਭੁੱਖੀ ਹਾਂ" ॥32॥

ਇਸ ਤੋਂ ਬਾਅਦ ਸ਼੍ਰੇਣਿਕ ਰਾਜਾ ਚੇਲਨਾ ਦੇਵੀ ਨੂੰ ਇਸ ਪ੍ਰਕਾਰ ਬੋਲਿਆ ਹੇ ਦੇਵਾਨੁਪ੍ਰਿਯ! ਤੂੰ ਕੋਈ ਚਿੰਤਾ ਨਾ ਕਰ, ਮੈਂ ਤੇਰਾ ਦੋਹਦ ਪੂਰਾ ਕਰਨ ਦਾ ਪੂਰਾ ਯਤਨ ਕਰਾਂਗਾ। ਤੇਰਾ ਦੋਹਦ ਪੂਰਾ ਹੋ ਜਾਵੇਗਾ। ਇਸ ਪ੍ਰਕਾਰ ਆਖ ਕੇ ਚੇਲਨਾ ਦੇਵੀ ਨੂੰ ਉਹ ਇਸ਼ਟ (ਪਿਆਰਾ) ਕਾਂਤ (ਮਨ ਭਾਉਂਦਾ) ਪਿਆਰ ਪੈਦਾ ਕਰਨ ਵਾਲਾ, ਮਨ ਨੂੰ ਚੰਗਾ ਲਗਣ ਵਾਲਾ ਮਨ ਨੂੰ ਪਿਆਰਾ ਲਗਣ ਵਾਲਾ, ਨਰਮ, ਕਲਿਆਂਣਕਾਰੀ, ਸ਼ਿਵ, ਧਨ, ਮੰਗਲਕਾਰੀ, ਮਿਤ, ਮਿੱਤਾ ਅਤੇ ਸੁੰਦਰ ਭਾਸ਼ਾ ਵਿੱਚ ਯਕੀਨ ਦਿਵਾਉਂਦਾ ਹੈ। ਵਿਸ਼ਵਾਸ਼ ਦੇ ਕੇ ਚੇਲਨਾ ਦੇਵੀ ਕੋਲੋਂ ਨਿਕਲ ਕੇ ਆਪਣੇ ਸਭਾ ਮੰਡਪ ਵਿੱਚ ਰਾਜ ਸਿੰਘਾਸਨ ਤੇ ਬੈਠਦਾ ਹੈ, ਪੂਰਵ ਦਿਸ਼ਾ ਵੱਲ ਮੂੰਹ ਕਰਕੇ, ਭਿੰਨ ਢੰਗਾ, ਉਪਾਅਾਂ, ਉੱਤਪਤੀਕੀ ਬੁੱਧੀ, ਵੇਨਯਕੀ ਬੁੱਧੀ, ਪਰਿਨਾਮਿਕ ਬੁੱਧੀ ਰਾਹੀਂ ਬਾਰ ਬਾਰ ਵਿਚਾਰ ਕਰਦਾ ਹੈ, ਪਰ ਕੋਈ ਹੱਲ ਨਹੀਂ ਨਿਕਲਦਾ। ॥33॥

ਉਸ ਸਮੇਂ ਅਭੈ ਕੁਮਾਰ ਇਸ਼ਨਾਨ ਆਦਿ ਕਰਕੇ ਸ਼ਰੀਰ ਨੂੰ ਸ਼ਿੰਗਾਰ ਕੇ ਅਪਣੇ ਘਰੋਂ ਨਿਕਲ ਕੇ ਜਿੱਥੇ ਸਭਾ ਮੰਡਪ ਹੁੰਦਾ ਉੱਥੇ ਪਹੁੰਚਦਾ ਹੈ। ਉਹ ਸ਼੍ਰੇਣਿਕ ਰਾਜੇ ਕੋਲ ਪਹੁੰਚਦਾ ਹੈ। ਉਹਨਾਂ ਨੂੰ ਦੁੱਖੀ ਵੇਖ ਕੇ ਆਖਦਾ ਹੈ।

"ਹੇ ਪਿਤਾ" ਆਪ ਪਹਿਲਾਂ ਤਾਂ ਮੈਨੂੰ ਵੇਖ ਕੇ ਖੁਸ਼ੀ ਪ੍ਰਗਟ ਕਰਦੇ ਸੀ? ਆਪ ਕਿਸ ਕਾਰਨ ਫਿਕਰ ਕਰ ਰਹੇ ਹੋ? ਮੈਂ ਇਸ ਫਿਕਰ ਤੇ ਅਰਥ ਸੁਨਣ ਦੇ ਯੋਗ ਹਾਂ। ਆਪ ਇਸ ਦਾ ਕਾਰਨ ਛਿੱਪਾ ਕੇ ਸੱਚ ਸੱਚ ਸ਼ਕ ਰਹਿਤ ਆਖੋ। ਮੈਂ ਇਸ ਦਾ ਕਾਰਨ ਜਾਨਣ ਦੀ ਕੋਸ਼ਿਸ ਕਰਾਂਗਾ" ॥34॥

ਇਸ ਤੋਂ ਬਾਅਦ ਸ਼੍ਰੇਣਿਕ ਰਾਜੇ ਨੇ ਅਭੈ ਕੁਮਾਰ ਨੂੰ ਇਸ ਪ੍ਰਕਾਰ ਕਿਹਾ, "ਹੇ ਪੁੱਤਰ! ਅਜਿਹੀ ਕੋਈ ਗੱਲ ਨਹੀਂ ਹੈ ਜੋ ਤੁਹਾਡੇ ਪਾਸੋਂ ਛਿਪਾਈ ਜਾ ਸਕੇ। ਹੇ ਪੁੱਤਰ! ਤੇਰੀ ਛੋਟੀ ਮਾਂ ਨੂੰ ਸੁਪਨ ਦੱਸਣ ਵਾਲੇ ਅਨੁਸਾਰ ਗਰਭ ਦਾ ਤੀਸਰਾ ਮਹਿਨਾ ਚੱਲ

ਰਿਹਾ ਹੈ। ਉਸ ਨੂੰ ਗਰਭ ਸਮੇਂ ਇਹ ਦੋਹਦ ਪੈਦਾ ਹੋਇਆ। ਮੇਰੇ (ਰਾਜਾ ਸ਼੍ਰੇਣਿਕ) ਦੇ ਕਾਲਜੇ ਦਾ ਮਾਸ ਸੂਲ ਤੇ ਚੜ੍ਹਾ ਕੇ, ਪਕਾ ਕੇ ਸ਼ਰਾਬ ਨਾਲ ਖਾਵਾਂ। ॥35॥

ਇਸ ਪ੍ਰਕਾਰ ਦੋਹਦ ਪੂਰਾ ਨਾ ਹੋਣ ਕਾਰਨ ਦੁੱਖੀ ਅਤੇ ਕਮਜ਼ੋਰੀ ਕਾਰਨ ਆਰਤ ਧਿਆਨ ਪ੍ਰਗਟ ਕਰਦੀ ਹੈ। ਇਸ ਨੂੰ ਪੂਰਾ ਕਰਨ ਦੇ ਅਨੇਕਾਂ ਉਪਾ ਸੋਚੇ, ਪਰ ਕੋਈ ਹੱਲ ਪ੍ਰਾਪਤ ਨਹੀਂ ਹੋਇਆ" ॥36॥

ਇਸ ਤੋਂ ਬਾਅਦ ਅਭੈ ਕੁਮਾਰ ਨੇ ਸ਼੍ਰੇਣਿਕ ਨੂੰ ਇਸ ਪ੍ਰਕਾਰ ਕਿਹਾ, "ਹੇ ਪਿਤਾ ਜੀ! ਫਿਕਰ ਨਾ ਕਰੋ ਮੈਂ ਛੇਤੀ ਹੀ ਆਪਣੀ ਛੋਟੀ ਮਾਂ ਦਾ ਦੋਹਦ ਪੂਰਾ ਕਰਨ ਦੀ ਕੋਸ਼ਿਸ਼ ਕਰਾਂਗਾ" ਇਸ ਪ੍ਰਕਾਰ ਆਖ ਕੇ ਅਭੈ ਕੁਮਾਰ ਨੇ ਸ਼੍ਰੇਣਿਕ ਰਾਜਾ ਨੂੰ ਇਸ਼ਟ, ਕਾਂਤ ਮਨੋਹਰ ਵਚਨਾਂ ਰਾਹੀਂ ਯਕੀਨ ਦਿਵਾਇਆ। ਅਭੈ ਕੁਮਾਰ ਸ਼੍ਰੇਣਿਕ ਰਾਜੇ ਕੋਲੋ ਚੱਲ ਕੇ ਆਪਣੇ ਭਵਨ ਵਿੱਚ ਆਉਂਦਾ ਹੈ। ਜਾਸੂਸਾਂ ਨੂੰ ਬੁਲਾ ਕੇ ਆਖਣ ਲਗਾ। ਹੇ ਦੇਵਾਨੂਪ੍ਰਿਯ ਤੁਸੀਂ ਅਮਾਰੀ (ਅਹਿੰਸਕ) ਰਾਜ ਦੀ ਹੱਦ ਤੋਂ ਪਾਰ ਕੱਤਲ ਗਾਹ ਤੋਂ (ਕਸਾਈ ਘਰ ਤੋਂ) ਗਿਲਾ ਮਾਸ ਲੈ ਕੇ ਆਵੋ। ਇਸ ਤੋਂ ਬਾਅਦ ਉਹ ਪੁਰਸ਼ ਅਭੈ ਕੁਮਾਰ ਦੇ ਹੁਕਮ ਨੂੰ ਖੁਸ਼ੀ ਨਾਲ ਸੁਣ ਕੇ, ਹੱਥ ਜੋੜ ਕੇ, ਅਭੈ ਕੁਮਾਰ ਦੇ ਮਹਿਲਾਂ ਵਿਚੋਂ ਨਿਕਲਦੇ ਹਨ ਕਸਾਈ ਘਰ ਵਿੱਚ ਪਹੁੰਚ ਕੇ ਤਾਜਾ ਮਾਸ ਤੇ ਖੁਨ ਗ੍ਰਹਿਨ ਕਰਦੇ ਹਨ। ਉਸ ਤਾਜੇ ਮਾਸ ਅਤੇ ਖੂਨ ਦੀ ਥੈਲੀ ਅਭੈ ਕੁਮਾਰ ਨੂੰ ਦਿੰਦੇ ਹਨ। ॥37॥

ਇਸ ਤੋਂ ਬਾਅਦ ਅਭੈ ਕੁਮਾਰ ਨੇ ਉਸ ਤਾਜੇ ਮਾਸ ਤੇ ਖੂਨ ਨੂੰ ਛੁਰੀ ਰਾਹੀਂ ਠੀਕ ਕੀਤਾ। ਅਜੇਹਾ ਕਰਨ ਤੋਂ ਬਾਅਦ ਉਹ ਮਹਾਰਾਜਾ ਸ਼੍ਰੇਣਿਕ ਕੋਲ ਆਇਆ, ਆ ਕੇ ਮਹਾਰਾਜਾ ਸ਼੍ਰੇਣਿਕ ਦੇ ਪੇਟ ਉਪਰ ਖੁਨ ਤੇ ਮਾਸ ਦੀ ਬਣੀ ਥੇਲੀ ਗੁਪਤ ਢੰਗ ਨਾਲ ਬੰਨ ਦਿਤੀ। ਉਹ ਰਾਜਾ ਸ਼੍ਰੇਣਿਕ ਇਸ ਤਰ੍ਹਾਂ ਸ਼ੋਰ ਸ਼ਰਾਬਾ ਕਰਨ ਲਗਾ ਜਿਵੇਂ ਉਹ ਤੜਫ ਰਿਹਾ ਹੋਵੇ। ਇਧਰ ਮਹਾਰਾਣੀ ਚੇਲਨਾ ਨੂੰ ਮਹਿਲ ਦੇ ਉਪਰ (ਉੱਚੇ) ਹਿੱਸੇ ਤੇ ਬਿਠਾਈਆ ਗਿਆ। ਇਸ ਜਗ੍ਹਾ ਤੋਂ ਉਹ (ਮਹਾਰਾਣੀ) ਸ਼੍ਰੇਣਿਕ ਰਾਜੇ ਨੂੰ ਵੇਖ ਸਕਦੀ ਸੀ। ਉਸ ਰਾਣੀ ਦੇ ਠੀਕ ਸਾਹਮਣੇ ਰਾਜੇ ਨੂੰ ਬਿਠਾਇਆ ਗਿਆ। ਉਸ ਤੋਂ ਬਾਅਦ

ਉਸ ਰਾਜਾ ਸ਼੍ਰੇਣਿਕ ਦੇ ਕਾਲਜੇ ਉਪਰ (ਗੁਪਤ ਢੰਗ) ਮਾਸ ਨੂੰ ਕੱਟ ਕੇ ਭਾਂਡੇ ਵਿਚ ਰੱਖਨ ਲੱਗਾ। ਇਸ ਤੋਂ ਬਾਅਦ ਮਹਾਰਾਜਾ ਸ਼੍ਰੇਣਿਕ ਕੁੱਝ ਸਮੇਂ ਲਈ ਬਨਾਵਟੀ ਬੇਹੋਸ਼ੀ ਧਾਰਨ ਕਰ ਕੇ ਜਮੀਨ ਤੇ ਪਿਆ ਰਿਹਾ। ਮਹੂਰਤ (48 ਮਿੰਟ) ਤੋਂ ਬਾਅਦ ਅਪਣੇ ਸਾਥੀਆਂ ਨਾਲ ਗਲ੍ਹਾਂ ਕਰਨ ਲੱਗਾ। ਇਸ ਤੋਂ ਬਾਅਦ ਅਭੈ ਕੁਮਾਰ ਨੇ ਸ਼੍ਰੇਣਿਕ ਰਾਜੇ ਦੇ ਕਲੇਜੇ ਦੇ ਬਨਾਵਟੀ ਮਾਸ ਨੂੰ ਗ੍ਰਹਿਣ ਕੀਤਾ ਅਤੇ ਗ੍ਰਹਿਣ ਕਰਕੇ ਉਹ ਚੇਲਨਾ ਦੇਵੀ ਕੋਲ ਆਇਆ। ਉਸ ਨੇ ਉਹ ਮਾਸ ਚੇਲਣਾ ਦੇਵੀ ਨੂੰ ਦੇ ਦਿੱਤਾ। ਚੇਲਨਾ ਦੇਵੀ ਨੇ ਸ਼੍ਰਣਿਕ ਰਾਜੇ ਦੇ ਪੇਟ ਦੇ ਮਾਸ ਨੂੰ ਪੱਕਾ ਕੇ ਅਪਣਾ ਦੋਹਦ (ਗਰਭ ਇੱਛਾ) ਪੂਰਾ ਕੀਤਾ। ਇਸ ਤੋਂ ਬਾਅਦ ਚੇਲਨਾ ਦੇਵੀ ਅਪਣਾ ਦੋਹਦ ਪੂਰਾ ਕਰਕੇ, ਸਨਮਾਨ ਪੁਰਵਕ ਇੱਛਾ ਪੂਰੀ ਹੋਣ ਤੇ, ਖੁਸ਼ੀ ਨਾਲ ਸੁੱਖੀ ਹੋਕੇ ਗਰਭ ਰੱਖਿਆ ਕਰਦੀ ਹੈ। ॥38॥

ਕਿਸੇ ਕਾਲ, ਸਮੇਂ ਅੱਧੀ ਰਾਤੀਂ ਚੇਲਨਾ ਦੇਵੀ ਨੂੰ ਇਹ ਵਿਚਾਰ ਪੈਦਾ ਹੋਇਆ "ਇਸ ਪੁਤਰ ਨੂੰ ਗਰਭ ਵਿੱਚ ਆਉਣ ਸਾਰ ਹੀ ਪਿਤਾ ਦੇ ਕਾਲਜੇ ਦਾ ਮਾਸ ਖਾਦਾ ਹੈ, ਇਸ ਲਈ ਮੇਰੇ ਲਈ ਇਹ ਯੋਗ ਹੈ ਕਿ ਮੈਂ ਅਜੇਹੇ ਗਰਭ ਦੀ ਸਾਤਨਾ (ਟੁਕੜੇ ਟੁਕੜੇ ਕਰਨਾ) ਪਾਤਨਾ (ਦਵਾ ਨਾਲ ਗਰਭ ਗਿਰਾ ਦੇਣਾ) ਗਲਾ ਦੇਣਾ, ਮਾਰ ਦੇਣਾ, ਇਸ ਪ੍ਰਕਾਰ ਚਾਹੁੰਦੀ ਹੋਈ (ਰਾਣੀ ਚੇਲਨਾ) ਵੀ ਗਰਭ ਨੂੰ ਨਾ ਸਾੜ ਸਕੀ ਨਾ ਦਵਾ ਨਾਲ ਗਿਰਾ ਸਕੀ, ਨਾ ਕਿਸੇ ਤਰ੍ਹਾਂ ਗਾਲਾ ਸਕੀ, ਨਾ ਮਾਰ ਸਕੀ, ਨਾ ਹੀ ਕਿਸੇ ਹੋਰ ਢੰਗ ਨਾਲ ਨਸ਼ਟ ਕਰ ਸਕੀ। ॥39॥

ਇਸ ਤੋਂ ਬਾਅਦ ਉਹ ਚੇਲਨਾ ਦੇਵੀ ਸਭ ਢੰਗਾ ਰਾਹੀਂ ਗਰਭ ਨੂੰ ਨਸ਼ਟ ਕਰਨ ਵਿੱਚ ਅਸਫਲ ਰਹੀ।ਆਖਰ ਸ਼ਰੀਰ ਤੋਂ ਦੁੱਖੀ, ਮਨ ਤੋਂ ਦੁੱਖੀ ਅਤੇ ਮਨ ਤੇ ਸ਼ਰੀਰ ਦੋਹਾਂ ਤੋਂ ਦੁੱਖੀ ਹੋ ਕੇ, ਬੇਵਸ ਹੋ ਕੇ, ਗਰਭ ਦਾ ਪਾਲਨ ਕਰਨ ਲੱਗੀ। ਇਸ ਤੋਂ ਬਾਅਦ ਨੌਂ ਮਹਿਨੇ ਪੂਰੇ ਹੋਣ ਤੋਂ ਬਾਅਦ ਉਸ ਨੇ ਇਕ ਸੁੰਦਰ ਬਾਲਕ ਨੂੰ ਜਨਮ ਦਿਤਾ। ॥40॥

## ਚੇਲਨਾ ਦੇਵੀ ਰਾਹੀਂ ਮਾਸ ਖਾਣ ਦੀ ਗਲਤੀ ਦਾ ਪ੍ਰਾਸਚਤ ਕਰਨਾ:

ਇਸ ਤੋਂ ਬਾਅਦ ਚੇਲਨਾ ਦੇਵੀ ਨੇ ਮਨ ਵਿੱਚ ਸੋਚਿਆ "ਇਸ ਬਾਲਕ ਨੂੰ ਗਰਭ ਵਿਚ ਆਉਦੀਆਂ ਸਾਰ ਹੀ ਪਿਤਾ ਦੇ ਕਾਲਜੇ ਦਾ ਮਾਸ ਖਾਈਆ ਹੈ। ਜੇ ਇਹ ਬਾਲਕ ਬੜਾ ਹੋ ਗਿਆ, ਤਾਂ ਕੁਲ ਦਾ ਨਾਸ਼ ਕਰ ਦੇਵੇਗਾ। ਇਸ ਲਈ ਮੇਰੇ ਲਈ ਇਹ ਸ਼ੁਭ ਹੈ ਕਿ ਮੈਂ ਇਸ ਬਾਲਕ ਨੂੰ ਏਕਾਂਤ ਸਥਾਨ ਤੇ ਕੂੜੇ ਕਰਕਟ ਉਪਰ ਸੁਟ ਦੇਵਾਂ ਇਹ ਸੋਚ ਕੇ ਚੇਲਨਾ ਦੇਵੀ ਨੇ ਦਾਸੀ ਨੂੰ ਬੁਲਾਕੇ ਕਿਹਾ, ਹੇ ਦੇਵਾਨਪ੍ਰਿਆ! ਇਸ ਪੁੱਤਰ ਨੂੰ ਕਿਸੇ ਏਕਾਂਤ ਸਥਾਨ ਤੇ ਕੂੜੇ ਕਰਕਟ ਦੇ ਢੇਰ ਤੇ ਸੁੱਟ ਦੇਵੋ। ॥41॥

ਇਸ ਤੋਂ ਬਾਅਦ ਉਸ ਦਾਸੀ ਨੇ ਰਾਣੀ ਚੇਲਨਾ ਦਾ ਹੁਕਮ ਬਿਨੈ ਪੂਰਵਕ ਸੁਣਕੇ ਉਸ ਬਾਲਕ ਨੂੰ ਹੱਥਾਂ ਵਿਚ ਗ੍ਰਹਿਣ ਕੀਤਾ, ਗ੍ਰਹਿਣ ਕਰਕੇ ਉਹ ਦਾਸੀ ਅਸ਼ੋਕ ਵਾਟੀਕਾ ਕੋਲ ਪਹੁੰਚਦੀ ਹੈ, ਏਕਾਂਤ ਜਗ੍ਹਾ ਵੇਖ ਕੇ ਉਸ ਨੂੰ ਕੂੜੇ ਕਰਕਟ ਵਿਚ ਸੁਟ ਦਿੰਦੀ ਹੈ। ਫੇਰ ਉਸ ਬਾਲਕ ਦੇ ਕੂੜੇ ਕਰਕਟ ਵਿਚ ਪਏ ਹੋਣ ਕਾਰਨ, ਸਾਰੀ ਅਸ਼ੋਕਵਾਟੀਕਾ ਪ੍ਰਕਾਸ਼ਮਾਨ ਹੋ ਜਾਂਦੀ ਹੈ। ॥42॥

## ਰਾਜਾ ਸ਼੍ਰੇਣਿਕ ਦਾ ਚੇਲਨਾ ਪ੍ਰਤੀ ਗੁੱਸ਼ਾ ਪ੍ਰਗਟ ਕਰਨਾ:

ਇਸ ਤੋਂ ਬਾਅਦ ਸ਼੍ਰੇਣਿਕ ਰਾਜੇ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਉਸ ਦਾ ਪੁਤਰ ਤਾਂ ਅਸ਼ੋਕਬਾਟੀਕਾ ਵਿਚ ਆਇਆ। ਉੱਥੇ ਕੂੜੇ ਕਰਕਟ ਵਿਚ ਸੁਟੇ ਪੁੱਤਰ ਨੂੰ ਵੇਖਦਾ ਹੈ, ਗੁੱਸੇ ਨਾਲ ਪੀਲਾ ਹੋਕੇ ਦੰਦ ਪੀਸਦਾ ਹੈ, ਉਸ (ਨਵੇਂ ਜਨਮੇ) ਬੱਚੇ ਨੂੰ ਗੋਦ ਵਿੱਚ ਗ੍ਰਹਿਣ ਕਰਦਾ ਹੈ। ਬਾਲਕ ਨੂੰ ਗ੍ਰਹਿਣ ਕਰਕੇ ਉੱਥੇ ਪੁਜਦਾ ਹੈ ਜਿੱਥੇ ਚੇਲਨਾ ਦੇਵੀ ਬੈਠੀ ਹੋਈ ਸੀ। ਉਹ ਚੇਲਨਾ ਦੇਵੀ ਨੂੰ ਉੱਚਾ, ਨੀਵਾ ਬੋਲਦਾ ਹੈ। ਗੁਸੇ ਵਿਚ ਮਹਾਰਾਣੀ ਚੇਲਨਾ ਦੇਵੀ ਨੂੰ ਆਖਣ ਲੱਗਾ "ਹੇ ਦੇਵਾਨਪ੍ਰਿਯ! ਤੂੰ ਮੇਰੇ ਪੁੱਤਰ ਨੂੰ ਕੂੜੇ ਦੇ ਢੇਰ ਵਿੱਚ ਕਿਉਂ ਸੁਟਵਾ ਦਿੱਤਾ ਹੈ। ਤੂੰ ਬਾਲਕ ਦਾ ਧਿਆਨ ਨਾਲ ਪਾਲਨ ਪੋਸਨ ਕਰ" ਇਸ ਪ੍ਰਕਾਰ ਮਹਾਰਾਜੇ ਸ਼੍ਰੇਣਿਕ ਦੇ ਆਖਣ ਤੇ ਚੇਲਨਾ ਦੇਵੀ ਸ਼ਰਮ ਮਹਿਸੂਸ

ਕਰਨ ਲਗੀ। ਰਾਜੇ ਦੀ ਗੱਲ ਨੂੰ ਧਿਆਨ ਨਾਲ ਸੁਣਕੇ ਪੁੱਤਰ ਦਾ ਪਾਲਨ ਪੋਸਨ ਕਰਨ ਲਗੀ। ॥43॥

ਉਸ ਬਾਲਕ ਨੂੰ ਏਕਾਂਤ ਕੂੜੇ ਦੇ ਢੇਰ ਵਿੱਚ ਸੁਟਣ ਕਾਰਣ ਉਸ ਬਾਲਕ ਦੀ ਅੰਗੁਲੀ ਦਾ ਮੁਹਰਲਾ ਹਿੱਸਾ ਮੁਰਗੇ ਨੇ ਚੁੰਝ ਨਾਲ ਖਾ ਲਿਆ ਸੀ। ਪੀਕ ਤੇ ਖੂਨ ਵਾਰ ਵਾਰ ਵਹਿ ਰਿਹਾ ਸੀ ਬਾਲਕ ਦੁੱਖ ਨਾਲ ਤੜਫ ਰਿਹਾ ਸੀ। ਇਹ ਵੇਖ ਕੇ ਮਹਾਰਾਜਾ ਸ਼੍ਰੇਣਿਕ ਨੇ ਬੱਚੇ ਦੇ ਰੋਣ ਦੀ ਆਵਾਜ ਸੁਣਕੇ ਬਾਲਕ ਦਾ ਹੱਥ ਅਪਣੇ ਹੱਥ ਵਿੱਚ ਲਿਆ। ਅੰਗੁਲੀ ਦਾ ਮੁਹਰਲਾ ਹਿੱਸਾ ਚੁਸ ਲਿਆ। ਇਸ ਪ੍ਰਕਾਰ ਉਹ ਵਾਰ ਵਾਰ ਪੀਕ ਤੇ ਖੂਨ ਚੁਸਕੇ ਥੁਕਨ ਲਗਾ ਇਸ ਤਰ੍ਹਾਂ ਬਾਲਕ ਦੀ ਦੇਖ ਰੇਖ ਕਾਰਣ ਬਾਲਕ ਦੁਖ ਰਹਿਤ ਹੋ ਗਿਆ। ਕਈ ਵਾਰ ਬਾਲਕ ਨੂੰ ਜਖਮ ਵਿੱਚ ਭਰੀ ਪੀਕ ਅਤੇ ਖੁਨ ਤੇ ਕਾਰਨ ਤਕਲੀਫ ਹੁੰਦੀ, ਰਾਜਾ ਉਸੇ ਸਮੇਂ ਉਸ ਬਾਲਕ ਕੋਲ ਆ ਕੇ ਖੂਨ ਤੇ ਪੀਕ ਚੁਸਕੇ ਬਾਲਕ ਨੂੰ ਸੁੱਖ ਪੰਹੁਚਾਦਾ। ਇਸ ਤਰ੍ਹਾਂ ਬਾਲਕ ਸੁਖੀ ਹੋ ਜਾਂਦਾ। ॥44॥

ਫੇਰ ਮਾਤਾ ਪਿਤਾ ਨੂੰ ਤੀਸਰੇ ਦਿਨ ਬੱਚੇ ਨੂੰ ਚੰਦਰਮਾ ਅਤੇ ਸੂਰਜ ਦੇ ਦਰਸ਼ਨ ਕਰਵਾਏ। ਬਾਹਰਵੇਂ ਦਿਨ ਬਾਲਕ ਦਾ ਨਾਂ ਰਖਣ ਲਈ ਜਸ਼ਨ ਮਨਾਇਆ। ਬਾਲਕ ਦਾ ਨਾਂ ਗੁਣ ਸੰਪਨ ਰਖਣ ਲਈ ਉਹ ਬੋਲੇ "ਸਾਡੇ ਬਾਲਕ ਦੀ ਉਂਗਲੀ ਦਾ ਮੁਹਰਲਾ ਹਿੱਸਾ ਮੁਰਗੇ ਨੇ ਚੁੰਝ ਨਾਲ ਬੱਢ ਦਿਤਾ ਹੈ। ਸੋ ਇਸ ਦਾ ਨਾਂ ਕੋਣਿਕ ਹੋਵੇ" ਇਸ ਪ੍ਰਕਾਰ ਇਸ ਦਾ ਨਾਂ ਮਾਤਾ ਪਿਤਾ ਨੇ ਕੋਣਿਕ ਰਖਿਆ। ॥45॥

ਉਸ ਤੋਂ ਬਾਅਦ ਕੋਣਿਕ ਰਾਜਾ ਦੇ ਕੁੱਲ ਤੇ ਪ੍ਰਪੰਰਾ ਅਨੁਸਾਰ ਵਿਆਹ ਆਦਿ ਸੰਸਕਾਰ ਮੇਘ ਕੁਮਾਰ[4] ਦੀ ਤਰ੍ਹਾਂ ਹੋਏ। ਅੱਠ ਵਸਤਾਂ ਦਹੇਜ ਵਿਚ ਪ੍ਰਾਪਤ ਹੋਇਆਂ। ॥46॥

## ਕੌਣਿਕ ਵਲੋਂ ਰਾਜਾ ਸ਼੍ਰੇਣਿਕ ਨੂੰ ਕੈਦ ਕਰਨਾ ਅਤੇ ਰਾਜ ਦੀ ਵੰਡ ਕਰਨਾ:

ਉਸ ਤੋਂ ਬਾਅਦ ਕੋਣਿਕ ਰਾਜ ਇਕ ਸਮੇਂ ਰਾਤ ਦੇ ਅੰਤਮ ਪਹਿਰ ਵੇਲੇ ਵਿਚਾਰ ਕਰਨ ਲੱਗਾ "ਮੈਂ ਸ਼੍ਰੇਣਿਕ ਰਾਜੇ ਦੇ ਜਿਉਂਦੇ ਰਾਜ ਸ਼੍ਰੀ ਦਾ ਭੋਗ ਭੋਗ ਨਹੀਂ ਸਕਦਾ।

ਇਸ ਲਈ ਮੈਨੂੰ ਕਿਸੇ ਤਰ੍ਹਾਂ ਰਾਜਾ ਸ਼੍ਰੇਣਿਕ ਨੂੰ ਜੇਲ ਖਾਨੇ ਵਿਚ ਸੁਟਕੇ ਰਾਜ ਗੱਦੀ ਪ੍ਰਾਪਤ ਕਰਨਾ ਸਰੇਸ਼ਟ ਹੈ, "ਅਜੇਹਾ ਵਿਚਾਰ ਕਰਕੇ ਉਹ ਰਾਜੇ ਨੂੰ ਕੈਦ ਕਰਨ ਦੇ ਢੰਗ ਸੋਚਨ ਲਗਾ। ਅਜੇਹੇ ਸਮੇਂ ਦਾ ਇੰਤਜਾਰ ਕਰਨ ਲਗਾ ਜਦ ਕਿ ਰਾਜ ਪਰਿਵਾਰ ਦਾ ਆਦਮੀ ਜਾਂ ਆਮ ਆਦਮੀ ਰਾਜਾ ਸ਼੍ਰੇਣਿਕ ਪਾਸ ਨਾਂ ਹੋਵੇ। ॥47॥

ਉਸ ਤੋਂ ਬਾਅਦ ਕੋਣਿਕ ਰਾਜ ਕੁਮਾਰ, ਸ਼੍ਰੇਣਿਕ ਰਾਜਾ ਦੇ ਗੁਪਤ ਮਹਿਲਾਂ ਵਿੱਚ ਕਾਲ ਆਦਿ ਦਸ ਰਾਜਕੁਮਾਰਾਂ ਨੂੰ ਬੁਲਾਉਂਦਾ ਹੈ ਤੇ ਬੁਲਾਕੇ ਆਖਦਾ ਹੈ; "ਹੇ ਦੇਵਾਨੂਪ੍ਰਿਆ! ਸ਼੍ਰੇਣਿਕ ਰਾਜਾ ਦੇ ਜਿਉਂਦੇ ਅਸੀਂ ਰਾਜਪਾਟ ਦਾ ਆਨੰਦ ਨਹੀਂ ਮਾਨ ਸਕਦੇ?" "ਹੇ ਦੇਵਾਨੂਪ੍ਰਿਆ!" "ਸਾਡੇ ਲਈ ਇਹ ਹਿੱਤਕਾਰੀ ਹੈ ਕਿ ਅਸੀਂ ਰਾਜਾ ਸ਼੍ਰੇਣਿਕ ਨੂੰ ਬੇੜੀਆਂ ਪਾ ਕੇ, ਰਾਜ, ਦੇਸ਼, ਸੋਨਾ, ਸਵਾਰੀ, ਖਜਾਨਾ, ਅੰਨ ਭੰਡਾਰ ਅਤੇ ਸਭ ਚੀਜਾਂ ਨੂੰ 11 ਭਾਗਾਂ ਵਿਚ ਵੰਡਕੇ ਰਾਜਪਾਟ ਦਾ ਆਨੰਦ ਲਈਏ" ॥48॥

ਇਸ ਤੋਂ ਬਾਅਦ ਕਾਲ ਆਦਿ 10 ਰਾਜਕੁਮਾਰ, ਕੋਣਿਕ ਦੀ ਇਸ ਗੱਲ ਨੂੰ ਧਿਆਨ ਨਾਲ ਸੁਨਦੇ ਹਨ। ਕੋਣਿਕ ਕੁਮਾਰ ਕਿਸੇ ਸਮੇਂ ਸ਼੍ਰੇਣਿਕ ਦੇ ਗੁਪਤ ਮਹਿਲ ਵਿਚ ਪਹੁੰਚਦਾ ਹੈ। ਸ਼੍ਰੇਣਿਕ ਰਾਜਾ ਨੂੰ ਬੇੜੀਆਂ ਵਿਚ ਜਕੜਦਾ ਹੈ, ਬੇੜੀਆਂ ਵਿਚ ਜਕੜਨ ਤੋਂ ਬਾਅਦ ਬੜੀ ਸ਼ਾਨ ਨਾਲ ਰਾਜਾ ਹੋਣ ਦਾ ਸਮਾਰੋਹ ਕਰਦਾ ਹੈ ਅਤੇ ਕੋਣਿਕ ਬੜਾ ਰਾਜਾ ਬਣ ਜਾਂਦਾ ਹੈ। ॥49॥

## ਰਾਣੀ ਚੇਲਨਾ ਦਾ ਕੋਣਿਕ ਪ੍ਰਤੀ ਵਿਰੋਧ ਪ੍ਰਗਟ ਕਰਨਾ:

ਇਸ ਤੋਂ ਬਾਅਦ ਕੋਣਿਕ ਰਾਜਾ ਇਕ ਵਾਰ ਇਸਨਾਨ ਕਰਕੇ ਸਾਰੇ ਸ਼ਰੀਰ ਨੂੰ ਸਿੰਗਾਰ ਕੇ ਚਲਨਾ ਦੇਵੀ ਦੇ ਚਰਨਾ ਵਿਚ ਨਮਸਕਾਰ ਕਰਨ ਆਇਆ। ਇਸ ਤੋਂ ਬਾਅਦ ਦੋਣਿਕ ਰਾਜਾ ਚੇਲਨਾ ਦੇਵੀ ਨੂੰ ਮਨ ਹੀ ਮਨ ਵਿਚ ਦੁਖੀ ਵੇਖਦਾ ਹੈ, ਵੇਖ ਕੇ ਚੇਲਨਾ ਦੇਵੀ ਦੇ ਚਰਨਾ ਵਿਚ ਮੱਥਾ ਟੇਕਦਾ ਹੈ ਨਮਸਕਾਰ ਕਰਨ ਤੋਂ ਬਾਅਦ ਆਖਦਾ ਹੈ, "ਹੇ ਮਾਤਾ! ਮੈਂ ਆਪਣੇ ਤੇਜ ਪ੍ਰਤਾਪ ਨਾਲ ਰਾਜਾ ਨਹੀਂ ਬਣਕੇ ਵਿਸ਼ਾਲ ਸੁੱਖ ਭੋਗ

ਰਿਹਾਂ ਹਾਂ, ਤੈਨੂੰ ਇਹ ਵੇਖ ਕੇ ਕੋਈ ਖੁਸ਼ੀ ਜਾਂ ਸੰਤੋਖ ਨਹੀਂ ਪੈਦਾ ਹੁੰਦਾ। ਤੇਰੇ ਮਨ ਵਿਚ ਕੋਈ ਖੁਸ਼ੀ ਹੈ, ਨਾਂ ਕੋਈ ਉਮੰਗ ਹੈ ਇਸ ਸਭ ਦਾ ਕੀ ਕਾਰਨ ਹੈ" ॥50॥

ਇਸ ਤੋਂ ਬਾਅਦ ਚੇਲਨਾ ਦੇਵੀ ਕੋਣਿਕ ਰਾਜਾ ਨੂੰ ਇਸ ਪ੍ਰਕਾਰ ਆਖਣ ਲੱਗੀ, "ਹੇ ਪੁੱਤਰ! ਇਸ ਰਾਜਪਾਟ ਤੋਂ ਮੈਨੂੰ ਖੁਸ਼ੀ, ਸੰਤੋਖ, ਉਮੰਗ ਕਿਵੇਂ ਹੋਵੇ, ਜੱਦ ਕਿ ਤੂੰ ਮੈਨੂੰ ਪਿਆਰੇ, ਮੇਰੇ ਪ੍ਰਤੀ ਪਿਆਰ ਰਖਣ ਵਾਲੇ ਆਪਣੇ ਪਿਤਾ ਰਾਜਾ ਸ਼੍ਰੇਣਿਕ ਨੂੰ ਜੰਜੀਰਾਂ ਵਿਚ ਜਕੜ ਕੇ ਵਿਸ਼ਾਲ ਸਾਮਰਾਜ ਦਾ ਸੁੱਖ ਭੋਗ ਰਿਹਾ ਹੈ" ਇਹ ਸੁਣ ਕੇ ਰਾਜਾ ਕੋਣਿਕ ਚੇਲਨਾ ਦੇਵੀ ਨੂੰ ਇਸ ਪ੍ਰਕਾਰ ਆਖਣ ਲਗੇ, "ਹੇ ਮਾਂ! ਇਹ ਰਾਜਾ ਸ਼੍ਰੇਣਿਕ ਮੈਨੂੰ ਜ਼ਖਮੀ ਕਰਨ ਦਾ ਇੱਛੁਕ ਹੈ, ਮਾਰਨ ਦਾ ਇੱਛੁਕ ਹੈ, ਮੈਨੂੰ ਜੰਜੀਰ ਵਿੱਚ ਜਕੜਨ ਦਾ ਇੱਛੁਕ ਹੈ, ਅਜੇਹੇ ਰਾਜਾ ਸ਼੍ਰੇਣਿਕ ਪ੍ਰਤਿ ਮੇਰਾ ਪਿਆਰ ਅਤੇ ਉਸਦਾ ਪਿਆਰ ਕਿਵੇਂ ਹੋ ਸਕਦਾ ਹੈ?" ॥51॥

## ਕੋਣਿਕ ਦੁਆਰਾ ਅਪਣੇ ਕੀਤੇ ਦਾ ਪਛਤਾਵਾ ਅਤੇ ਕੈਦ ਖਾਨੇ ਵਿੱਚ ਰਾਜਾ ਸ਼੍ਰੇਣਿਕ ਦੀ ਰਿਹਾਈ ਲਈ ਜਾਣਾ:

ਇਸ ਤੋਂ ਬਾਅਦ ਚੇਲਨਾ ਦੇਵੀ ਕੋਣਿਕ ਕੁਮਾਰ ਨੂੰ ਇਸ ਪ੍ਰਕਾਰ ਆਖਣ ਲਗੀ, "ਹੇ ਪੁੱਤਰ! ਜੱਦ ਤੂੰ ਮੇਰੇ ਗਰਭ ਵਿੱਚ ਉਤਪੰਨ ਹੋਇਆ ਸੀ, ਉਦੋਂ ਮੈਨੂੰ ਦੋਹਦ ਉਤਪੰਨ ਹੋਇਆ ਸੀ, ਕਿ ਉਹ ਮਾਤਾਵਾਂ ਬਹੁਤ ਧੰਨ ਹਨ, ਜੋ ਅਪਣੇ ਪਤੀ ਦੇ ਕਾਲਜੇ ਦਾ ਮਾਸ ਤੱਲ ਕੇ, ਭੁਣ ਕੇ ਆਪਣਾ ਦੋਹਦ ਪੂਰਾ ਕਰਦੀਆਂ ਹਨ। ਮੈਂ ਇਹ ਗੱਲਾਂ ਦਾਸੀਆਂ ਰਾਹੀਂ ਰਾਜਾ ਸ਼੍ਰੇਣਿਕ ਨੂੰ ਆਖੀਆਂ, ਰਾਜਾ ਨੂੰ ਮੇਰੀ ਇੱਛਾ ਪੂਰੀ ਕਰਨ ਦਾ ਫਿਕਰ ਹੋਇਆ, ਉਨ੍ਹਾਂ ਮੈਨੂੰ ਭਰੋਸਾ ਦੀਲਾ ਕੇ, ਮੇਰਾ ਦੋਹਦ ਪੂਰਾ ਕਰ ਦਿੱਤਾ, ਇੱਥੇ ਹੀ ਬੱਸ ਨਹੀਂ ਜੱਦ ਤੂੰ ਪੈਦਾ ਹੋਇਆ, ਮੈਂ ਤੈਨੂੰ ਨਫਰਤ ਕਾਰਨ ਏਕਾਂਤ ਕੂੜਾ ਕਰਕਟ ਵਿੱਚ ਸੁਟਵਾ ਦਿੱਤਾ, ਉਸ ਸਮੇਂ ਤੇਰੀ ਅੰਗੁਲੀ ਨੂੰ ਮੁਰਗੇ ਨੇ ਕੱਟ ਲਿਆ ਸੀ, ਇਸ ਦੇ ਸਿੱਟੇ ਵਜੋਂ ਤੂੰ ਬਹੁਤ ਦਰਦ ਤੇ ਪੀੜ ਮਹਿਸੂਸ ਕਰਦਾ ਸੀ, ਉਸ ਸਮੇਂ ਤੇਰੇ ਪਿਤਾ ਨੇ

ਤੈਨੂੰ ਕੁੜੇ ਦੇ ਢੇਰ ਵਿੱਚੋਂ ਚੁੱਕ ਲਿਆ, ਤੇਰੀ ਅੰਗੁਲੀ ਦੀ ਪੀਕ ਅਤੇ ਖੂਨ ਨੂੰ ਚੂਸਕੇ ਤੇਰਾ ਰੋਣਾ ਬੰਦ ਕੀਤਾ, ਹੇ ਪੁੱਤਰ! ਰਾਜਾ ਸ਼੍ਰੇਣਿਕ ਤੇਰੇ ਨਾਲ ਬਹੁਤ ਪਿਆਰ ਕਰਦੇ ਸਨ" ॥52॥

ਇਸ ਤੋਂ ਬਾਅਦ ਰਾਜਾ ਕੋਣਿਕ ਚੇਲਨਾ ਦੇਵੀ ਦੇ ਮੁਖੋਂ ਅਜੇਹੀ ਗੱਲ ਸੁਣ ਕੇ ਗੱਲ ਨੂੰ ਦਿਲ ਵਿਚ ਧਾਰਨ ਕਰਕੇ ਆਖਣ ਲਗਾ, "ਹੇ ਮਾਂ! ਦੇਵਤਾ, ਗੁਰੂ, ਦੇ ਸਮਾਨ (ਮੇਰੇ ਪ੍ਰਤਿ) ਪਿਆਰ ਭਾਵ ਰੱਖਨ ਵਾਲੇ ਪਿਤਾ ਸ਼੍ਰੇਣਿਕ ਰਾਜਾ ਨੂੰ ਜੈਲ ਵਿਚ ਸੁਟ ਕੇ ਮੈਂ ਦੁਸ਼ਟ ਕੰਮ ਕੀਤਾ ਹੈ। ਹੁਣ ਮੈਂ ਛੇਤੀ ਜਾ ਕੇ ਆਪਣੇ ਹੱਥ ਨਾਲ ਰਾਜਾ ਸ਼੍ਰੇਣਿਕ ਦੀਆਂ ਬੇੜੀਆਂ ਕਟਦਾ ਹਾਂ" ਇਹ ਆਖ ਕੇ ਉਹ ਅਪਣੇ ਹੱਥ ਵਿੱਚ ਪਰਸਾ ਲੈ ਕੇ ਜਿਥੇ ਜੇਲ ਖਾਨਾ ਸੀ ਉਧਰ ਨੂੰ ਚੱਲ ਪਿਆ। ॥53॥

ਇਸ ਪ੍ਰਕਾਰ ਆਖ ਕੇ, ਉਹ ਆਪਣੇ ਹੱਥ ਵਿਚ ਪਰਸਾ (ਇੱਕ ਹਥਿਆਰ) ਗ੍ਰਹਿਣ ਕਰਦਾ ਹੈ ਜੱਦ ਪਰਸਾ ਲੈ ਕੇ ਉਹ (ਰਾਜਾ ਸ਼੍ਰੇਣਿਕ) ਕੋਣਿਕ ਕੁਮਾਰ ਨੂੰ ਵੇਖਦਾ ਹੈ ਤਾਂ ਮਨ ਹੀ ਮਨ ਵਿਚ ਇਸ ਪ੍ਰਕਾਰ ਆਖਦਾ ਹੈ, "ਇਹ ਕੋਣਿਕ ਕੁਮਾਰ ਮੌਤ ਦੀ ਇੱਛਾ ਰਖਣ ਵਾਲਾ ਹੈ, ਬੇਸ਼ਰਮ, ਬੁਧੀ ਹੀਨ, ਲਛਮੀ ਰਹਿਤ ਹੋ ਕੇ ਪਰਸਾ ਲੈ ਕੇ ਮੇਰੇ ਵੱਲ ਛੇਤੀ ਨਾਲ ਵੱਧ ਰਿਹਾ ਹੈ, ਪਤਾ ਨਹੀਂ ਉਹ ਮੈਨੂੰ ਕਿਸ ਤਰ੍ਹਾਂ ਮਾਰੇਗਾ?" ਇਸ ਡਰ ਤੋਂ ਡਰਦੇ ਰਾਜਾ ਸ਼੍ਰੇਣਿਕ ਨੇ, ਤਾਲਪੁਟ ਨਾਮ ਦਾ ਜ਼ਹਿਰ ਮੂੰਹ ਵਿੱਚ ਪਾਇਆ। ਇਸ ਤੋਂ ਬਾਅਦ ਰਾਜਾ ਸ਼੍ਰੇਣਿਕ ਨੇ ਤਾਲਪੁਟ ਜ਼ਹਿਰ ਮੂੰਹ ਵਿਚ ਪਾਉਂਦੇ ਹੀ ਮਹੁਰਤ ਵਿਚ ਜ਼ਹਿਰ ਉਸ (ਸ਼੍ਰੇਣਿਕ ਰਾਜਾ) ਦੇ ਸਾਰੇ ਸ਼ਰੀਰ ਵਿਚ ਫੈਲ ਗਿਆ ਸਿੱਟੇ ਵਝੋਂ ਰਾਜਾ ਸ਼੍ਰੇਣਿਕ ਪ੍ਰਾਣ ਰਹਿਤ ਹੋ ਗਿਆ, ਹਰਕਤ ਰਹਿਤ ਹੋ ਗਿਆ, ਤੇ ਜੀਵਨ ਰਹਿਤ ਹੋ ਗਿਆ।

ਇਸ ਤੋਂ ਬਾਅਦ ਕੋਣਿਕ ਕੁਮਾਰ ਜਿਥੇ ਜੈਲ ਖਾਨਾ ਸੀ ਉੱਥੇ ਆਉਂਦਾ ਹੈ ਉੱਥੇ ਆ ਕੇ ਰਾਜਾ ਸ਼੍ਰੇਣਿਕ ਨੂੰ ਪ੍ਰਾਣ ਰਹਿਤ, ਹਰਕਤ ਰਹਿਤ, ਜੀਵਨ ਰਹਿਤ ਅਤੇ ਜਮੀਨ ਤੇ ਡਿਗਿਆ ਵੇਖਦਾ ਹੈ। ਵੇਖ ਕੇ ਪਿਤਾ ਦੀ ਮੌਤ ਦੇ ਅਸਹਿ ਕਸ਼ਟ ਤੋਂ ਦੁੱਖੀ ਹੋ ਕੇ

ਇੰਜ਼ ਗਿਰਦਾ ਹੈ ਜਿਵੇਂ ਚੰਪਕ ਦਰੱਖਤ ਦੀ ਕੁਲਹਾੜੀ ਨਾਲ ਕਟੀ ਟਾਹਣੀ ਗਿਰਦੀ ਹੈ। ਉਹ (ਰਾਜਾ ਕੌਣਿਕ) ਬੇਹੋਸ਼ ਹੋ ਜਾਂਦਾ ਹੈ। ॥54॥

ਇਸ ਤੋਂ ਬਾਅਦ ਕੋਣਿਕ ਕੁਮਾਰ ਇਕ ਮਹੁਰਤ ਲੰਘ ਜਾਣ ਤੇ ਹੋਸ਼ ਵਿੱਚ ਆਉਂਦਾ ਹੈ। ਹੋਸ਼ ਵਿੱਚ ਆ ਕੇ ਉਹ ਕੋਣਿਕ ਰਾਜਕੁਮਾਰ, ਰੌਂਦਾ ਹੈ, ਕੁਰਲਾਉਂਦਾ ਹੈ, ਦੁੱਖ ਵਿੱਚ ਵਿਲਾਪ ਕਰਦਾ ਹੈ ਅਤੇ ਆਖਦਾ ਹੈ "ਮੈਂ ਮੰਦਭਾਗਾ ਹਾਂ, ਪਾਪੀ ਹਾਂ, ਪੁਨ ਰਹਿਤ ਹਾਂ, ਕਿਉਂਕਿ ਮੈਂ ਬੁਰਾ ਕਰਮ ਕੀਤਾ ਹੈ। ਦੇਵ, ਗੁਰੂ ਦੀ ਤਰ੍ਹਾਂ ਹਿਤੋਂ ਚਾਹੁਣ ਵਾਲੇ, ਅਥਾਹ ਪ੍ਰੇਮ ਕਰਨ ਵਾਲੇ (ਪਿਤਾ) ਰਾਜਾ ਸ਼੍ਰੇਣਿਕ ਨੂੰ ਜੈਲ ਖਾਨੇ ਵਿੱਚ ਸੁਟਿਆ। ਸਿੱਟੇ ਵਜੋਂ ਉਨ੍ਹਾਂ ਦੀ ਮੌਤ ਹੋ ਗਈ। ਇਸ ਪ੍ਰਕਾਰ ਆਖ ਕੇ, ਈਸ਼ਵਰ, ਤਲਵਰ, ਸੰਦੀਪਾਲ ਆਦਿ ਨਾਲ ਰੌਂਦਾ ਹੈ ਪਿਟਦਾ ਹੈ, ਕੁਰਲਾਉਂਦਾ ਹੈ, ਵਿਲਾਪ ਕਰਦਾ ਹੈ ਸ਼ਾਹੀ ਠਾਟ ਨਾਲ ਰਾਜਾ ਸ਼੍ਰੇਣਿਕ ਦਾ ਦਾਹ ਸ਼ੰਸਕਾਰ ਕਰਦਾ ਹੈ। ਕੋਣਿਕ ਕੁਮਾਰ ਨੇ ਲੋਕਿਕ ਢੰਗਾਂ ਨਾਲ ਮਹਾਰਾਜਾ ਸ਼੍ਰੇਣਿਕ ਦਾ ਮਰਨ ਸੰਸਕਾਰ ਕੀਤਾ।

ਉਸ ਤੋਂ ਬਾਅਦ ਕੋਣਿਕ ਕੁਮਾਰ ਬੜੇ ਮਾਨਸਿਕ ਦੁੱਖ ਕਾਰਣ, ਅਪਣੇ ਰਾਜ ਪਰਿਵਾਰ, ਕਪੜੇ ਭਾਂਡੇ ਆਦਿ ਸਮਾਨ ਲੈ ਕੇ ਰਾਜਗ੍ਰਹਿ ਤੋਂ ਬਾਹਰ ਆਇਆ ਅਤੇ ਆ ਕੇ ਜਿਥੇ ਚੰਪਾ ਨਗਰੀ ਸੀ ਉੱਥੇ ਪਹੁੰਚੀਆ। ਉਹ ਵਿਸ਼ਾਲ ਭੋਗ ਭੋਗਨ ਲਗਾ, ਕੁੱਝ ਸਮਾਂ ਬੀਤ ਜਾਣ ਤੇ ਉਹ (ਕੋਣਿਕ ਰਾਜਕੁਮਾਰ) ਪਿਤਾ ਦੀ ਮੌਤ ਦਾ ਦੁੱਖ ਭੁਲ ਗਿਆ। ਓਸ ਤੋਂ ਬਾਅਦ ਕੋਣਿਕ ਕੁਮਾਰ ਨੇ ਕਿਸੇ ਸਮੇਂ ਕਾਲ ਆਦਿ ਦਸ ਭਰਾਵਾਂ ਨੂੰ ਬੁਲਾਇਆ। ਬੁਲਾ ਕੇ ਸਾਰੇ ਰਾਜ ਪਾਟ 11 ਹਿੱਸੇ ਇਕ ਸਾਰ ਕਰਕੇ ਵੰਡ ਦਿਤੇ। ਕੋਣਿਕ ਰਾਜਾ ਅਪਣੇ ਹਿਸੇ ਨੂੰ ਸੁੱਖ ਪੂਰਵਕ ਭੋਗਨ ਲਗਾ। ॥55॥

## ਕੋਣਿਕ ਰਾਹੀਂ ਅਪਣੇ ਭਰਾ ਵਿਹੱਲ ਕੁਮਾਰ ਤੋਂ ਗੰਧ ਸੇਚਨਕ ਹਾਥੀ ਅਤੇ 14 ਲੜਈਆਂ ਵਾਲੇ ਹਾਰ ਦੀ ਮੰਗ ਕਰਨਾ:

ਉਸ ਚੰਪਾ ਨਗਰੀ ਵਿੱਚ ਸ਼੍ਰੇਣਿਕ ਰਾਜਾ ਤੇ ਚੇਲਨਾ ਦੇਵੀ ਦੇ ਪੁੱਤਰ ਵਿਹੱਲ ਕੁਮਾਰ ਸੀ। ਉਹ ਕੋਮਲ ਤੇ ਸੁੰਦਰ ਸੀ। ਉਸ ਵਿਹੱਲ ਕੁਮਾਰ ਨੂੰ ਰਾਜਾ ਸ਼੍ਰੇਣਿਕ ਨੇ ਅਪਣੇ ਮਰਨ ਤੋਂ ਪਹਿਲਾਂ ਸੇਚਨਕ ਨਾਂ ਦਾ ਗੰਧ ਹਸਤੀ (ਹਾਥੀ) ਅਤੇ 14 ਲੜੀਆਂ ਵਾਲਾ ਹਾਰ ਦਿੱਤਾ ਸੀ। ॥56॥

ਉਹ ਵਿਹੱਲ ਕੁਮਾਰ ਸੇਚਨਕ ਗੰਧ ਹਸਤੀ ਉਪਰ ਬੈਠ ਕੇ, ਆਪਣੇ ਮਹਿਲ ਪਰਵਿਾਰ ਨਾਲ ਚੰਪਾ ਨਗਰੀ ਵਿਚੋਂ ਲੰਗਦਾ ਸੀ ਅਤੇ ਵਾਰ ਵਾਰ ਗੰਗਾ ਵਿੱਚ ਇਸ਼ਨਾਨ ਕਰਨ ਲਈ ਉਤਰਦਾ ਸੀ। ॥57॥

ਇਸ ਤੋਂ ਬਾਅਦ ਉਹ ਸੇਚਨਕ ਗੰਧ ਹਸਤੀ ਵਿਹੱਲ ਕੁਮਾਰ ਦੀਆਂ ਕਈ ਰਾਣੀਆਂ ਨੂੰ ਅਪਣੀ ਸੁੰਡ ਵਿੱਚ ਫੜ ਕੇ ਪੀਠ ਤੇ ਬਿਠਾਉਦਾ ਹੈ ਕਈ ਰਾਣੀਆਂ ਨੂੰ ਅਪਣੇ ਕੰਧ, ਕੁੰਭ ਸਥਲ, ਸਿਰ ਤੇ ਦੰਦਾ ਉਪਰ ਬਿਠਾਉਂਦਾ ਹੈ। ਕਿਸੇ ਰਾਣੀ ਨੂੰ ਸੁੰਡ ਵਿੱਚ ਰੱਖਕੇ ਝੁਲਾਉਂਦਾ ਹੈ, ਕਿਸੇ ਰਾਣੀ ਨੂੰ ਅਪਣੇ ਦੰਦਾ ਵਿੱਚਕਾਰ ਬਿਠਾਉਂਦਾ ਹੈ, ਕਿਸੇ ਉਪਰ ਸੁੰਡ ਵਿਚ ਪਾਣੀ ਭਰ ਕੇ ਇਸ਼ਨਾਨ ਕਰਵਾਉਂਦਾ ਹੈ ਅਤੇ ਹੋਰ ਕਈ ਪ੍ਰਕਾਰ ਦੀਆਂ ਖੇਡਾਂ ਨਾਲ ਰਾਣੀਆਂ ਨੂੰ ਖੁਸ਼ ਕਰਦਾ ਹੈ। ॥58॥

ਇਸ ਤੋਂ ਬਾਅਦ ਚੰਪਾ ਨਗਰੀ ਦੇ ਸਿਰਗਾਂਟਕ (ਸੰਘਾੜੇ ਵਰਗਾ) ਰਸਤਾ ਤ੍ਰਿਕ (ਤਿੰਨ ਰਾਹਾਂ ਵਾਲਾ ਰਸਤਾ) ਚੋਰਾਹਾ, ਚਬੂਤਰੇ ਤੇ ਸੜਕਾਂ ਉਪਰ ਲੋਕ ਆਪਸ ਵਿਚ ਆਖਦੇ ਹਨ; "ਹੇ ਦੇਵਾਨੂਪ੍ਰਿਆ! ਵਿਹੱਲ ਕੁਮਾਰ ਸੇਚਨਕ ਗੰਧ ਹਸਤੀ ਰਾਹੀਂ ਰਾਣੀਆਂ ਆਦਿ ਪਰਿਵਾਰ ਨਾਲ ਸੁੰਦਰ ਕਲੋਲਾਂ ਕਰਦਾ ਹੈ, ਰਾਜਪਾਟ ਦਾ ਅਸਲ ਆਨੰਦ ਵਿਹੱਲ ਕੁਮਾਰ ਭੋਗ ਰਿਹਾ ਹੈ, ਕੋਣਿਕ ਰਾਜਾ ਨਹੀਂ" ॥59॥

ਇਸ ਤੋਂ ਬਾਅਦ ਇਹ ਖਬਰ ਪਦਮਾਵਤੀ ਦੇਵੀ (ਪਤਨੀ ਕੋਣਿਕ) ਨੂੰ ਲੱਗੀ। ਉਸ ਦੇ ਮਨ ਵਿੱਚ ਵਿਚਾਰ ਆਇਆ "ਵਿਹੱਲ ਕੁਮਾਰ ਸੇਚਨਕ ਗੰਧ ਹਸਤੀ ਨਾਲ ਅਨੇਕਾਂ ਪ੍ਰਕਾਰ ਦੀ ਐਸ਼ ਕਰਦਾ ਹੈ ਇਸ ਲਈ ਉਹ ਸੱਚ ਮੁੱਚ ਹੀ ਰਾਜ ਦਾ ਆਨੰਦ

ਮਾਨ ਰਿਹਾ ਹੈ ਨਾ ਕਿ ਰਾਜਾ ਕੋਣਿਕ” ਮੈਨੂੰ ਇਹੋ ਗੱਲ ਸ਼੍ਰੇਸ਼ਟ ਹੈ ਕਿ ਮੈਂ ਇਹ ਗੱਲ ਰਾਜਾ ਕੋਣਿਕ ਨੂੰ ਆਖਾ”

ਅਜੇਹਾ ਪਦਮਾਵਤੀ ਦੇਵੀ ਸੋਚਦੀ ਹੈ, ਸੋਚ ਕੇ ਜਿਥੇ ਕੋਣਿਕ ਰਾਜਾ ਸੀ, ਉੱਥੇ ਆਈ ਆ ਕੇ ਦੋਹੇ ਹੱਥ ਜੋੜਕੇ ਇਸ ਪ੍ਰਕਾਰ ਆਖਣ ਲਗੀ, “ਹੇ ਸਵਾਮੀ! ਨਿਸ਼ਚੈ ਹੀ ਵਿਹੱਲ ਕੁਮਾਰ ਸੇਚਨਕ ਹਾਥੀ ਉਪਰ ਸਵਾਰ ਹੋ ਕੇ ਮਹਿਲਾਂ ਦੀਆਂ ਰਾਣੀਆਂ ਨਾਲ ਐਸ਼ ਕਰਦਾ ਹੈ, ਭੋਗ ਭੋਗਦਾ ਹੈ, ਇਸ ਲਈ ਜੇ ਅਸਾਡੇ ਕੋਲ ਸੇਚਨਕ ਗੰਧ ਹਸਤੀ ਨਹੀਂ ਤਾਂ ਇਸ ਰਾਜਪਾਟ ਦਾ ਕਿ ਲਾਭ (ਅਰਥਾਤ ਗੰਧ ਹਸਤੀ ਅਤੇ 14 ਲੜੀਆਂ ਵਾਲੇ ਹਾਰ ਤੋਂ ਬਿਨਾ ਅਪਣਾ ਜਿਉਣਾ ਬੇਕਾਰ ਹੈ) ॥60॥

ਇਸ ਤੋਂ ਬਾਅਦ ਕੋਣਿਕ ਰਾਜਾ ਨੇ ਪਦਮਾਵਤੀ ਦੀ ਉਪਰੋਕਤ ਗੱਲ ਨੂੰ ਨਾ ਕੋਈ ਮਹੱਤਵ ਦਿਤਾ, ਨਾ ਹੀ ਆਦਰ, ਸਗੋਂ ਰਾਜਾ ਕੋਣਿਕ ਚੁਪ ਰਿਹਾ। ਉਸ ਤੋਂ ਬਾਅਦ ਪਦਮਾਵਤੀ ਦੇਵੀ ਨੇ ਕਈ ਵਾਰ ਰਾਜਾ ਕੋਣਿਕ ਨੂੰ ਬੇਨਤੀ ਕੀਤੀ, ਪਰ ਹਰ ਵਾਰ ਰਾਜਾ ਕੋਣਿਕ ਚੁੱਪ ਰਿਹਾ।

ਰਾਜਾ ਕੋਣਿਕ ਨੇ ਪਦਮਾਵਤੀ ਦੇਵੀ ਦੇ ਵਾਰ ਵਾਰ ਆਖਣ ਤੇ, ਇਹ ਵਾਰ ਵਿਹੱਲ ਕੁਮਾਰ ਨੂੰ ਬੁਲਾਇਆ। ਬੁਲਾ ਕੇ ਸੇਚਨਕ ਗੰਧ ਹਸਤੀ ਤੇ 14 ਲੜੀਆਂ ਵਾਲੇ ਹਾਰ ਦੀ ਮੰਗ ਕਰਦਾ ਹੈ। ॥61॥

ਵਿਹੱਲ ਕੁਮਾਰ ਨੇ ਕੋਣਿਕ ਰਾਜਾ ਨੂੰ ਇਸ ਪ੍ਰਕਾਰ ਕਿਹਾ, “ਹੇ ਸਵਾਮੀ! ਇਸ ਸੇਚਨਕ ਗੰਧ ਹਸਤੀ ਅਤੇ 14 ਲੜੀਆਂ ਵਾਲਾ ਹਾਰ, ਰਾਜਾ ਸ਼੍ਰੇਣਿਕ ਨੇ ਮੈਨੂੰ ਮਰਨ ਤੋਂ ਪਹਿਲਾਂ ਦਿਤਾ ਸੀ। ਇਸ ਲਈ ਹੇ ਸਵਾਮੀ! ਜੇ ਤੁਸੀਂ ਆਪਣੇ ਰਾਜ ਭਾਗ ਵਿੱਚੋਂ ਅੱਧਾ ਹਿੱਸਾ ਦੇਵੋਂ ਤਾਂ ਸੇਚਨਕ ਹਾਥੀ ਅਤੇ 14 ਲੜੀਆਂ ਵਾਲਾ ਹਾਰ ਦੇਣ ਨੂੰ ਤਿਆਰ ਹਾਂ। ਕੋਣਿਕ ਰਾਜਾ ਨੇ ਵਿਹੱਲ ਕੁਮਾਰ ਦੀ ਇਸ ਗੱਲ ਦਾ ਨਾ ਆਦਰ ਕੀਤਾ ਅਤੇ ਨਾ ਧਿਆਨ ਦਿਤਾ। ਪਰ ਉਹ (ਕੋਣਿਕ) ਵਾਰ ਵਾਰ ਸੇਚਨਕ ਗੰਧ ਹਸਤੀ ਅਤੇ 14 ਲੜੀ ਹਾਰ ਦੀ ਮੰਗ ਕਰਦਾ ਹੈ। ॥62॥

ਇਸ ਤੋਂ ਬਾਅਦ ਵਿਹੱਲ ਕੁਮਾਰ ਦੇ ਮਨ ਵਿੱਚ ਆਇਆ ਕਿ ਰਾਜਾ ਕੋਣਿਕ ਵਾਰ ਵਾਰ ਸੇਚਨਕ ਗੰਧ ਹਸਤੀ ਅਤੇ 14 ਲੜੀਆਂ ਵਾਲਾ ਹਾਰ ਖੋਹਣ ਦੀ ਇੱਛਾ ਕਰਦਾ ਹੈ। ਗ੍ਰਹਿਣ ਕਰਨ ਦੀ ਇੱਛਾ ਕਰਦਾ ਹੈ। ਖਿੱਚਣ ਦੀ ਇੱਛਾ ਕਰਦਾ ਹੈ। ਇਸ ਲਈ ਮੇਰੇ ਲਈ ਯੋਗ ਹੈ ਕਿ ਕੋਣਿਕ ਰਾਜਾ ਜੱਦ ਤੱਕ ਮੇਰੇ ਪਾਸੋਂ ਸੇਚਨਕ ਗੰਧ ਹਸਤੀ ਤੇ 14 ਲੜੀਆਂ ਵਾਲਾ ਹਾਰ ਖੋਹ ਨਾ ਲਏ, ਗ੍ਰਹਿਣ ਨਾ ਕਰ ਲਵੇ, ਖਿੱਚ ਨਾ ਲਵੇ। ਉਸ ਤੋਂ ਪਹਿਲਾਂ ਮੈਂ ਸੇਚਨਕ ਗੰਧ ਹਸਤੀ ਅਤੇ 14 ਲੜੀ ਹਾਰ ਮਹਿਲਾਂ ਚੋਂ ਪਰਿਵਾਰ, ਸਾਰਾ ਸਾਜ ਸਮਾਨ ਲੈ ਕੇ ਚੰਪਾ ਨਗਰੀ ਛੱਡ ਕੇ ਆਪਣੇ ਨਾਨਾ ਚੇਟਕ ਕੋਲ ਵੈਸ਼ਾਲੀ ਨਗਰੀ ਵਿੱਚ ਰਹਾਂ। ਅਜਿਹਾ ਵਿਚਾਰ ਕੇ ਵਿਹੱਲ ਕੁਮਾਰ ਕੋਣਿਕ ਰਾਜਾ ਦੀ ਗੈਰ ਹਾਜਰੀ ਦੀ ਉਡੀਕ ਕਰਦਾ ਹੈ। ॥63॥

ਇਸ ਤੋਂ ਬਾਅਦ ਇੱਕ ਵਾਰ ਵਿਹੱਲ ਕੁਮਾਰ, ਕੋਣਿਕ ਰਾਜਾ ਦੀ ਗੈਰ ਹਾਜਰੀ ਵਿੱਚ ਆਪਣੇ ਮਹਿਲਾਂ ਦੇ ਪਰਿਵਾਰ ਸਮੇਤ ਸੇਚਨਕ ਗੰਧ ਹਸਤੀ, 14 ਲੜੀਆਂ ਵਾਲਾ ਹਾਰ ਅਤੇ ਘਰੇਲੂ ਸਾਜ ਸਮਾਨ ਲੈ ਕੇ ਵੈਸ਼ਾਲੀ ਨਗਰੀ ਪਹੁਚਿਆ। ਜਿੱਥੇ ਉਹ ਆਪਣੇ ਨਾਨੇ ਚੇਟਕ ਕੋਲ ਰਹਿਣ ਲਗਾ। ॥64॥

ਇਸ ਤੋਂ ਬਾਅਦ ਜੱਦ ਰਾਜਾ ਕੋਣਿਕ ਨੂੰ ਇਸ ਗੱਲ ਦਾ ਪਤਾ ਲੱਗਾ ਉਹ ਸੋਚਨ ਲਗਾ "ਵਿਹੱਲ ਕੁਮਾਰ ਮੈਨੂੰ ਬਿਨ੍ਹਾਂ ਕੁੱਝ ਆਖੇ ਅਪਣੇ ਪਰਿਵਾਰ ਦੇ ਨਾਲ, ਸੇਚਨਕ ਗੰਧ ਹਸਤੀ 14 ਲੜੀਆਂ ਵਾਲਾ ਹਾਰ ਅਤੇ ਕੀਮਤੀ ਸਮਗਰੀ ਅਤੇ ਰਤਨ ਲੈ ਕੇ ਰਾਜਾ ਆਰਿਆ ਚੇਟਕ ਪਾਸ ਆ ਕੇ ਰਹਿਣ ਲੱਗਾ ਹੈ। ਇਸ ਲਈ ਮੈਨੂੰ ਯੋਗ ਹੈ ਕਿ ਮੈਂ ਦੂਤ ਭੇਜ ਕੇ ਸੇਚਨਕ ਗੰਧ ਹਸਤੀ ਅਤੇ 14 ਲੜੀਆਂ ਵਾਲਾ ਹਾਰ ਮੰਗਵਾ ਲਵਾਂ" ਅਜਿਹਾ ਸੋਚ ਕੇ ਉਹ ਦੂਤ ਨੂੰ ਬੁਲਾਉਂਦਾ ਹੈ ਅਤੇ ਇਸ ਪ੍ਰਕਾਰ ਆਖਦਾ ਹੈ, "ਹੇ ਦੇਵਾਨੂਪ੍ਰਿਯ! ਵੈਸ਼ਾਲੀ ਨਗਰੀ ਵਿੱਚ ਮੇਰੇ ਨਾਨਾ ਰਾਜਾ ਚੇਟਕ ਕੋਲ ਜਾਵੋ। ਉਹਨਾਂ ਅੱਗੇ ਹੱਥ ਜੋੜਨਾ ਜੈ ਜੈ ਕਾਰ ਬੁਲਾ ਕੇ ਇਸ ਪ੍ਰਕਾਰ ਆਖਣਾ "ਹੇ ਸਵਾਮੀ" ਰਾਜਾ ਕੋਣਿਕ ਇਸ ਪ੍ਰਕਾਰ ਆਖਦਾ ਹੈ ਕਿ ਮੈਨੂੰ ਬਿਨਾਂ ਆਖੇ ਹੀ ਵਿਹੱਲ ਕੁਮਾਰ ਸੇਚਨਕ

ਗੰਧ ਹਸਤੀ ਸਮੇਤ 14 ਲੜੀਆਂ ਵਾਲਾ ਹਾਰ ਲੈ ਕੇ ਇੱਥੇ ਆ ਗਿਆ ਹੈ। ਸੋ ਆਪ ਵਿਹੱਲ ਕੁਮਾਰ, ਸੇਚਨਕ ਗੰਧ ਹਸਤੀ ਅਤੇ 14 ਲੜੀਆਂ ਵਾਲਾ ਹਾਰ ਸਾਡੇ ਕੋਲ ਭੇਜ ਦਿਉ। ॥65॥

ਇਸ ਪ੍ਰਕਾਰ ਉਹ ਦੂਤ ਰਾਜਾ ਕੋਣਿਕ ਦੁਆਰਾ ਆਖੇ ਵਚਨਾਂ ਨੂੰ ਸਵਿਕਾਰ ਕਰਕੇ ਆਪਣੇ ਘਰ ਆਇਆ ਅਤੇ 4 ਘੰਟੀਆਂ ਵਾਲੇ ਰੱਥ ਵਿੱਚ ਬੈਠ ਕੇ ਰਵਾਨਾ ਹੋਇਆ। ਉਹ ਵੈਸ਼ਾਲੀ ਨਗਰੀ ਪਹੁੰਚ ਕੇ ਆਰਿਆ ਚੇਟਕ ਨੂੰ ਹੱਥ ਜੋੜ ਕੇ, ਜੈ ਜੈਕਾਰ ਕਰਕੇ ਪ੍ਰਦੇਸ਼ੀ ਰਾਜਾ ਦੇ ਚਿੱਤ ਸਾਰਥੀ[5] ਤਰਾਂ ਇਸ ਪ੍ਰਕਾਰ ਆਖਣ ਲਗਾ ਹੇ, ਸਵਾਮੀ! ਰਾਜਾ ਕੋਣਿਕ ਇਸ ਪ੍ਰਕਾਰ ਆਖਦੇ ਹਨ ਕਿ ਮੇਰਾ ਛੋਟਾ ਭਰਾ ਮੈਨੂੰ ਬਿਨ੍ਹਾਂ ਕੁੱਝ ਆਖੇ, ਸੇਚਨਕ ਗੰਧ ਹਸਤੀ ਅਤੇ 14 ਲੜੀਆਂ ਵਾਲਾ ਹਾਰ ਲੈ ਕੇ ਤੁਹਾਡੇ ਪਾਸ ਆ ਗਿਆ ਹੈ। ਇਸ ਲਈ ਆਪ ਇਸਨੂੰ, ਹਾਥੀ ਅਤੇ 14 ਲੜੀਆਂ ਵਾਲਾ ਹਾਰ ਨੂੰ ਮੇਰੇ ਨਾਲ ਭੇਜ ਦਿਉ। ॥66॥

ਇਹ ਸੁਣ ਕੇ ਚੇਟਕ ਰਾਜੇ ਨੇ ਉਸ ਦੂਤ ਨੂੰ ਇਸ ਪ੍ਰਕਾਰ ਕਿਹਾ, "ਹੇ ਦੇਵਾਨੂੰਪ੍ਰਿਯ ਜਿਸ ਤਰ੍ਹਾਂ ਕੋਣਿਕ ਰਾਜਾ ਅਤੇ ਚੇਲਨਾ ਰਾਣੀ ਦਾ ਪੁੱਤਰ ਅਤੇ ਮੇਰਾ ਦੋਹਤਾ ਹੈ ਉਸ ਪ੍ਰਕਾਰ ਵਿਹੱਲ ਕੁਮਾਰ ਵੀ ਰਾਜਾ ਸ਼੍ਰਣਿਕ ਦਾ ਪੁੱਤਰ ਤੇ ਚੇਲਨਾ ਰਾਣੀ ਦਾ ਪੁੱਤਰ ਅਤੇ ਮੇਰਾ ਦੋਹਤਾ ਹੈ। ਸ਼੍ਰੇਣਿਕ ਰਾਜੇ ਨੇ ਅਪਣੇ ਜੀਵਨ ਕਾਲ ਵਿੱਚ ਵਿਹੱਲ ਕੁਮਾਰ ਨੂੰ ਸੇਚਨਕ ਗੰਧ ਹਸਤੀ ਅਤੇ 14 ਲੜੀਆਂ ਵਾਲਾ ਹਾਰ ਦਿੱਤਾ ਸੀ। ਫਿਰ ਵੀ ਜੇ ਰਾਜਾ ਕੋਣਿਕ ਹਾਥੀ ਅਤੇ 14 ਲੜੀਆਂ ਵਾਲਾ ਹਾਰ ਲੈਣਾ ਚਾਹੁੰਦਾ ਹੈ, ਤਾਂ ਉਸ (ਕੋਣਿਕ) ਰਾਜਾ ਨੂੰ ਚਾਹੀਦਾ ਹੈ ਕਿ ਵਿਹੱਲ ਕੁਮਾਰ ਨੂੰ ਅਪਣੇ ਰਾਜ ਦਾ ਅੱਧਾ ਹਿੱਸਾ ਦੇ ਦੇਵੇ। ਜੇ ਕੋਣਿਕ ਰਾਜਾ ਅਜਿਹਾ ਕਰਨਾ ਚਾਹੁੰਦਾ ਹੈ, ਤਾਂ ਮੈਂ ਵਿਹੱਲ ਕੁਮਾਰ, ਸਚੇਨਕ ਗੰਧ ਹਸਤੀ ਤੇ 14 ਲੜਾ ਹਾਰ ਭੇਜ ਸਕਦਾ ਹਾਂ। "ਇਸ ਪ੍ਰਕਾਰ ਆਖ ਕੇ ਰਾਜਾ ਚੇਟਕ ਨੇ ਉਸ ਦੂਤ ਨੂੰ ਆਦਰ ਸਤਿਕਾਰ ਦੇ ਨਾਲ ਵਿਦਾ ਕੀਤਾ। ॥67॥

ਚੇਟਕ ਰਾਜਾ ਤੋਂ ਵਿਦਾਈ ਲੈ ਕੇ ਉਹ ਦੂਤ ਆਪਣੇ ਚਾਰ ਘੰਟੇ ਵਾਲੇ ਰੱਥ ਉਪਰ ਆਇਆ ਅਤੇ ਰੱਥ ਤੇ ਚੜ੍ਹ ਕੇ ਵੈਸ਼ਾਲੀ ਤੋਂ ਬਾਹਰ ਆਇਆ। ਬਾਹਰ ਆ ਕੇ ਚੰਗੇ ਚੰਗੇ ਠਿਕਾਣਿਆਂ ਉਪਰ ਆਰਾਮ ਕਰਕੇ ਸਵੇਰ ਸ਼ਾਮ ਦਾ ਭੋਜਨ ਕਰਕੇ, ਉਹ ਸੁੱਖ ਆਰਾਮ ਨਾਲ ਚੰਪਾ ਨਗਰੀ ਪਹੁੰਚਿਆ। ਚੰਪਾ ਨਗਰੀ ਪਹੁੰਚ ਕੇ ਕੋਣਿਕ ਰਾਜਾ ਕੋਲ ਹੱਥ ਜੋੜ ਕੇ ਜੈ ਜੈਕਾਰ ਕਰਕੇ ਇਸ ਪ੍ਰਕਾਰ ਆਖਣ ਲਗਾ ਹੇ ਸਵਾਮੀ ਚੇਟਕ ਰਾਜਾ ਇਸ ਪ੍ਰਕਾਰ ਆਖਦੇ ਹਨ, ਕਿ ਜਿਸ ਤਰ੍ਹਾਂ ਕੋਣਿਕ ਰਾਜਾ ਤੇ ਰਾਣੀ ਚੇਲਨਾ ਦੇਵੀ ਦਾ ਪੁੱਤਰ ਅਤੇ ਮੇਰਾ ਦੋਹਤਾ ਹੈ। ਉਸੇ ਪ੍ਰਕਾਰ ਵਿਹੱਲ ਕੁਮਾਰ ਵੀ ਸ਼੍ਰੇਣਿਕ ਰਾਜਾ ਤੇ ਰਾਣੀ ਚੇਲਨਾ ਦਾ ਪੁੱਤਰ ਮੇਰਾ ਦੋਹਤਾ ਹੈ। ਜੇ ਕੋਣਿਕ ਰਾਜਾ ਸੇਚਨਕ ਗੰਧ ਹਸਤੀ ਅਤੇ 14 ਲੜੀਆਂ ਵਾਲਾ ਹਾਰ, ਜੋ ਕਿ ਰਾਜਾ ਸ਼੍ਰੇਣਿਕ ਨੇ ਆਪਣੇ ਜੀਵਨ ਕਾਲ ਵਿੱਚ ਵਿਹੱਲ ਕੁਮਾਰ ਨੂੰ ਦਿੱਤਾ ਸੀ ਲੈਣਾ ਚਾਹੁੰਦਾ ਹੈ ਤਾਂ ਆਪਣੇ ਰਾਜ ਭਾਗ ਦਾ ਅੱਧਾ ਹਿੱਸਾ ਵਿਹੱਲ ਕੁਮਾਰ ਨੂੰ ਦੇ ਦੇਵੇ। ਜੇ ਇਸ ਪ੍ਰਕਾਰ ਉਹ ਕਰਨ ਨੂੰ ਤਿਆਰ ਹੋਵੇ, ਤਾਂ ਮੈਂ (ਚੇਟਕ) ਹਾਥੀ ਅਤੇ ਹਾਰ ਸਮੇਤ ਵਿਹੱਲ ਕੁਮਾਰ ਨੂੰ ਭੇਜ ਦੇਵਾਂਗਾ। ਇਸ ਲਈ, ਹੇ ਸਵਾਮੀ! ਨਾ ਰਾਜਾ ਚੇਟਕ ਨੇ 14 ਲੜਾ ਹਾਰ ਦਿੱਤਾ ਹੈ ਨਾ ਸੇਚਨਕ ਗੰਧ ਹਸਤੀ ਅਤੇ ਨਾ ਹੀ ਵਿਹੱਲ ਕੁਮਾਰ" ॥68॥

ਇਸ ਤੋਂ ਬਾਅਦ ਕੋਣਿਕ ਰਾਜਾ ਨੇ ਦੂਸਰੀ ਵਾਰ ਫੇਰ ਦੂਤ ਨੂੰ ਬੁਲਾਇਆ ਅਤੇ ਕਿਹਾ, "ਹੇ ਦੇਵਾਨੂੰਪ੍ਰਿਯ! ਵੈਸ਼ਾਲੀ ਨਗਰੀ ਵਿੱਚ ਜਾਵੋ, ਉੱਥੇ ਜਾ ਕੇ ਮੇਰੇ ਨਾਨਾ ਚੇਟਕ ਨੂੰ ਹੱਥ ਜੋੜ ਕੇ, ਜੈ ਜੈਕਾਰ ਬੁਲਾ ਕੇ, ਆਖੋ ਹੇ ਸਵਾਮੀ! ਰਾਜਾ ਕੋਣਿਕ ਦਾ ਇਹ ਆਖਣਾ ਹੈ ਕਿ ਜੋ ਰਾਜ ਵਿੱਚ ਰਤਨ ਪੈਦਾ ਹੁੰਦੇ ਹਨ। ਉਹਨਾਂ ਉਪਰ ਰਾਜਕੁਲ ਦਾ ਹੀ ਅਧਿਕਾਰ ਹੁੰਦਾ ਹੈ। ਸ਼੍ਰੇਣਿਕ ਰਾਜਾ ਦੇ ਰਾਜ ਦੇ ਸਮੇਂ ਦੋ ਰਤਨ ਪੈਦਾ ਹੋਏ ਸਨ। ਇੱਕ ਸਚੇਨਕ ਗੰਧ ਹਸਤੀ ਅਤੇ ਇੱਕ 14 ਲੜੀਆਂ ਵਾਲਾ ਹਾਰ, ਹੇ ਸਵਾਮੀ ਰਾਜਕੁਲ ਦੀ ਪ੍ਰੰਪਰਾ ਦਾ ਨਾਸ਼ ਨਾ ਹੋਵੇ। ਇਸ ਲਈ ਆਪ ਮੈਨੂੰ (ਕੋਣਿਕ) ਨੂੰ

ਸੇਚਨਕ ਗੰਧ ਹਸਤੀ ਅਤੇ 14 ਲੜੀਆਂ ਵਾਲਾ ਹਾਰ ਅਰਪਣ ਕਰ ਦੇਵੋ ਅਤੇ ਵਿਹੱਲ ਕੁਮਾਰ ਨੂੰ ਭੇਜ ਦੇਵੋ। ॥69॥

ਦੂਤ ਪਾਸੋਂ ਰਾਜਾ ਕੋਣਿਕ ਦੀ ਇਹ ਗੱਲ ਸੁਣ ਕੇ ਰਾਜਾ ਚੇਟਕ ਦੂਤ ਨੂੰ ਇਸ ਪ੍ਰਕਾਰ ਆਖਣ ਲੱਗਾ, "ਹੇ ਦੇਵਨੂੰਪ੍ਰਿਯ! ਜਿਸ ਤਰ੍ਹਾਂ ਕੋਣਿਕ ਸ਼੍ਰੇਣਿਕ ਰਾਜਾ ਤੇ ਰਾਣੀ ਚੇਲਨਾ ਦਾ ਪੁੱਤਰ ਹੈ ਅਤੇ ਮੇਰਾ ਦੋਹਤਾ ਹੈ ਉਸੇ ਤਰ੍ਹਾਂ ਵਿਹੱਲ ਕੁਮਾਰ ਸ਼੍ਰੇਣਿਕ ਰਾਜਾ ਅਤੇ ਰਾਣੀ ਚੇਲਨਾ ਦਾ ਪੁੱਤਰ ਮੇਰਾ ਦੋਹਤਾ ਹੈ ਰਾਜਾ ਸ਼੍ਰੇਣਿਕ ਨੇ ਅਪਣੇ ਜੀਵਨ ਕਾਲ ਵਿੱਚ ਸਚੇਨਕ ਗੰਧ ਹਸਤੀ ਅਤੇ 14 ਲੜੀਆ ਵਾਲਾ ਹਾਰ ਬੜੇ ਪ੍ਰੇਮ ਨਾਲ ਦਿਤਾ ਹੈ। ਇਸ ਲਈ, ਇਸ ਉਪਰ ਰਾਜਕੁਲ ਦਾ ਕੋਈ ਅਧਿਕਾਰ ਨਹੀਂ। ਜੇ ਕੋਣਿਕ ਹਾਥੀ ਅਤੇ ਹਾਰ ਲੈਣਾ ਚਾਹੁੰਦਾ ਹੈ ਤਾਂ ਉਹ ਆਪਣੇ ਰਾਜ ਭਾਗ ਵਿੱਚੋਂ ਅੱਧਾ ਹਿੱਸਾ ਵਿਹੱਲ ਕੁਮਾਰ ਨੂੰ ਦੇ ਦੇਵੇ। ਕੋਣਿਕ ਰਾਜਾ ਦੇ ਅਜਿਹਾ ਕਰਨ ਤੇ ਮੈਂ (ਚੇਟਕ ਰਾਜਾ) ਹਾਥੀ, ਹਾਰ ਅਤੇ ਵਿਹੱਲ ਕੁਮਾਰ ਨੂੰ ਭੇਜ ਦੇਵਾਂਗਾ। ਅਜਿਹਾ ਆਖ ਕੇ ਰਾਜਾ ਚੇਟਕ ਨੇ ਦੂਤ ਦਾ ਆਦਰ ਸਤਿਕਾਰ ਕਰਨ ਤੋਂ ਬਾਅਦ ਉਸ ਦੂਤ ਨੂੰ ਸੁੱਖ ਪੂਰਵਕ ਵਿਦਾ ਕੀਤਾ। ॥70॥

ਉਹ ਦੂਤ ਵੈਸ਼ਾਲੀ ਨਗਰੀ ਤੋਂ ਚਲ ਕੇ ਰਾਜਾ ਕੋਣਿਕ ਕੋਲ ਆਇਆ ਅਤੇ ਹੱਥ ਜੋੜ ਕੇ ਜੈ ਜੈਕਾਰ ਕਰਕੇ ਆਖਣ ਲੱਗਾ। ਹੇ ਸਵਾਮੀ! ਰਾਜਾ ਚੇਟਕ ਨੇ ਇਸ ਪ੍ਰਕਾਰ ਉੱਤਰ ਦਿੱਤਾ ਹੈ ਕਿ ਜਿਸ ਪ੍ਰਕਾਰ ਕੋਣਿਕ ਰਾਜਾ, ਸ਼੍ਰੇਣਿਕ ਰਾਜੇ ਦੀ ਰਾਣੀ ਚੇਲਨਾ ਦਾ ਪੁੱਤਰ ਅਤੇ ਮੇਰਾ ਦੋਹਤਾ ਹੈ, ਉਸ ਪ੍ਰਕਾਰ ਵਿਹੱਲ ਕੁਮਾਰ ਵੀ ਰਾਜਾ ਸ਼੍ਰੇਣਿਕ ਤੇ ਰਾਣੀ ਚੇਲਨਾ ਦਾ ਪੁੱਤਰ ਤੇ ਮੇਰਾ ਦੋਹਤਾ ਹੈ। ਰਾਜਾ ਸ਼੍ਰੇਣਿਕ ਨੇ ਇਹ ਸਚੇਨਕ ਗੰਧ ਹਸਤੀ ਤੇ 14 ਲੜੀਆਂ ਵਾਲਾ ਹਾਰ ਅਪਣੇ ਜੀਵਨ ਕਾਲ ਵਿੱਚ ਵਿਹੱਲ ਕੁਮਾਰ ਨੂੰ ਪਿਆਰ ਵਜੋਂ ਭੇਂਟ ਕੀਤਾ ਸੀ, ਸੋ ਰਾਜਕੁਲ ਦਾ ਇਸ ਉਪਰ ਕੋਈ ਪਰੰਪਰਾਗਤ ਅਧਿਕਾਰ ਨਹੀਂ ਫਿਰ ਵੀ ਜੇ ਉਹ (ਕੋਣਿਕ) ਆਪਣੇ ਰਾਜ ਭਾਗ ਦਾ ਅੱਧ ਵਿਹੱਲ ਕੁਮਾਰ ਨੂੰ ਦੇ

ਦੇਵੇ ਤਾਂ ਸਚੇਨਕ ਗੰਧ ਹਸਤੀ ਤੇ 14 ਲੜੀਆਂ ਵਾਲਾ ਹਾਰ ਮਿਲ ਸਕਦਾ ਹੈ। ਇਸ ਤਰ੍ਹਾਂ ਨਾ ਹੀ ਉਹਨਾਂ ਵਿਹੱਲ ਕੁਮਾਰ ਨੂੰ ਭੇਜਿਆ ਹੈ। ॥71॥

## ਰਾਜਾ ਕੋਣਿਕ ਦੀ ਰਾਜਾ ਚੇਟਕ ਨੂੰ ਯੁੱਧ ਦੀ ਧਮਕੀ:

ਉਸ ਦੂਤ ਦੇ ਮੁਖੋਂ ਅਜਿਹੇ ਬਚਨ ਸੁਣ ਕੇ ਰਾਜਾ ਕੋਣਿਕ ਨੂੰ ਅਚਾਨਕ ਕੋਰਧ ਆ ਗਿਆ। ਉਹ ਕਰੋਧ ਦੀ ਅੱਗ ਵਿੱਚ ਜਲਨ ਲੱਗਾ। ਉਸਨੇ ਤੀਸਰੀ ਵਾਰ ਦੂਤ ਨੂੰ ਬੂਲਾ ਕੇ ਆਖਿਆ, "ਹੇ ਦੇਵਾਨੂੰਪ੍ਰਿਯ! ਵੈਸ਼ਾਲੀ ਨਗਰੀ ਜਾਵੋ, ਉੱਥੇ ਜਾ ਕੇ ਰਾਜਾ ਚੇਟਕ ਦੀ ਪੈਰ ਰੱਖਨ ਵਾਲੀ ਚੌਂਕੀ ਨੂੰ ਖੱਬੇ ਪੈਰ ਦੀ ਠੋਕਰ ਮਾਰ ਕੇ, ਭੱਲੇ ਦੀ ਨੋਕ ਉਪਰ ਰੱਖ ਕੇ ਇਹ ਪੱਤਰ ਦੇਣਾ, ਪੱਤਰ ਦੇ ਕੇ ਕਰੋਧ ਵਿੱਚ ਆ ਜਾਣਾ! ਕਰੋਧ ਵਿੱਚ ਆ ਕੇ ਮੱਥੇ ਤਿਉੜਿਆਂ ਪਾ ਅੱਖਾਂ ਕੱਢ ਕੇ ਆਖਣਾ ਹੇ ਮੌਤ ਦੇ ਇੱਛੁਕ! ਬੇਸ਼ਰਮਾ! ਬੁਰੇ ਸਿਟਿਆਂ (ਨਤੀਜਿਆਂ) ਵਾਲੇ, ਲਕਸ਼ਮੀ ਰਹਿਤ, ਮੁਰਖ ਰਾਜਾ ਚੇਟਕ, ਕੋਣਿਕ ਰਾਜਾ ਤੈਨੂੰ ਹੁਕਮ ਦਿੰਦਾ ਹੈ ਕਿ ਸੇਚਨਕ ਗੰਧ ਹਸਤੀ ਅਤੇ 14 ਲੜੀਆਂ ਵਾਲਾ ਹਾਰ, ਮੈਨੂੰ ਅਰਪਣ ਕਰ ਦੇ ਅਤੇ ਵਿਹੱਲ ਕੁਮਾਰ ਨੂੰ ਵੀ ਭੇਜ ਦੇ, ਨਹੀਂ ਤਾਂ ਯੁੱਧ ਲਈ ਤਿਆਰ ਹੋ ਜਾ। ਰਾਜਾ ਕੋਣਿਕ ਫੋਜਾਂ, ਸਵਾਰਿਆ ਤੇ ਕਾਫਲੇ ਨਾਲ ਯੁੱਧ ਕਰਨ ਛੇਤੀ ਆ ਰਿਹਾ ਹੈ। ॥72॥

ਇਸ ਤੋਂ ਬਾਅਦ ਰਾਜਾ ਕੋਣਿਕ ਨੇ ਇਸ ਪ੍ਰਕਾਰ ਆਖਣ ਤੇ ਉਸ ਦੇਸ਼ ਦੇ ਦੂਤ ਨੇ ਰਾਜਾ ਦੀ ਆਗੀਆ ਹੱਥ ਜੋੜ ਕੇ ਸਵੀਕਾਰ ਕੀਤੀ ਅਤੇ ਪਹਿਲਾਂ ਦੀ ਤਰ੍ਹਾਂ ਰਾਜਾ ਚੇਟਕ ਕੋਲ ਆਇਆ ਹੱਥ ਜੋੜ ਕੇ ਜੈ ਜੈਕਾਰ ਕਰਨ ਤੋਂ ਬਾਅਦ ਇਸ ਪ੍ਰਕਾਰ ਆਖਣ ਲੱਗਾ, ਹੇ ਸਵਾਮੀ! ਇਹ ਮੇਰੀ ਬਿਨੇ ਹੈ ਅਤੇ ਹੁਣ ਜੋ ਰਾਜਾ ਕੋਣਿਕ ਦਾ ਹੁਕਮ ਹੈ, ਮੈਂ ਉਹ ਆਖਦਾ ਹਾਂ, "ਅਜਿਹਾ ਆਖਦੇ ਅਪਣੇ ਖੱਬੇ ਪੈਰ ਰਾਜ ਚੇਟਕ ਦੇ ਸਿੰਘਾਸਨ ਦੇ ਹੇਠ ਪੈਰ ਵਾਲੀ ਚੋਕੀ ਨੂੰ ਠੋਕਰ ਲਗਾਉਂਦਾ ਹੈ ਅਤੇ ਗੁੱਸੇ ਵਾਲਾ ਚੇਹਰਾ ਬਣਾ ਕੇ ਭਾਲੇ ਦੀ ਨੋਕ ਵਿੱਚ ਪੱਤਰ ਨੂੰ ਫਸਾ ਕੇ ਸੰਦੇਸ਼ ਸੁਣਾਉਦਾ ਹੈ।

ਹੇ ਮੌਤ ਨੂੰ ਚਟਣ ਵਾਲੇ! ਬੇ ਸ਼ਰਮ, ਬੁਰਾ ਹਸ਼ਰ ਰੱਖਣ ਵਾਲੇ ਮੂਰੱਖ ਰਾਜਾ ਚੇਟਕ, ਮੈਂ ਕੋਣਿਕ ਰਾਜਾ ਤੈਨੂੰ ਹੁਕਮ ਦਿੰਦਾ ਹਾਂ, ਕਿ ਸਚੇਨਕ ਗੰਧ ਹਸਤੀ ਤੇ 14 ਲੜੀਆਂ ਵਾਲਾ ਹਾਰ ਮੈਨੂੰ ਅਰਪਿਤ ਕਰ ਅਤੇ ਵਿਹੱਲ ਕੁਮਾਰ ਨੂੰ ਵੀ ਮੇਰੇ ਕੋਲ ਭੇਜ ਨਹੀਂ ਤਾਂ ਲੜਾਈ ਲਈ ਤਿਆਰ ਹੋ ਜਾ ਨਹੀਂ ਤਾਂ ਕੋਣਿਕ ਦੀ ਸੈਨਾ, ਹਥਿਆਰ ਅਤੇ ਛਾਵਨੀ ਨਾਲ ਲੜਾਈ ਲਈ ਛੇਤੀ ਆ ਰਿਹਾ ਹੈ। ॥73॥

ਉਸ ਪਰ ਚੇਟਕ ਰਾਜਾ ਨੇ ਉਸ ਦੂਤ ਦੇ ਮੂੰਹ ਤੋਂ ਇਸ ਪ੍ਰਕਾਰ ਦਾ ਸੁਨੇਹਾ ਸੁਣ ਕੇ ਗੁੱਸਾ ਹੋ ਗਿਆ, ਅੱਖਾਂ ਲਾਲ ਕਰਕੇ ਆਖਣ ਲੱਗਾ, "ਹੇ ਦੂਤ! ਮੈਂ ਕੋਣਿਕ ਰਾਜਾ ਨੂੰ ਨਾਂ ਤਾਂ ਸਚੇਨਕ ਗੰਧ ਹਸਤੀ, ਨਾਂ ਹੀ 14 ਲੜੀਆਂ ਵਾਲਾ ਹਾਰ ਨਾਂ ਵਿਹੱਲ ਕੁਮਾਰ ਦੇ ਸਕਦਾ ਹਾਂ, ਤੂੰ ਜਾ ਅਤੇ ਆਖ ਕਿ ਜੋ ਕੋਣਿਕ ਨੇ ਜੋ ਕਰਨਾ ਹੈ ਕਰ ਲੇਵੇ, ਯੁੱਧ ਲਈ ਮੈਂ ਤਿਆਰ ਹਾਂ" ਅਜਿਹਾ ਆਖ ਕੇ ਉਹ ਉਸ ਦੂਤ ਨੂੰ ਅਪਮਾਨਿਤ ਕਰਦਾ ਹੈ ਅਤੇ ਸ਼ਹਿਰ ਦੇ ਪਿਛਲੇ ਦਰਵਾਜੇ ਤੋਂ ਬਾਹਰ ਕੱਢਦਾ ਹੈ (ਅਰਥਾਤ ਦੁਰਗੰਧ ਨਾਲ ਭਰੇ ਨਾਲੇ ਰਾਹੀਂ ਉਸ ਨੂੰ ਬਾਹਰ ਕੱਢਦਾ ਹੈ)। ॥74॥

## ਰਾਜਾ ਕੋਣਿਕ ਦੁਆਰਾ ਯੁੱਧ ਦੀ ਤਿਆਰੀ:

ਦੂਤ ਉੱਥੋਂ ਚੱਲ ਕੇ ਕੋਣਿਕ ਰਾਜਾ ਪਾਸ ਆਇਆ ਅਤੇ ਸਾਰਾ ਵਰਤਾਂਤ ਆਖਣ ਲੱਗਾ। ਕੋਣਿਕ ਦੂਤ ਦੇ ਮੁੱਖ ਤੋਂ ਰਾਜਾ ਚੇਟਕ ਨਾਲ ਹੋਈ ਗੱਲਬਾਤ ਸੁਣ ਕੇ ਲਾਲ ਪੀਲਾ ਹੋ ਜਾਂਦਾ ਹੈ। ਉਸ ਕਾਲ ਆਦਿ ਕੁਮਾਰ ਨੂੰ ਬੁਲਾਉਂਦਾ ਹੈ ਤੇ ਆਖਦਾ ਹੈ, "ਹੇ ਦੇਵਾਨੂੰਪ੍ਰਿਯ! ਵਿਹੱਲ ਕੁਮਾਰ ਮੈਨੂੰ ਬਿਨ੍ਹਾਂ ਕੁੱਝ ਆਖੇ ਸੇਚਨਕ ਗੰਧ ਹਸਤੀ, 14 ਲੜੀਆਂ ਵਾਲਾ ਹਾਰ ਅਤੇ ਮਹਿਲ ਦੇ ਪਰਿਵਾਰ ਸਮੇਤ, ਘਰੇਲੂ ਤੇ ਕੀਮਤੀ ਸਾਮਾਨ ਲੈ ਕੇ ਚੰਪਾ ਤੋਂ ਵੈਸ਼ਾਲੀ ਰਾਜਾ ਚੇਟਕ ਕੋਲ ਚਲਾ ਗਿਆ ਹੈ। ਇਸ ਖਬਰ ਨੂੰ ਸੁਣਕੇ ਮੈਂ ਹਾਥੀ ਤੇ ਹਾਰ ਅਤੇ ਵਿਹੱਲ ਕੁਮਾਰ ਦੀ ਵਾਪਸੀ ਲਈ ਅਪਣੇ ਦੋ ਦੂਤਾਂ ਨੂੰ ਭੇਜੀਆ, ਪ੍ਰੰਤੂ ਰਾਜਾ ਚੇਟਕ ਨੇ ਸਾਡੀ ਗੱਲ ਨਹੀਂ ਮੰਨੀ। ਤੀਸਰੀ ਵਾਰ ਦੂਤ ਭੇਜੀਆ ਪਰ ਰਾਜਾ

ਚੇਟਕ ਨੂੰ ਉਸ ਦਾ ਅਪਮਾਨ ਕਰਕੇ ਉਸਨੂੰ ਨਗਰੀ ਦੇ ਪਿਛੜੇ ਦਰਵਾਜੇ ਵਿੱਚੋਂ ਦੀ ਬਾਹਰ ਕਰ ਦਿੱਤਾ। ਇਸ ਲਈ ਦੇਵਾਨੂੰਪ੍ਰਿਯ! ਸਾਨੂੰ ਚਾਹਿਦਾ ਹੈ ਕਿ ਰਾਜਾ ਚੇਟਕ ਰਾਜਾ ਦਾ ਮੁਕਾਬਲਾ ਕਰੀਏ" ॥75॥

ਇਹ ਸੁਣ ਕੇ ਕਾਲ ਆਦਿ 10 ਰਾਜ ਕੁਮਾਰਾਂ ਨੇ ਰਾਜਾ ਕੋਣਿਕ ਦੀ ਗੱਲ ਸਵੀਕਾਰ ਕਰ ਲਈ। ॥76॥

ਇਸ ਤੋਂ ਬਾਅਦ ਉਹ ਕੋਣਿਕ ਰਾਜਾ ਲਾਲ ਆਦਿ ਦਸ ਕੁਮਾਰਾਂ ਨੂੰ ਇਸ ਪ੍ਰਕਾਰ ਆਖਦਾ ਹੈ। ਉਸ ਤੋਂ ਬਾਅਦ ਕੋਣਿਕ ਰਾਜਾ ਕਾਲ ਆਦਿ ਦਸ ਕੁਮਾਰਾਂ ਨੂੰ ਇਸ ਪ੍ਰਕਾਰ ਆਖਦਾ ਹੈ, "ਹੇ ਦੇਵਾਨੂੰਪ੍ਰਿਯ! ਤੁਸੀਂ ਅਪਣੇ ਰਾਜ ਵਿੱਚ ਜਾਵੋ ਇਸ਼ਨਾਨ ਅਤੇ ਮੰਗਲ (ਸ਼ੁਭ) ਕਰਮ ਕਰਕੇ ਹਾਥੀ ਉਪਰ ਸਵਾਰ ਹੋ ਕੇ ਹਰ ਰਾਜ ਕੁਮਾਰ ਤਿੰਨ ਤਿੰਨ ਹਜਾਰ ਹਾਥੀ, ਤਿੰਨ ਤਿੰਨ ਹਜਾਰ ਰੱਥ, ਤਿੰਨ ਤਿੰਨ ਹਜਾਰ ਘੋੜੇ ਅਤੇ ਤਿੰਨ ਤਿੰਨ ਕਰੋੜ ਸੈਨਿਕ ਲੈ ਕੇ, ਸੱਜ ਧੱਜ ਨਾਲ ਵਾਜੇ ਗਾਜੇ ਨਾਲ ਮੇਰੇ ਕੋਲ ਪੁਜੇ। ॥77॥

ਇਹ ਸੁਣ ਕੇ ਕਾਲ ਆਦਿ 10 ਕੁਮਾਰ ਆਪਣੇ ਰਾਜ ਜਾਂਦੇ ਹਨ, ਕੋਣਿਕ ਦੇ ਹੁਕਮ ਅਨੁਸਾਰ ਸਾਰੀਆ ਸਾਮਗਰੀਆਂ ਨਾਲ ਭਰਪੂਰ ਹੋ ਕੇ ਅੰਗ ਦੇਸ਼ ਦੀ ਰਾਜਧਾਨੀ ਚੰਪਾ ਨਗਰੀ ਵਿੱਚ ਰਾਜਾ ਕੋਣਿਕ ਕੋਲ ਪਹੁੰਚੇ ਅਤੇ ਹੱਥ ਜੋੜ ਕੇ ਰਾਜਾ ਦੀ ਜੈ ਜੈਕਾਰ ਕਰਨ ਲੱਗੇ। ॥78॥

ਕਾਲ ਆਦਿ ਕੁਮਾਰ ਦੇ ਆ ਜਾਣ ਤੇ ਰਾਜਾ ਕੋਣਿਕ ਆਪਣੇ ਕੋਟਵਿੰਕ ਪੁਰਸ਼ (ਨੌਕਰ) ਨੂੰ ਬੁਲਾ ਕੇ ਆਖਦਾ ਹੈ, ਹੇ ਦੇਵਾਨੂਪ੍ਰਿਯ! ਛੇਤੀ ਮੇਰੇ ਹਾਥੀ ਨੂੰ ਸਜਾਉ! ਹਾਥੀ, ਘੋੜੇ, ਰੱਥ ਅਤੇ ਪੈਦਲ ਆਦਿ ਚਾਰ ਪ੍ਰਕਾਰ ਦੀ ਸੈਨਾ ਤਿਆਰ ਕਰੋ। ਮੇਰੇ ਹੁਕਮ ਦੀ ਪਾਲਨਾ ਕਰਕੇ ਮੈਨੂੰ ਸੁਚਿਤ ਕਰੋ। ॥79॥

ਰਾਜਾ ਕੋਣਿਕ ਦੀ ਇਸ ਆਗਿਆ ਨੂੰ ਸੁਣ ਕੇ ਉਸ ਹੁਕਮ ਅਨੁਸਾਰ ਸਾਰੇ ਕੰਮ ਕੀਤੇ ਅਤੇ ਰਾਜੇ ਨੂੰ ਸੂਚਿਤ ਕੀਤਾ। ਇਸ ਤੋਂ ਬਾਅਦ ਰਾਜਾ ਕੋਣਿਕ ਇਸ਼ਨਾਨ ਘਰ

ਵਿੱਚ ਆਇਆ ਨਹਾਉਣ ਤੋਂ ਬਾਅਦ ਉਹ ਸੱਜੇ ਸਭਾ ਮੰਡਪ ਆਇਆ ਤੇ ਸੱਜੇ ਹਾਥੀ ਤੇ ਚੱੜ ਗਿਆ।

ਇਸ ਤੋਂ ਬਾਅਦ ਉਹ ਕੋਣਿਕ ਰਾਜਾ ਤਿੰਨ ਹਜ਼ਾਰ ਹਾਥੀ, ਘੋੜੇ, ਰੱਥ ਅਤੇ ਤਿੰਨ ਕਰੋੜ ਸੈਨਿਕਾਂ ਨਾਲ ਚੰਪਾ ਨਗਰੀ ਵਿੱਖੇ ਪਹੁੰਚਿਆ, ਪਹੁੰਚ ਕੇ ਜਿੱਥੇ ਲਾਲ ਆਦਿ 10 ਰਾਜ ਕੁਮਾਰ ਸਨ। ਉੱਥੇ ਆਇਆ ਅਤੇ ਲਾਲ ਆਦਿ 10 ਕੁਮਾਰਾਂ ਨੂੰ ਮਿਲਿਆ। ॥80॥

ਉਸ ਤੋਂ ਬਾਅਦ ਉਹ ਕੋਣਿਕ ਰਾਜਾ 33 ਹਜ਼ਾਰ ਹਾਥੀ, ਘੋੜੇ, 33 ਹਜਾਰ ਰੱਥ ਅਤੇ 33 ਕਰੋੜ ਫੋਜੀਆਂ ਨਾਲ ਘੀਰੀਆ ਹੋਇਆ, ਬਾਜੇ ਗਾਜੇ ਦੇ ਨਾਲ ਸ਼ੁਭ ਸਥਾਨਾ ਤੇ ਠਹਿਰ, ਖਾਂਦਾ ਪੀਂਦਾ ਥੋੜੇ ਥੋੜੇ ਡੇਰੇ ਲਾ ਕੇ ਆਰਾਮ ਕਰਦਾ ਜਿੱਥੇ ਵਿਦੇਹ ਦੇਸ਼ ਦੀ ਰਾਜਧਾਨੀ ਵੈਸ਼ਾਲੀ ਨਗਰੀ ਸੀ ਉੱਥੇ ਪਹੁੰਚੀਆ। ॥81॥

## ਰਾਜਾ ਚੇਟਕ ਦੁਆਰਾ ਯੁੱਧ ਦੀ ਤਿਆਰੀ:

ਇਸ ਤੋਂ ਬਾਅਦ ਚੇਟਕ ਰਾਜਾ ਨੇ ਕੋਣਿਕ ਦੀ ਚੜ੍ਹਾਈ ਦਾ ਸਮਾਚਾਰ ਸੁਣ ਕੇ ਕਾਸ਼ੀ ਅਤੇ ਕੋਸ਼ਲ ਦੇਸ਼ ਦੇ ਨੌਂ (9) ਮੱਲ ਅਤੇ (9) ਲਿਛੱਵੀ ਇਨ੍ਹਾਂ 18 ਗਣਰਾਜ ਦੇ ਰਾਜਿਆਂ ਨੂੰ ਬੁਲਾ ਕੇ ਇਸ ਪ੍ਰਕਾਰ ਆਖਣ ਲੱਗਾ, "ਹੇ ਦੇਵਾਨੂਪ੍ਰਿਯ! ਵਿਹੱਲ ਕੁਮਾਰ ਰਾਜਾ ਕੋਣਿਕ ਦੇ ਡਰ ਤੋਂ ਸੇਚਨਕ ਗੰਧ ਹਸਤੀ ਅਤੇ 14 ਲੜੀਆਂ ਵਾਲਾ ਹਾਰ ਲੈ ਕੇ ਮੇਰੇ ਕੋਲ ਆ ਗਿਆ ਸੀ। ਇਸ ਖਬਰ ਨੂੰ ਸੁਣ ਕੇ ਕੋਣਿਕ ਨੇ ਤਿੰਨ ਦੂਤ ਮੇਰੇ ਪਾਸ ਭੇਜੇ, ਮੈਂ ਉਹਨਾਂ ਦੂਤਾਂ ਨੂੰ ਇਨਕਾਰ ਦਾ ਕਾਰਨ ਦੱਸ ਕੇ ਮਨ੍ਹਾਂ ਕਰ ਦਿੱਤਾ। ਉਸ ਤੋਂ ਬਾਅਦ ਕੋਣਿਕ ਮੇਰੀ ਗੱਲ ਨਾ ਮਨ ਕੇ ਚਾਰ ਪ੍ਰਕਾਰ ਦੀ ਸੈਨਾ ਨਾਲ ਲੜਾਈ ਲਈ ਤਿਆਰ ਹੋ ਕੇ ਆ ਰਿਹਾ ਹੈ। ਹੁਣ ਕਿ ਮੈਂ ਸੇਚਨਕ ਗੰਧ ਹਸਤੀ, 14 ਲੜੀਆਂ ਹਾਰ ਅਤੇ ਵਿਹੱਲ ਕੁਮਾਰ ਉਸ ਨੂੰ ਵਾਪਸ ਕਰ ਦੇਵਾਂ ਜਾਂ ਲੜਾਂ?" ॥82॥

ਉਸ ਤੋਂ ਬਾਅਦ 18 ਗਣਰਾਜਾਂ ਦੇ ਰਾਜੀਆਂ ਨੇ ਕਿਹਾ, "ਹੇ ਸਵਾਮੀ! ਨਾ ਇਹ ਠੀਕ ਹੈ, ਨਾਂ ਆਖਣ ਦੀ ਜ਼ਰੂਰਤ ਹੈ, ਨਾਂ ਇਹ ਰਾਜਕੁਲ ਦੀ ਮਰਿਆਦਾ ਅਨੁਸਾਰ ਹੈ, ਕਿ ਆਪ ਸੇਚਨਕ ਗੰਧ ਹਸਤੀ, 14 ਲੜੀਆਂ ਵਾਲਾ ਹਾਰ ਅਤੇ ਸ਼ਰਨਾਗਤ ਵਿਹੱਲ ਕੁਮਾਰ ਨੂੰ ਵਾਪਸ ਕਰੋ, ਹੇ ਸਵਾਮੀ! ਜੇ ਰਾਜਾ ਕੋਣਿਕ ਚਤ ਰੰਗੀ ਸੈਨਾ ਲੈ ਕੇ ਲੜਾਈ ਲਈ ਤਿਆਰ ਹੋ ਆ ਰਿਹਾ ਹੈ ਤਾਂ ਅਸੀਂ ਲੜਨ ਲਈ ਤਿਆਰ ਹਾਂ" ॥83॥

ਉਨ੍ਹਾਂ ਰਾਜੀਆਂ ਦੀ ਗੱਲ ਸੁਣਕੇ ਰਾਜਾ ਚੇਟਕ ਨੇ ਉਨ੍ਹਾਂ 18 ਗਣਰਾਜਾਂ ਦੇ ਰਾਜੀਆਂ ਨੂੰ ਇਸ ਪ੍ਰਕਾਰ ਆਖਿਆ, "ਹੇ ਦੇਵਾਨੂਪ੍ਰਿਆ! ਜੇ ਤੁਸੀਂ ਕੋਣਿਕ ਨਾਲ ਲੜਨਾ ਚਾਹੁੰਦੇ ਹੋ ਤਾਂ ਅਪਣੇ ਅਪਣੇ ਰਾਜ ਵਿੱਚ ਜਾਵੋ। ਇਸ਼ਨਾਨ ਆਦਿ ਕ੍ਰਿਆਵਾਂ ਕਰਕੇ ਲੜਨ ਲਈ, ਕਾਲ ਆਦਿ 10 ਰਾਜ ਕੁਮਾਰਾਂ ਦੀ ਤਰ੍ਹਾਂ ਸੈਨਾ ਨਾਲ ਸਜਕੇ ਆਵੋ। ਰਾਜਾ ਚੇਟਕ ਦਾ ਹੁਕਮ ਸੁਣਕੇ, ਉਹ ਰਾਜਾ ਅਪਣੇ ਗਣਰਾਜ ਵਿੱਚ ਆਕੇ, ਸਮੁਚੀ ਸੈਨਿਕ ਤਿਆਰੀ ਕਰਦੇ ਹਨ। ਰਾਜਾ ਚੇਟਕ ਦੀ ਵੈਸ਼ਾਲੀ ਨਗਰੀ ਵਿੱਚ ਆਉਂਦੇ ਹਨ, ਰਾਜਾ ਚੇਟਕ ਦੀ ਜੈ ਜੈਕਾਰ ਕਰਦੇ ਹਨ। ॥84॥

ਉਸ ਤੋਂ ਬਾਅਦ ਰਾਜਾ ਚੇਟਕ ਕੋਟਬਿੰਕ ਪੁਰਸ਼ ਨੂੰ ਬੁਲਾਉਂਦਾ ਹੈ ਬੁਲਾ ਕੇ ਹਾਥੀ ਨੂੰ ਸਜਾਉਣ ਦਾ ਹੁਕਮ ਦਿੰਦਾ ਹੈ। ਕੋਣਿਕ ਦੀ ਤਰ੍ਹਾਂ ਉਹ ਵੀ ਹਾਥੀ ਤੇ ਚੜ੍ਹਦਾ ਹੈ। ॥85॥

ਉਦੋਂ ਰਾਜਾ ਚੇਟਕ ਤਿੰਨ ਹਜਾਰ ਹਾਥੀ, ਘੋੜੇ, ਰੱਥ ਅਤੇ ਤਿੰਨ ਕਰੋੜ ਸੈਨਿਕਾਂ ਨਾਲ, ਕੋਣਿਕ ਦੀ ਤਰ੍ਹਾਂ ਵੈਸ਼ਾਲੀ ਨਗਰੀ ਵਿੱਚ ਉੱਥੇ ਪਹੁੰਚਦਾ ਹੈ ਜਿਥੇ 18 ਗਣਰਾਜਾਂ ਦੇ ਰਾਜਾ ਸਨ।

ਹੁਣ ਚੇਟਕ 57000 ਹਾਥੀ, 57000 ਘੋੜੇ, 57000 ਰੱਥ, 57 ਕਰੋੜ ਸੈਨਿਕਾਂ ਨਾਲ ਘਿਰਿਆ ਹੋਇਆ, ਸੱਜ ਧੱਜ ਕੇ, ਬਾਜੇ ਗਾਜੇ ਨਾਲ ਕੋਣਿਕ ਦੀ ਤਰ੍ਹਾਂ ਚੰਗੀ ਜਗ੍ਹਾ ਸਵੇਰ ਦਾ ਨਾਸ਼ਤਾ ਕਰਦਾ ਹੋਇਆ, ਆਰਾਮ ਲਈ ਥੋੜਾ ਰੁਕਦਾ ਹੋਇਆ,

ਵਿਦੇਹ ਦੇਸ਼ ਦੇ ਵਿਚਕਾਰ, ਜਿੱਥੇ ਦੇਸ ਦੀ ਹੱਦ ਸੀ, ਉੱਥੇ ਆਇਆ। ਛਾਉਣੀ ਲਗਾ ਲਈ, (ਰਾਜਾ ਚੇਟਕ), ਉਹ ਕੋਣਿਕ ਦਾ ਇੰਤਜਾਰ ਕਰਨ ਲੱਗਾ। ॥86॥

ਇਸ ਤੋਂ ਬਾਅਦ ਕੋਣਿਕ ਵੀ ਉਸੇ ਤਰ੍ਹਾਂ ਉੱਥੇ ਪਹੁੰਚੀਆ, ਜਿੱਥੇ ਦੇਸ਼ ਦੀ ਹੱਦ ਸੀ ਉਸ ਨੇ ਮਹਾਰਾਜਾ ਚੇਟਕ ਤੋਂ ਇਕ ਯੋਜਨ ਦੂਰੀ ਤੇ ਅਪਣੀ ਸੈਨਿਕ ਛਾਉਣੀ ਬਨਾ ਲਈ। ਇਸ ਤੋਂ ਬਾਅਦ ਦੋਹਾਂ ਰਾਜਾਵਾਂ ਨੇ ਰਣਭੂਮੀ ਤਿਆਰ ਕੀਤੀ ਅਤੇ ਲੜਾਈ ਲਈ ਮੈਦਾਨ ਵਿਚ ਆ ਗਏ। ॥87॥

ਇਸ ਤੋਂ ਬਾਅਦ ਕੋਣਿਕ ਨੇ 33 ਹਜਾਰ ਹਾਥੀ, ਘੋੜੇ, ਰੱਥ ਅਤੇ 33 ਕਰੋੜ ਸਿਪਾਹੀਆਂ ਦਾ ਚੱਕਰਵਿਉ ਬਨਾਇਆ (ਉਸ ਦੇ ਸੈਨਿਕ) ਅਪਣੇ ਅਪਣੇ ਗਰੁਪ ਨਾਲ ਲੜਾਈ ਦੇ ਮੈਦਾਨ ਵਿੱਚ ਰੱਥ ਮੁਸਲ ਸੰਗਰਾਮ ਕਰਨ ਲਈ ਆ ਗਏ। ॥88॥

ਇਸੇ ਤਰ੍ਹਾਂ ਰਾਜਾ ਚੇਟਕ ਨੇ ਵੀ 57 - 57 ਹਜ਼ਾਰ ਹਾਥੀ, ਘੋੜੇ, ਰੱਥ ਤੇ 57 ਕਰੋੜ ਸਿਪਾਹੀਆਂ ਦਾ ਚਕਰਵਿਉ ਤਿਆਰ ਕਰਕੇ ਰੱਥ ਮੁਸਲ ਸੰਗਰਾਮ ਕਰਨ ਲਈ ਆ ਗਿਆ। ॥89॥

## ਦੋਹਾਂ ਰਾਜਿਆਂ ਵਲੋਂ ਵੈਸ਼ਾਲੀ ਦੇ ਮੈਦਾਨ ਵਿੱਚ ਘਮਾਸਾਨ ਯੁੱਧ:

ਉਸ ਤੋਂ ਬਾਅਦ ਦੋਹਾਂ ਰਾਜਿਆਂ ਦੀ ਫੋਜ ਹਥਿਆਰਾਂ ਨਾਲ ਸੱਜ ਧੱਜ ਕੇ ਹੱਥ ਵਿਚ ਢਾਲ, ਬਾਹਰ ਖਿਚਿਆ ਤਲਵਾਰਾਂ ਨਾਲ, ਕੰਧੇ ਉਪਰ ਰੱਖੇ ਤੁਣਿਕ, ਚੜਾਏ ਹੋਏ ਧਨੁਸ ਬਾਨ ਛੜਦੇ ਹੋਏ, ਚੰਗੀਆਂ ਫੜਕ ਦੀਆਂ ਬਾਹਾ ਨਾਲ ਉਚੇ ਟੰਗੇ ਵਿਸ਼ਾਲ ਘੰਟੀਆਂ ਦੀ ਤਰ੍ਹਾਂ ਛੇਤੀ ਬਜਾਏ ਜਾਣ ਵਾਲੇ ਬਾਜੀਆਂ ਨਾਲ ਭਿਅੰਕਰ ਸ਼ੋਰ ਕਰਦੇ ਹੋਏ ਸਮੁੰਦਰ ਦੇ ਜਵਾਰਭਾਟੇ ਦੀ ਤਰ੍ਹਾਂ ਆਵਾਜ ਕਰਦੇ ਹੋਏ ਸਾਰੇ ਸੈਨਿਕ ਸਾਮਗਰੀ ਨਾਲ ਭਰਪੂਰ ਸੀ। ਉੱਥੇ ਤੇਜ ਲਲਕਾਰ ਮਾਰਦੇ ਘੋੜ ਸਵਾਰ, ਘੋੜ ਸਵਾਰਾਂ ਨਾਲ, ਹਾਥੀ ਸਵਾਰ ਹਾਥੀ ਸਵਾਰ ਨਾਲ, ਰੱਥਵਾਨ ਰੱਥਵਾਨਾ ਦੇ ਨਾਲ, ਪੈਦਲ, ਪੈਦਲਾਂ ਦੇ ਨਾਲ, ਆਪਸ ਵਿੱਚ ਯੁੱਧ ਕਰਨ ਲੱਗੇ। ॥90॥

ਇਸ ਤੋਂ ਬਾਅਦ ਦੋਹਾਂ ਰਾਜਿਆਂ ਦੇ ਬਹਾਦਰ ਅਪਣੇ ਰਾਜਿਆਂ ਦੀ ਆਗਿਆ ਦਾ ਈਮਾਨਦਾਰੀ ਨਾਲ ਪਾਲਨ ਕਰਦੇ ਹੋਏ, ਜਿਆਦਾ ਤੋਂ ਜਿਆਦਾ ਮੁਨੱਖਾਂ ਦਾ ਨੁਕਸ਼ਾਨ, ਕੱਤਲ, ਖਾਤਮਾ ਅਤੇ ਮੂਲ-ਮੁੱਦਾ ਖਤਮ ਕਰਨ ਲੱਗੇ ਜਿਸ ਨਾਲ ਮਰੇ ਹੋਏ ਸਿਰਾਂ ਦੀ ਗਿਣਤੀ ਬਹੁਤ ਹੋ ਗਈ, ਯੁੱਧ ਦੇ ਮੈਦਾਨ ਵਿੱਚ ਸਿਰ ਤੋਂ ਬਿਨ੍ਹਾ ਧੱੜ ਨੱਚ ਰਹੇ ਸੀ। ਹਾਥੀਆਂ ਦਾ ਰੂਪ ਭਿੰਅਕਰ ਹੋ ਗਿਆ, ਮੈਦਾਨ ਨੂੰ ਖੂਨ ਦੇ ਚੀਕੜ ਨਾਲ ਭਰਦੇ ਹੋਏ ਯੋਧੇ ਆਪਸ ਵਿੱਚ ਲੜਨ ਲੱਗੇ। ॥91॥

ਇਸ ਤੋਂ ਬਾਅਦ ਉਹ ਕਾਲ ਕੁਮਾਰ ਤਿੰਨ ਹਜਾਰ ਹਾਥੀ, ਘੋੜੇ, ਰੱਥ ਤੇ ਤਿੰਨ ਕਰੋੜ ਮਨੁੱਖਾਂ ਦੇ ਸਮੂਹ ਨਾਲ ਗਰੜ ਵਿਉ ਦੀ ਰਚਨਾ ਕਰਕੇ ਅਪਣੀ ਫੋਜ ਦੇ 11ਵੇਂ ਭਾਗ ਦੇ ਨਾਲ ਰਾਜਾ ਕੋਣਿਕ ਦੇ ਨਾਲ ਰੱਥ ਮੁਸਲ ਸੰਗਰਾਮ ਵਿੱਚ ਰਾਜਾ ਚੇਟਕ ਨਾਲ ਯੁੱਧ ਕਰਦਾ ਹੋਇਆ ਜਖਮੀ ਹੋ ਕੇ ਮਰ ਗਿਆ, ਜਿਸ ਪ੍ਰਕਾਰ ਭਗਵਾਨ ਮਹਾਵੀਰ ਨੇ ਕਾਲੀ ਦੇਵੀ ਨੂੰ ਆਖਿਆ ਸੀ। ॥92॥

"ਹੇ ਗੋਤਮ! ਉਸ ਕਾਲ ਕੁਮਾਰ ਦੇ ਇਸ ਪ੍ਰਕਾਰ ਅਰਿਬ ਅਤੇ ਅਸ਼ੁਭ ਕਰਮਾ ਦੇ ਬੰਧ ਕਾਰਨ ਮਰਕੇ, ਚੋਥੀ ਪੰਕਪ੍ਰਭਾ ਨਾਉ ਦੀ ਨਰਕ ਵਿਚ ਹੇਮਾਭਵਨਾਉ ਦੇ ਨਰਕ ਵਿਚ ਪੈਦਾ ਹੋਇਆ" ॥93॥

"ਹੇ ਭਗਵਾਨ! ਕਾਲ ਕੁਮਾਰ ਚੋਥੀ ਨਰਕ ਵਿਚੋਂ ਉਮਰ ਖਤਮ ਕਰਕੇ ਕਿੱਥੇ ਪੈਦਾ ਹੋਵੇਗਾ"? "ਹੇ ਗੋਤਮ! ਕਾਲ ਕੁਮਾਰ ਮਹਾਵਿਦੇਹ ਖੇਤਰ ਵਿਚ ਜਨਮ ਲੈਕੇ ਦਰਿੜ ਪ੍ਰਤਿਗ ਦੀ ਤਰ੍ਹਾਂ ਸਿੱਧ-ਬੁੱਧ ਮੁਕਤ ਹੋਵੇਗਾ, ਤੇ ਸਭ ਦੁੱਖਾਂ ਦਾ ਅੰਤ ਕਰੇਗਾ"

"ਹੇ ਜੰਬੂ! ਇਸ ਪ੍ਰਕਾਰ ਸਿੱਧ ਗਤਿ ਵਿਚ ਪਧਾਰੇ ਭਗਵਾਨ ਮਹਾਵੀਰ ਨੇ ਨਿਰਯਾਵਾਲੀਕਾਂ ਸੁਤਰ ਦੇ ਪਹਿਲੇ ਅਧਿਐਨ ਦਾ ਵਰਨਣ ਕੀਤਾ ਹੈ" ॥94॥

ਟਿਪਣੀਆਂ:

ਇਸ ਨਗਰੀ ਦਾ ਵਿਸਥਾਰ ਨਾਲ ਵਰਨਣ ਸ਼੍ਰੀ ਉਵਵਾਈ ਸੂਤਰ ਵਿੱਚ ਮਿਲਦਾ ਹੈ। ਸ਼ਾਸਤਰਾਂ ਵਿੱਚ ਇਹ ਮਰਿਆਦਾ ਹੈ, ਕਿ ਜਿੱਥੇ ਇੱਕ ਕਿਸਮ ਦਾ ਵਰਨਣ ਹੁੰਦਾ ਹੈ ਉੱਥੇ (ਜਾਵ) ਸ਼ਬਦ ਆਖ ਦਿੱਤਾ ਜਾਂਦਾ ਹੈ ਜਿਸਦਾ ਭਾਵ ਹੈ, ਕਿ ਜਿਵੇਂ ਪਹਿਲਾਂ ਵਰਨਣ ਕੀਤਾ ਜਾ ਚੁੱਕਾ ਹੈ।

ਚੰਪਾ ਨਗਰੀ ਦਾ ਵਰਨਣ:

ਟਿਪਣੀ ਨੰਬਰ 1:

ਉਸ ਕਾਲ, ਉਸ ਸਮੇਂ ਚੰਪਾ ਨਾਂ ਦੀ ਨਗਰੀ ਸੀ, ਉਹ ਮਹਾਨ ਰਿੱਧੀਆਂ ਸਿੱਧੀਆਂ ਨਾਲ ਭਰਪੂਰ ਸੀ, ਉਸ ਸ਼ਹਿਰ ਦੇ ਲੋਕ ਖੁਸ਼ੀ ਭਰਪੂਰ ਜਿੰਦਗੀ ਬਤੀਤ ਕਰਦੇ ਸਨ, ਉਥੋਂ ਦੀ ਵਸੋ ਭਰਵੀ ਸੀ, ਉਸਦੇ ਆਸ ਪਾਸ ਸੈਕੜੇ, ਹਜਾਰਾਂ, ਲੱਖਾਂ ਹੱਲਾ ਦੇ ਜੋਤਨ ਯੋਗ ਵਾਹੀ ਦੀ ਭੂਮੀ ਸੀ। ਉਸ ਨਗਰੀ ਵਿੱਚ ਅਨੇਕਾਂ ਮੁਰਗਿਆਂ ਤੇ ਸਾਂਡ ਦੇ ਝੁੰਡ ਸਨ। ਉਸ ਨਗਰੀ ਵਿੱਚ ਗੰਨੇ, ਜੌਂ ਤੇ ਚਾਵਲ ਦੇ ਖੇਤ ਸੋਹਣੇ ਲਗਦੇ ਸਨ, ਉਸ ਸ਼ਹਿਰ ਵਿੱਚ ਕਾਫੀ ਸੰਖਿਆਂ ਵਿੱਚ ਗਾਵਾਂ, ਮੱਝਾਂ ਤੇ ਭੇਡਾਂ ਸਨ।

ਉਹ ਨਗਰੀ ਸੁੰਦਰ, ਸ਼ਿਲਪ ਭਰਪੂਰ ਚੇਤਿਆਵਾਂ (ਸਮਾਰਕ ਮੰਦਰਾਂ) ਅਤੇ ਨੌਜਵਾਨ ਲੜਕੀਆਂ ਦੀਆਂ ਸੰਸਥਾਵਾਂ ਨਾਲ ਭਰਪੂਰ ਸੀ। ਉਹ ਨਗਰੀ ਰਿਸ਼ਵਤਖੋਰ, ਜੇਬ ਕਤਰੇ, ਉਚੱਕੇ, ਚੋਰ, ਡਾਕੂ ਅਤੇ ਭੈੜੇ ਲੋਕਾਂ ਅਤੇ ਰਾਜਿਆਂ ਦੇ ਅਤਿੱਆਚਾਰਾਂ ਤੋਂ ਰਹਿਤ ਸੀ।

ਉੱਥੇ ਭਿਕਸ਼ੂਆਂ ਦੇ ਖਾਣ ਲਈ ਯੋਗ ਭਿਕਸ਼ਾ ਮਿਲਦੀ ਸੀ, ਉੱਥੇ ਭਿੰਨ ਭਿੰਨ ਮੱਤਾਂ ਦੇ ਲੋਕ ਭੈ ਰਹਿਤ ਹੋਕੇ ਅਰਾਮ ਦੀ ਜਿੰਦਗੀ ਗੁਜਾਰਦੇ ਸਨ। ਘਣੀ ਆਬਾਦੀ ਹੋਣ ਦੇ ਬਾਵਜੂਦ ਵੀ ਲੋਕ ਆਪਸ ਵਿੱਚ ਬੜੇ ਅਮਨ ਅਤੇ ਸੰਤੋਖ ਨਾਲ ਰਹਿੰਦੇ ਸਨ। ਉਸ ਨਗਰੀ ਵਿੱਚ ਨਾਟਕ ਕਰਨ ਵਾਲੇ ਨਚਣ ਵਾਲੇ, ਮੁੱਕੇਬਾਜ, ਵਿਦੂਸ਼ਕ, ਕਥਾ ਕਰਨ

ਵਾਲੇ, ਤੈਰਾਕ, ਵੀਰ ਰਸ ਦੀਆਂ ਕਹਾਣੀਆਂ ਗਾਉਣ ਵਾਲੇ, ਚੰਗਾ ਮੰਦਾ ਫਲ ਦਸਣ ਵਾਲੇ, ਬਾਂਸ ਤੇ ਖੇਡ ਵਿਖਾਉਣ ਵਾਲੇ, ਤਸਵੀਰਾਂ ਵਿਖਾਕੇ ਗੁਜਾਰਾ ਕਰਨ ਵਾਲੇ, ਦੂਣ ਨਾਮਕ ਵੀਣ ਵਜਾਉਣ ਵਾਲੇ ਤੇ ਝਾਕੀਆਂ ਵਿਖਾਉਣ ਵਾਲੇ ਰਹਿੰਦੇ ਸਨ। ਉਸ ਨਗਰੀ ਵਿੱਚ ਅਨੇਕਾਂ ਘਰੇਲੂ ਬਗੀਚੀਆਂ, ਪਬਲਿਕ ਪਾਰਕ, ਖੂਹ ਤਲਾਓ, ਲੰਬੀਆਂ ਬਾਊਲੀਆਂ ਅਤੇ ਜਲ ਕਿਆਰੀਆਂ ਸਨ।

ਉਸ ਨਗਰੀ ਵਿੱਚ ਉੱਚੀ ਵਿਸਥਾਰ ਵਾਲੀ ਡੂੰਘੀ ਤੇ ਉਪਰ ਤੋਂ ਚੋੜੀ ਖਾਈ ਸੀ ਜਿਸ ਵਿੱਚ ਚੱਕਰ, ਗੱਦਾ, ਮਸੁੰਡੀ (ਇੱਕ ਪ੍ਰਕਾਰ ਦੀ ਬੰਦੂਕ) ਅਵਰੋਧ (ਹਾਥੀਆਂ ਨੂੰ ਰੋਕਣ ਵਾਲਾ ਮਜਬੂਤ ਹਥਿਆਰ) ਸੱਤ ਧਵਨੀ (ਤੋਪ) ਅਤੇ ਵਿਸ਼ਾਲ ਦਰਵਾਜੇ ਸਨ ਖਾਸ ਪ੍ਰਕਾਰ ਦੇ ਗੋਲ ਕਵਿ ਸ਼ੀਸਗ (ਬਾਂਦਰ ਦੇ ਸਿਰ ਵਾਂਗ ਬਾਹਰ ਦੁਸ਼ਮਨ ਦੀਆਂ ਹਰਕਤਾਂ ਵੇਖਣ ਵਾਲੇ ਮੋਘੇ) ਸ਼ੋਭਾ ਦੇ ਰਹੇ ਸਨ। ਉਸ ਕਿਲੇ ਵਿੱਚ ਅਨੇਕਾਂ ਪ੍ਰਕਾਰ ਦੇ ਸੁਰਖਿਅਤ ਸਥਾਨ, ਛੋਟੀਆਂ ਖਿੜਕੀਆਂ, ਸ਼ਹਿਰ ਦੇ ਦਰਵਾਜੇ ਅਤੇ ਸੁੰਦਰ ਤੋਰਨ ਦਵਾਰ ਸਨ। ਇੱਹ ਦਰਵਾਜੇ ਸ਼ਹਿਰ ਦੀਆਂ ਸੜਕਾਂ ਨੂੰ ਕਈ ਭਾਗਾਂ ਵਿੱਚ ਵੰਡਦੇ ਸਨ। ਉਨ੍ਹਾਂ ਦਰਵਾਜਿਆਂ ਤੇ ਇੰਦਰਕਿਲ (ਦਰਵਾਜਿਆਂ ਦੇ ਤਿਖੇ ਕਿਲ) ਕੁਸ਼ਲ ਸ਼ਿਲਪ ਅਚਾਰੀਆਂ ਰਾਹੀਂ ਬਣਾਏ ਗਏ ਸਨ। ਉਸ ਨਗਰੀ ਵਿੱਚ ਅਨੇਕਾਂ ਹਟਾਂ, ਵਿਊਪਾਰ ਦੇ ਕੇਂਦਰ ਸਨ, ਜੋ ਲੋਕਾਂ ਦੀ ਜ਼ਰੂਰਤ ਪੂਰੀ ਕਰਦੇ ਸਨ। ਤਿਕੋਨ, ਚੋਨਕ ਅਤੇ ਚਾਰ ਤੋਂ ਜਿਆਦਾ ਰਸਤਿਆਂ ਦੇ ਰਾਹ ਵਿੱਚ ਅਨੇਕਾਂ ਲੋਕਾਂ ਦੀ ਭੀੜ ਸੜਕ ਤੇ ਘੁੰਮਦੀ ਸੀ, ਰਾਹ ਵਿੱਚ ਅਨੇਕਾਂ ਘੋੜੇ, ਮਸਤ ਹਾਥੀ, ਢੱਕੀਆਂ ਪਾਲਕੀਆਂ, ਰੱਥਾਂ ਤੇ ਗੱਡੀਆਂ ਆਦਿ ਸਵਾਰੀਆਂ ਘੁੰਮਦੀਆਂ ਸਨ, ਕਮਲ ਅਤੇ ਹਰਿਆਲੀ ਨਾਲ ਭਰਪੂਰ ਤਲਾਓ ਰਾਹਾਂ ਦੀ ਸ਼ੋਭਾ ਵਧਾਉਂਦੇ ਸਨ। ਸੜਕ ਦੇ ਦੋਹਾਂ ਕਿਨਾਰੇ ਸਫੇਦ ਭਵਨਾਂ ਦੀਆਂ ਕਤਾਰਾਂ ਮਨ ਨੂੰ ਮੋਹਦੀਆਂ ਸਨ। ਸ਼ਹਿਰ ਨੂੰ ਵੇਖਦੇ ਅੱਖ ਉੱਚੀ ਹੁੰਦੀ ਸੀ। ਸ਼ਹਿਰ ਚਿੱਤ ਨੂੰ ਚੰਗਾ ਲਗਣ ਵਾਲਾ ਅੱਖਾਂ ਨੂੰ ਚੰਗਾ ਲੱਗਣ ਵਾਲਾ, ਮਨ ਨੂੰ ਮੋਹਨ ਵਾਲਾ ਤੇ ਦਿਲ ਵਿੱਚ ਵਸ ਜਾਣ ਵਾਲਾ ਸੀ।

ਨੰਬਰ 2:

## ਪੂਰਨ ਭੱਦਰ ਚੇਤਯ (ਮੰਦਰ) ਦਾ ਵਰਨਣ:

ਉਸ ਚੰਪਾ ਨਗਰੀ ਦੇ ਬਾਹਰ ਉੱਤਰ ਪੂਰਵ ਵੱਲ ਇੱਕ ਪੂਰਨ ਭੱਦਰ ਨਾਂ ਦਾ ਚੇਤਯ (ਯਕਸ਼ ਦਾ ਮੰਦਰ) ਸੀ। ਉਹ ਬਹੁਤ ਪੁਰਾਤਨ ਸੀ। ਪੁਰਾਣੇ ਲੋਕ ਵੀ ਉਸ ਮੰਦਰ ਦੀ ਪ੍ਰਾਚੀਨਤਾ ਵਾਰੇ ਦੱਸਦੇ ਸਨ। ਉਸ ਚੇਤਯ ਦੀ ਪ੍ਰਸ਼ੰਸਾ ਵਿੱਚ ਅਨੇਕਾਂ ਗੀਤ ਬਣ ਚੁੱਕੇ ਸਨ। ਉਸ ਚੇਤਯ ਨੂੰ ਚੜ੍ਹਾਵੇ ਦੀ ਆਮਦਨ ਸੀ। ਇਹ ਮੰਦਰ ਛੱਤਰ, ਧਵੱਜ, ਘੰਟਾ, ਛੋਟੀਆਂ ਬੜੀਆਂ ਝੰਡੀਆਂ ਨਾਲ ਸਜਿਆ ਹੋਇਆ ਸੀ। ਉੱਥੇ ਇੱਕ ਵੇਦੀ ਸੀ, ਜਮੀਨ ਗੋਹੇ ਨਾਲ ਲਿਪੀ ਹੋਈ ਸੀ। ਕੰਧਾ ਖੜ੍ਹੀਆਂ ਮਿੱਟੀ, ਚੂਨੇ ਆਦਿ ਨਾਲ ਬਣਾਈਆਂ ਗਈਆਂ ਸਨ। ਕੰਧਾਂ ਤੇ ਗੋਰੋਚਨ ਅਤੇ ਲਾਲ ਚੰਦਨ ਦੇ ਹੱਥਾਂ ਦੇ ਛਾਪੇ ਲੱਗੇ ਹੋਏ ਸਨ। ਚੰਦਨ ਕਲਸ਼ ਰੱਖੇ ਹੋਏ ਸਨ। ਹਰ ਦਰਵਾਜਾ ਚੰਦਨ, ਕਲਸ਼ ਤੇ ਝੰਡੀਆਂ ਨਾਲ ਸਜਿਆ ਹੋਇਆ ਸੀ। ਉੱਥੇ ਛੱਤ ਨੂੰ ਛੋਂਹਦੇ ਹੋਏ ਵਿਸ਼ਾਲ ਗੋਲ, ਫੁੱਲ ਬੂਟੇ ਅਤੇ ਬੇਲਾਂ ਖੋਦੀਆਂ ਹੋਈਆਂ ਸਨ।

ਚੇਤਯ ਪੰਜ ਰੰਗੇ ਸੁਗੰਧ ਵਾਲੇ ਫੁੱਲਾਂ ਕਲੀਆਂ ਦੀ ਪੂਜਾ ਨਾਲ ਭਰਪੂਰ ਸੀ। ਭਾਵ ਉੱਥੇ ਫੁੱਲਾਂ ਨਾਲ ਪੂਜਾ ਹੁਮਦਿ ਸੀ ਕਾਲਾ ਅਗਰ (ਧੂਪ) ਉੱਤਮ ਕਦਰੂਕ ਅਤੇ ਤਰੁੱਕ ਦੀ ਧੁਪ ਦੀ ਖੁਸ਼ਬੂ ਵਾਤਾਵਰਨ ਨੂੰ ਮਨਮੋਹਕ ਬਣਾਉਂਦੀ ਸੀ। ਮਹਿਕ ਦੀਆਂ ਲਪਟਾਂ ਉਠਦੀਆਂ ਸਨ, ਸੁਗੰਧਿਤ ਧੂਏਂ ਦੇ ਛੱਲੇ ਬਣ ਜਾਂਦੇ ਸਨ। ਉਹ ਚੇਤਯ ਨਟ, ਨਚਣ ਵਾਲੇ, ਜਲ, ਰਸੀ ਤੇ ਚੜਨ ਵਾਲਾ, ਮਲ, ਮੁੱਕੇਬਾਜ, ਵਿਦੁਸ਼ਕਾਂ (ਹਸਾਉਣ ਵਾਲੇ) ਤੈਰਾਕਾਂ, ਕਥਾਂ ਕਰਨ ਵਾਲਿਆਂ, ਰਾਸ ਵਾਲਿਆਂ, ਭਵਿੱਖ ਦਸਣ ਵਾਲਿਆ, ਬਾਂਸ ਦੇ ਉੱਪਰ ਖੇਲ ਵਿਖਾਉਣ ਵਾਲਿਆਂ, ਦੇਵਤਿਆਂ ਤੇ ਵੀਰਾਂ ਦੀਆਂ ਤਸਵੀਰ ਵਿਖਾਉਣ ਵਾਲਿਆਂ, ਤੁਨਤਨੀ ਵਜਾਉਣ ਵਾਲਿਆਂ, ਵੀਣਾ ਵਜਾਉਣ ਵਾਲਿਆਂ ਪੁਜਾਰੀਆਂ ਤੇ ਭੱਟਾਂ ਨਾਲ ਭਰਿਆ ਰਹਿੰਦਾ ਸੀ। ਬਹੁਤ ਸਾਰੇ ਦੇਸ਼ਾਂ ਤੇ ਪ੍ਰਦੇਸ਼ਾਂ ਵਿੱਚ

ਉਸ ਚੇਤਯ ਦਾ ਯਸ਼ ਫੈਲ ਚੁੱਕਾ ਸੀ। ਬਹੁਤ ਸਾਰੇ ਭਗਤਾਂ ਦੇ ਲਈ ਖਾਸ ਢੰਗਾਂ ਨਾਲ ਚੰਦਨ ਆਦਿ ਸੁਗੰਧਿਤ ਪਦਾਰਥ ਦੀ ਪੂਜਾ ਯੋਗ ਸਤੂਤੀ ਬੰਦਨ ਕਰਨ ਯੋਗ, ਅੰਗਾਂ ਨੂੰ ਝੁੱਕਾ ਕੇ ਨਮਸਕਾਰ ਕਰਨ ਯੋਗ, ਫੁੱਲਾਂ ਨਾਲ ਪੂਜਨ ਯੋਗ, ਕਪੜੇ ਆਦਿ ਨਾਲ ਸਤਿਕਾਰ ਕਰਨ ਯੋਗ, ਮਨ ਨਾਲ ਆਦਰ ਦੇਣ ਯੋਗ ਕਲਿਆਣ, ਮੰਗਲ ਅਤੇ ਦੇਵਤੇ ਦੇ ਯੋਗ, ਵਿਨੈ ਨਾਲ ਭਗਤੀ ਕਰਨ ਯੋਗ, ਮਹਾਨ ਸੱਚ, ਮਨ ਦੀਆਂ ਮੁਰਾਦਾਂ ਪੂਰੀਆਂ ਕਰਨ ਵਾਲਾ, ਸੇਵਾ ਦਾ ਫੱਲ ਦੇਣ ਵਾਲਾ ਅਤੇ ਹਜਾਰਾਂ ਪ੍ਰਕਾਰ ਦੀ ਪੂਜਾ ਨਾਲ ਖੁਸ਼ੀ ਦੇਣ ਵਾਲਾ ਸੀ। ਬਹੁਤ ਸਾਰੇ ਲੋਕ ਪੂਰਨ ਭੱਦਰ ਚੇਤਯ ਵਿੱਚ ਆ ਕੇ ਪੂਜਾ ਕਰਦੇ ਸਨ।

ਬਾਗ ਦਾ ਵਰਨਣ:

ਉਹ ਪੂਰਨ ਭੱਦਰ ਚੇਤਯ ਬਹੁਤ ਬੜੇ ਬਨ ਖੰਡ (ਜੰਗਲ) ਨਾਲ ਚਹੁਮ ਪਾਸਿਆਂ ਨਾਲ ਘਿਰਿਆ ਹੋਇਆ ਸੀ। ਉਸ ਬਨਖੰਡ ਦੀ ਝਾਂਕੀ ਅਤੇ ਛਾਂ ਕਾਲੀ, ਨੀਲੀ, ਹਰੀ ਠੰਡੀ, ਚਮਕੀਲੀ ਅਤੇ ਤੇਜ ਸੀ। ਉਹ ਬਾਗ ਆਪ ਫੁਲਾਂ ਨਾਲ ਭਰਪੂਰ ਸੀ। ਉਸ ਬਾਗ ਦੀਆਂ ਸ਼ਾਖਾਵਾਂ ਚਟਾਈ ਦੀ ਤਰ੍ਹਾਂ ਸੰਘਨੀਆਂ ਸਨ।

ਉਸ ਬਨ ਦੇ ਦਰਖਤ, ਮੂਲ ਕੰਦ, ਸਕੰਧ, ਛਾਲ, ਸ਼ਾਖਾ ਪ੍ਰਵਾਲ (ਪੱਤੇ ਫੁਟਣ ਦੀ ਹਾਲਤ) ਪੱਤੇ, ਫੁੱਲ - ਫੱਲ ਤੇ ਬੀਜਾਂ ਨਾਲ ਭਰਪੂਰ ਸਨ। ਉਹ ਉੱਤਮ ਢੰਗ ਨਾਲ ਵਧੇ ਹੋਏ ਸਨ। ਸੁੰਦਰ ਤੇ ਗੋਲ ਸਨ ਅਨੇਕਾਂ ਸ਼ਾਖਾ ਉਪ ਸ਼ਾਖਾਵਾਂ ਨਾਲ ਫੱਲੇ ਹੋਏ ਸਨ। ਅਨੇਕਾਂ ਆਦਮੀਆਂ ਦੀਆਂ ਪਸਾਰੀਆਂ ਬਾਹਾਂ ਵੀ ਨਾ ਪਕੜ ਸਕਨ, ਅਜਿਹੇ ਮੋਟੇ ਉਨ੍ਹਾਂ ਦਰਖਤਾਂ ਦੇ ਤਨੇ ਸਨ। ਪੱਤੇ ਛੇਦ ਰਹਿਤ, ਇੱਕ ਦੂਜੇ ਨੂੰ ਛਾਂ ਦੇਣ ਵਾਲ, ਕੀੜੇ ਮਕੋੜੇ, ਟਿੱਡੀਆਂ, ਚੂਹੇ ਆਦਿ ਜੰਤੂਆਂ ਤੋਂ ਰਹਿਤ ਸਨ। ਉਨ੍ਹਾਂ ਦਰਖਤਾਂ ਤੇ ਪੁਰਾਣੇ ਪੀਲੇ ਪੱਤੇ ਗਿਰਾ ਦਿਤੇ ਜਾਂਦੇ ਸਨ। ਉੱਥੇ ਹਰੇ ਚਮਕਦੇ ਨਵੇਂ ਮਜਬੂਤ ਪੱਤਿਆਂ,

ਤਾਂਬੇ ਦੇ ਰੰਗ ਜੇਹੇ ਕੋਮਲ ਉਜਲ ਹਿਲਦੇ ਪੱਤਿਆਂ ਅਤੇ ਤਾਂਬੇ ਦੇ ਰੰਗ ਜੇਹੇ ਕੋਮਲ ਪੱਤਿਆਂ ਨਾਲ ਲੱਦੇ ਹੋਏ ਸਨ।

ਉਨ੍ਹਾਂ ਵਿੱਚ ਕਈ ਦਰਖਤ ਬਾਰਾਂ ਮਹੀਨੇ ਫਲਦੇ ਫੁਲਦੇ ਸਨ। ਕਈ ਦਰਖਤ ਸਦਾ ਫੁੱਲਾਂ ਨਾਲ ਲੱਦੇ ਰਹਿੰਦੇ ਸਨ। ਕਈ ਹਰ ਰੋਜ ਪੱਤਿਆਂ ਦੇ ਭਾਰ ਨਾਲ ਝੂਮਦੇ ਸਨ। ਕਈ ਹਮੇਸ਼ਾ ਫੁੱਲਾਂ ਦੇ ਗੁੱਛਿਆਂ ਨਾਲ ਲੱਦੇ ਰਹਿੰਦੇ ਸਨ। ਕਈ ਪੱਤਿਆਂ ਦੇ ਗੁਛੇਆਂ ਨਾਲ ਸੋਹਨੇ ਲਗਦੇ ਸਨ, ਕਈ ਦਰਖਤ ਮਜਬੂਤੀ ਨਾਲ ਖੜੇ ਸਨ, ਕਈ ਵੇਲਾਂ ਵਾਲੇ ਸਨ ਕਈ ਫੱਲ ਦੇ ਭਾਰ ਨਾਲ ਝੁਕੇ ਰਹਿੰਦੇ ਸਨ। ਉਹ ਦਰਖਤਾਂ ਦਾ ਝੁੰਡ, ਦੂਰ ਤੱਕ ਪਹੁੰਚਣ ਵਾਲੀ ਸੁਗੰਧੀ ਕਾਰਣ ਮਨ ਨੂੰ ਮੋਹ ਲੈਂਦਾ ਸੀ, ਕਿਉਂਕਿ ਉਹ ਦਰੱਖਤਾਂ ਦਾ ਝੁੰਡ ਪਿਆਸ ਬੁਝਾਉਣ ਵਾਲੀ ਸੁਗੰਧੀ ਛਡਦਾ ਸੀ। ਉੱਥੇ ਭਿੰਨ ਭਿੰਨ ਗੁਛੇ, ਵੇਲਾਂ, ਮੰਡਪ, ਘਰ ਚੰਗੀਆਂ ਸੜਕਾਂ, ਕਿਆਰੀਆਂ ਅਤੇ ਝਾੜੀਆਂ ਦੀ ਬਹੁਤਾਤ ਸੀ। ਉੱਥੇ ਰੱਥ, ਯਾਨ, ਡੋਲੀਆਂ, ਪਾਲਕੀਆਂ ਖੜਾਉਣ ਦੇ ਥਾਂ ਸਨ। ਇਸ ਪ੍ਰਕਾਰ ਉਹ ਦਰਖਤ ਮਨ ਦੇ ਲਈ ਖੁਸ਼ੀ ਦੇਵ ਵਾਲੇ, ਅੱਖਾਂ ਨੂੰ ਚੰਗੇ ਲਗਣ ਵਾਲੇ, ਮਨ ਵਿੱਚ ਖੁਬਨ ਵਾਲੇ ਅਤੇ ਦਿਲ ਖਿਚਵੇਂ ਸਨ।

ਉਸ ਬਨਖੰਡ (ਜੰਗਲ) ਵਿੱਚ ਸ਼ੁਕ (ਤੋਤਾ), ਮੋਰ, ਕੋਇਲ, ਕੋਹਗਨ, ਭਿਗਾਂਰਕ, ਕੋਡਲਕ, ਜੀਵ, ਜੀਵਕ (ਚਕੋਰ) ਨੰਦੀ ਮੁੱਖ, ਕਪਿਲ, ਪਿਗਲਾਕਸ, ਕਾਰੰਡ (ਬਤਖ) ਚਕਰਵਾਰ, ਕਲਹੰਸ ਅਤੇ ਸਾਰਸ ਆਦਿ ਅਨੇਕਾਂ ਪੰਛੀਆਂ ਦੇ ਜੋੜੇ ਮਿਠੇ ਸੰਗੀਤ ਛੇੜਦੇ ਸਨ। ਇਨ੍ਹਾਂ ਪੰਛੀਆਂ ਕਾਰਨ ਬਨ ਦੀ ਸੋਭਾ ਵੱਧ ਗਈ ਸੀ। ਦੀਵਾਨੇ ਭੰਵਰੇ ਅਤੇ ਮਧੂ ਮੱਖੀਆਂ ਇੱਕਠੀਆਂ ਹੋਕੇ ਉਥੇ ਘੁੰਮਦੀਆਂ ਸਨ। ਫੱਲਾਂ ਦੇ ਰੱਸ ਦੇ ਲਾਲਚ ਵਸ ਸਾਰੇ ਭੰਵਰੇ ਗੁਣ ਗੁਣਾਕੇ ਇੱਧਰ ਉੱਧਰ ਸੰਗੀਤ ਛੇੜਦੇ ਸਨ।

ਦਰੱਖਤ ਅੰਦਰੋਂ ਫੁਲ, ਫਲਾਂ ਨਾਲ ਅਤੇ ਬਾਹਰ ਪਤੀਆਂ ਨਾਲ ਭਰਪੂਰ ਸਨ, ਉਨ੍ਹਾਂ ਦੇ ਫੱਲ ਮਿੱਠੇ ਸਨ ਰੋਹ ਰਹਿਤ ਤੇ ਕੰਡਿਆਂ ਤੋਂ ਰਹਿਤ ਸਨ। ਉਹ ਬਨ ਖੰਡ ਅਨੇਕਾਂ ਪ੍ਰਕਾਰ ਦੀਆਂ ਗੁਛੀਆਂ, ਬੇਲਾਂ, ਬੇਲਾਂ ਦੇ ਦਰਵਾਜਿਆਂ ਕਾਰਨ, ਬਹੁਤ ਸੋਹਣਾ

ਲਗਦਾ ਸੀ। ਉੱਥੇ ਚੋਰਸ ਬਾਵੜੀਆਂ, ਗੋਲ ਬਾਵੜੀਆਂ ਵਿੱਚ ਰੰਗ ਵਿਰੰਗੀਆਂ ਝੰਡੀਆਂ ਅਤੇ ਸੁੰਦਰ ਢੰਗ ਨਾਲ ਬਨੇ ਜਾਲੀਆਂ ਵਾਲੇ ਘਰ ਸਨ।

ਨੰਬਰ 3:

## ਅਸ਼ੋਕ ਦਰੱਖਤ:

ਉਸ ਬਨ ਖੰਡ ਦੇ ਵਿਚਕਾਰ ਇਕ ਵਿਸ਼ਾਲ ਅਸ਼ੋਕ ਦਰੱਖਤ ਸੀ, ਉਹ ਸੁੰਦਰ ਸੀ, ਉਸ ਦਰੱਖਤ ਦਾ ਮੂਲ (ਜੜਾਂ) ਘਾਹ ਤੇ ਦੁਭ ਤੋਂ ਰਹਿਤ ਸੀ। ਉਸਦੇ ਮੂ਼ਲ ਆਦਿ ਦਸ ਅੰਗ ਸਰੇਸ਼ਟ ਸਨ (ਬਾਕੀ ਜੋ ਦਰੱਖਤ ਦੇ ਉੱਪਰ ਗੁਣ ਆਖੇ ਗਏ ਹਨ ਸਮਝ ਲੈਣੇ ਚਾਹਿਦੇ ਹਨ)। ਉਸ ਅਸ਼ੋਕ ਦਰੱਖਤ ਤਿਲਕ, ਲਚੁਕ, ਛਤਰੋਪ, ਸਿਰੀਸ, ਸਪਤਪਰਨ, ਦਧਿਪਰਨ, ਲੋਰਦ, ਧਵ, ਚੰਦਨ, ਅਰਜਨ, ਨੀਪ, ਕੁਟਜ, ਕੁੰਦਬ, ਸਰਯ, ਪਨਸ ਦਾੜੀਆਂ ਮਾਲ, ਤਾਲ ਤਮਾਲ, ਨਿਯਕ, ਪ੍ਰਿਯਗੂੰ, ਪੁਰੋਪਗ, ਰਾਜਬ੍ਰਿਖਸ ਅਤੇ ਨੰਦੀ ਦਰੱਖਤਾਂ ਨਾਲ ਘਿਰਿਆ ਹੋਇਆ ਸੀ। ਸਭ ਗੁਣ ਇਨ੍ਹਾਂ ਦਰੱਖਤਾਂ ਵਿੱਚ ਸਨ। ਕਈ ਇਸ ਪ੍ਰਕਾਰ ਸਥਿਰ ਸਨ, ਜਿਵੇਂ ਹੁਣੇ ਝੁਕ ਜਾਨਗੇ। ਇਹ ਦਰਖਤ ਸਾਰੇ ਗੁਣਾਂ ਨਾਲ ਭਰਪੂਰ, ਸੁੰਦਰ ਕਲਗੀਆਂ ਨਾਲ ਭਰਪੂਰ ਸਨ। ਤਿਲਕ ਤੋਂ ਲੈ ਕੇ ਨੰਦੀ ਤੱਕ ਦੇ ਦਰੱਖਤ ਬਹੁਤ ਸਾਰੀਆਂ ਪਦੱਮ ਬੇਲਾਂ, ਨਾਗਬੇਲਾਂ, ਅਸ਼ੋਕ ਬੇਲਾਂ, ਚੰਪਾ ਬੇਲਾਂ, ਮਹਿਕਾਰ ਬੇਲਾਂ, ਬਨਬੇਲਾਂ, ਬੰਸਤੀਬੇਲਾਂ, ਅਤਿਮੁਕਤ ਬੇਲਾਂ, ਕੁੰਦਨ ਬੇਲਾਂ ਅਤੇ ਸਿਆਮ ਬੇਲਾਂ ਨਾਲ ਘਿਰੇ ਹੋਏ ਸਨ। ਉਹ ਹਮੇਸ਼ਾ ਫੁੱਲਣ ਫਲਣ ਵਾਲੀਆਂ ਸਨ (ਬਾਕੀ ਗੁਣ ਦਰੱਖਤਾਂ ਵਾਲੇ ਪੜ੍ਹ ਲੈਣੇ ਚਾਹਿਦੇ ਹਨ)।

ਨੰਬਰ 4:

## ਸ਼ਿਲਾਪਟਕ:

ਉਹ ਸਰੇਸ਼ਟ ਅਸ਼ੋਕ ਦਰੱਖਤ ਹੇਠਾਂ ਇੱਕ ਵਿਸ਼ਾਲ ਸ਼ਿਲਾ ਪਟਕ (ਚੋਂਤਰਾ) ਸੀ। ਉਸ ਦੀ ਲੰਬਾਈ, ਚੋੜਾਈ ਅਤੇ ਉਂਚਾਈ ਉੱਤਮ ਸੀ। ਉਹ ਕਾਲਾ ਸੀ, ਉਹ

ਸ਼ਿਲਾ ਸੁਰਮਾ, ਬੱਦਲ, ਕ੍ਰਿਪਣ, ਨੀਲਾ ਕਮਲ, ਬਲਦੇਵ ਦੇ ਵਸਤਰ, ਅਕਾਸ਼, ਵਾਲ, ਕਜਲ ਦੇ ਘਰ, ਕਾਜਲੀ, ਸਿਰ ਦਾ ਵਿਚਕਾਰਲਾ ਹਿੱਸਾ, ਰਿਸ਼ਟਕ ਰਤਨ, ਜਾਮਨ, ਵੀਯਕ ਨਾਓਂ ਦੀ ਬਨਾਸਪਤੀ ਦੇ ਫੁੱਲ ਦੀ ਡੰਡੀ ਦੀ ਤਰ੍ਹਾਂ ਨੀਲ ਕਮਲ ਦੇ ਪਤੀਆਂ ਦੀ ਤਰ੍ਹਾਂ ਅਲਸੀ ਦੇ ਫੁੱਲ ਦੀ ਤਰ੍ਹਾਂ ਚਮਕੀਲੀ ਸੀ।

ਮਰਕਤ, ਇੰਦਰ ਨੀਲ, ਮਣੀ, ਚਮੜੇ ਦੇ ਕਬਚ ਅੱਖਾਂ ਦੀ ਤਾਰ ਦੀ ਤਰ੍ਹਾਂ ਉਸਦਾ ਰੰਗ ਸੀ। ਉਹ ਬਹੁਤ ਚੀਕਣੀ, ਅਠ ਕੋਣ ਵਾਲੀ, ਸੀਰੇ ਦੇ ਤਲੇ ਦੀ ਤਰ੍ਹਾਂ ਚਮਕੀਲੀ ਅਤੇ ਸੋਹਣੀ ਸੀ। ਉਸਤੇ ਇਗਮਿਰਗ, ਬਲਦ, ਘੋੜਾ, ਮਨੁੱਖ, ਮਗਰਮਛ, ਪੱਤੀ, ਸੱਪ, ਕਿਨਰ, ਕੁਰੂ, ਅਸ਼ਟਾਪਦ, ਚਾਮਰ, ਹਾਥੀ, ਬਨ ਦੀ ਬੇਲ ਅਤੇ ਪਦਮ ਬੇਲਾਂ ਦੇ ਚਿਤਰ ਸਜੇ ਸਨ।

ਉਸ ਸ਼ਿਲਾ ਦੀ ਛੋਹ ਮਿਰਗਛਾਲਾ, ਰੂੰਈ ਦੇ ਬੂਰ ਮਖਣ ਤੇ ਅੱਕ ਦੀ ਰੂੰਦੀ ਤਰ੍ਹਾਂ ਕੋਮਲ ਸੀ। ਸਿੰਘਾਸਨ ਦੀ ਤਰ੍ਹਾਂ ਜਿਸਦਾ ਆਕਾਰ ਸੀ। ਇਹ ਸ਼ਿਲਾ ਮਨ ਨੂੰ ਖੁਸ਼ ਕਰਨ ਵਾਲੀ ਵੇਖਣ ਯੋਗ, ਸੋਹਣੀ ਤੇ ਅਭੁਲ ਸੀ।

ਨੰਬਰ 5:

## ਰਾਜਾ ਕੋਣਿਕ ਦਾ ਵਰਨਣ:

ਸ਼੍ਰੀ ਉਵਵਾਈ ਸੂਤਰ ਅਨੁਸਾਰ ਮਹਾਰਾਜਾ ਕੋਣਿਕ ਦਾ ਵਰਨਣ ਇਸ ਪ੍ਰਕਾਰ ਹੈ।

ਉਸ ਚੰਪਾ ਨਾਂ ਦੀ ਨਗਰੀ ਵਿੱਚ ਕੋਣਿਕ (ਅਜਾਤਸ਼ਤਰੂ) ਨਾਂ ਦਾ ਰਾਜਾ ਰਾਜ ਕਰਦਾ ਸੀ, ਉਹ ਹਿਮਾਲਿਆ ਪਰਵਤ ਦੀ ਤਰ੍ਹਾਂ ਮਹਾਨ ਅਤੇ ਮਲਯ, ਮੇਰੂ, ਮਹੇਂਦਰ ਪਰਬਤ ਦੀ ਤਰ੍ਹਾਂ ਪ੍ਰਮੁੱਖ ਸੀ। ਉਹ ਵੰਸ ਲੰਬੇ ਸਮੇਂ ਤੋਂ ਰਾਜ ਕਰਦਾ ਆ ਰਿਹਾ ਸੀ ਅਜਿਹੇ ਵੰਸ਼ ਵਿੱਚ ਹੀ ਉਸਦਾ ਜਨਮ ਹੋਇਆ ਸੀ। ਉਸਦੇ ਸਰੀਰਕ ਅੰਗ ਰਾਜਿਆਂ ਵਾਲੇ ਸਨ। ਬਹੁਤ ਸਾਰੇ ਲੋਕ ਉਸਦੀ ਇੱਜਤ ਕਰਦੇ ਸਨ, ਪੂਜਾ ਕਰਦੇ ਸਨ। ਉਹ

ਸਰਵ ਗੁਣ ਸੰਪੰਨ ਸੀ। ਪਰਜਾ ਨੂੰ ਹਮਲੇ ਤੋਂ ਬਚਾਉਂਦਾ ਸੀ ਅਤੇ ਉਹ ਖੁਸ਼ ਰਹਿੰਦਾ ਸੀ।

ਉਹ ਵਿਧਾਨਿਕ ਰੂਪ ਵਿੱਚ ਰਾਜਾ ਮੰਨਿਆ ਜਾਂਦਾ ਸੀ। ਆਪਣੇ ਮਾਂ ਪਿਓ ਦਾ ਯੋਗ ਪੁੱਤਰ ਸੀ। ਉਹ ਵਿਨੇਵਾਨ ਸੀ। ਉਸ ਵਿੱਚ ਰਹਿਮਦਿਲੀ ਸੀ। ਉਹ ਮਰਿਆਦਾ ਬਨਾਉਣ ਵਾਲਾ ਬਨਾਈ ਮਰਿਆਦਾ ਦਾ ਪਾਲਣ ਕਰਨ ਵਾਲਾ ਅਮਨ ਚੈਨ ਵਾਲੇ ਹਾਲਤ ਰੱਖਣ ਵਾਲਾ ਅਤੇ ਅਮਨ ਚੈਣ ਸਥਿਰ ਰੱਖਣ ਵਾਲਾ ਸੀ। ਸੰਪਤੀ ਕਾਰਨ ਉਹ ਮਨੁੱਖਾਂ ਵਿੱਚ ਇੰਦਰ ਦੀ ਤਰ੍ਹਾਂ ਮੰਨਿਆ ਜਾਂਦਾ ਸੀ। ਜਨਤਾ ਦੀਆਂ ਇੱਛਾਵਾਂ ਦਾ ਆਦਰ ਕਰਨ ਕਰਕੇ ਉਹ ਪਰਜਾ ਦਾ ਪਿਤਾ, ਰਖਿਅਕ ਹੋਣ ਕਾਰਣ ਪਾਲਕ, ਸ਼ਾਂਤੀ ਸਥਾਪਿਤ ਕਰਨ ਦੇ ਕਾਰਣ ਦੇਸ਼ ਦਾ ਪੁਰੋਹਿਤ, ਮਾਰਗ ਦਰਸ਼ਕ, ਚੰਗੇ ਕੰਮ ਕਰਨ ਕਰਕੇ ਅਤੇ ਚੰਗੇ ਮਨੁੱਖਾਂ ਦਾ ਰੱਖਿਅਕ ਮੰਨਿਆ ਜਾਂਦਾ ਸੀ। ਉਹ ਪੁਰਸ਼ਾਂ ਵਿੱਚ ਸਰੇਸ਼ਟ, ਪੁਰਸ਼ਾਂ ਵਿੱਚ ਸ਼ੇਰ, ਪੁਰਸ਼ਾਂ ਵਿੱਚ ਬਘਿਆੜ, ਪੁਰਸ਼ਾਂ ਵਿੱਚ ਆਸ਼ੀਵਿਸ਼, ਸੱਪ, ਪੁਰਸ਼ਾਂ ਵਿੱਚ ਸਫੈਦ ਕਮਲ ਅਤੇ ਪੁਰਸ਼ਾਂ ਵਿੱਚ ਗੰਧ ਹਾਥੀ ਦੀ ਤਰ੍ਹਾਂ ਮੰਨਿਆ ਜਾਂਦਾ ਸੀ। ਉਹ ਖੁਸ਼ਹਾਲ ਤੇ ਪ੍ਰਸਿਧ ਸੀ। ਉਸਦੇ ਅਨੇਕਾਂ ਵਿਸ਼ਾਲ ਭਵਨ ਸਨ। ਬੈਠਨ ਯੋਗ ਆਸਨ, ਯਾਨ (ਰੱਥ ਪਾਲਕੀ) ਅਤੇ ਵਾਹਨ (ਘੋੜੇ ਆਦਿ) ਸਨ। ਉਸ ਪਾਸ ਬਹੁਤ ਸਾਰਾ ਧਨ, ਸੋਨਾ ਤੇ ਚਾਂਦੀ ਸੀ। ਉਹ ਅਨੇਕਾਂ ਢੰਗਾਂ ਨਾਲ ਪੈਸੇ ਇੱਕਠੇ ਕਰਦਾ ਸੀ। ਉਸਦੇ ਮਹਿਲਾਂ ਵਿੱਚ ਅਨੇਕਾਂ ਮਨੁੱਖਾਂ ਦੇ ਖਾਣ ਦਾ ਬਕਾਇਆ ਖਾਣਾ ਜੂਟ ਰੂਪ ਵਿੱਚ ਸੁਟਿਆ ਜਾਂਦਾ ਸੀ। ਉਸਦੇ ਅਨੇਕਾਂ ਦਾਸ, ਦਾਸੀਆਂ ਸਨ ਅਨੇਕਾਂ ਗਾਵਾਂ, ਮੱਝਾਂ ਤੇ ਭੇਡਾਂ ਸਨ। ਉਸ ਪਾਸ ਹਰ ਪ੍ਰਕਾਰ ਦੇ ਯੰਤਰ (ਚੱਕੀ, ਕੋਹਲੂ, ਘਾਲੜੀ ਆਦਿ) ਖਜਾਨਾ ਅਨਾਜ ਦੇ ਕੋਠੇ ਅਤੇ ਹਥਿਆਰ ਸਨ। ਉਸਨੇ ਆਪਣੇ ਕੋਲ ਸ਼ਕਤੀਸ਼ਾਲੀ ਅਧੀਨ ਬਨਾ ਲਿਆ ਸੀ। ਉਸਨੇ ਗੋਤ ਵਿੱਚ ਉਤਪੰਨ ਵਿਰੋਧੀਆਂ ਦਾ ਵਿਨਾਸ਼ ਕਰ ਦਿੱਤਾ ਸੀ। ਉਨ੍ਹਾਂ ਦਾ ਧੰਨ ਖੋਹ ਲਿਆ ਸੀ। ਉਨ੍ਹਾਂ ਦਾ ਮਾਨ ਭੰਗ ਕਰ ਦਿਤਾ ਸੀ। ਉਨ੍ਹਾਂ ਨੂੰ ਦੇਸ਼ ਤੋਂ ਬਾਹਰ ਕਰ ਦਿਤਾ ਸੀ। ਉਸ ਦਾ ਕੋਈ ਵੀ ਗੋਤਰ

ਵਾਲਾ ਬਾਕੀ ਨਹੀਂ ਰਿਹਾ ਸੀ। ਇਸ ਤਰ੍ਹਾਂ ਸ਼ਤਰੂਆਂ ਦਾ ਨਾਸ਼ ਕਰ ਦਿੱਤਾ ਸੀ। ਧਨ ਖੋਹ ਲਿਆ ਸੀ। ਆਪਣੇ ਅਧੀਨ ਕਰ ਲਿਆ ਸੀ ਅਤੇ ਫਿਰ ਸਿਰ ਨਾ ਚੁੱਕ ਸਕਨ। ਅਜਿਹੀ ਹਾਲਤ ਵਿੱਚ ਪਹੁੰਚਾ ਦਿੱਤਾ ਸੀ। ਇਸ ਪ੍ਰਕਾਰ ਉਹ ਅਕਾਲ, ਬੀਮਾਰੀ ਅਤੇ ਡਰ ਤੋਂ ਮੁਕਤ ਝਗੜਿਆਂ ਤੋਂ ਰਹਿਤ, ਦਿਆਲੂ ਅਤੇ ਵਿਘਨ ਰਹਿਤ ਰਾਜ ਕਰਦਾ ਸੀ।

ਤਦ ਕੋਣਿਕ ਰਾਜਾ ਹਾਰ ਸ਼ਿੰਗਾਰ ਅਤੇ ਨਗਰ ਨੂੰ ਸਜਾ ਕੇ ਆਪ ਅੰਜਨਗਿਰੀ (ਸੁਰਮੇ ਦੇ ਪਹਾੜ ਦੀ ਤਰ੍ਹਾਂ) ਹਾਥੀ ਤੇ ਇਸ ਪ੍ਰਕਾਰ ਸਵਾਰ ਹੋਇਆ ਜਿਵੇਂ ਹਾਥੀਆਂ ਦੇ ਰਾਜੇ ਤੇ ਮਨੁੱਖਾਂ ਦਾ ਰਾਜਾ ਸਵਾਰ ਹੋਵੇ।

ਉਸ ਬਿੰਬਸਾਰ ਦੇ ਪੁੱਤਰ ਕੋਣਿਕ ਦੇ ਸ਼ਿੰਗਾਰੇ ਹਾਥੀ ਤੇ ਸਵਾਰ ਹੋਣ ਤੋਂ ਸਭ ਤੋਂ ਪਹਿਲਾਂ ਅੱਠ ਮੰਗਲ (ਸੁਭਚਿੰਨ) ਰਵਾਨਾ ਹੋਏ।

ਜੋ ਇਸ ਪ੍ਰਕਾਰ ਹਨ: 1. ਸਵਾਸਤਿਕ 2. ਸ਼੍ਰੀ ਬਤਸ 3. ਨੰਦਾਵਰਤ 4. ਵਰਧਾਮਨ 5. ਭਦੱਰਾਸਨ 6. ਕਲਸ 7. ਮੱਛੀਆਂ ਦਾ ਜੋੜਾ 8. ਵਰਤਨ।

ਇਸ ਤੋਂ ਬਾਅਦ ਪਾਣੀ ਨਾਲ ਭਰੇ ਕਲਸ਼, ਝਾਲਰਾਂ ਅਤੇ ਛਤਰ, ਝੰਡੀਆਂ ਚਾਮਰਾਂ ਨਾਲ ਭਰਪੂਰ, ਹਵਾ ਵਿੱਚ ਲਹਿਰ ਦੀ ਜਿੱਤ ਦਾ ਪ੍ਰਤੀਕ ਵਿਜ਼ਯੰਤੀ ਨਾਓਂ ਦੀ ਛੋਟੀ ਝੰਡੀਆਂ ਨਾਲ ਉੱਪਰ ਉੱਠੀ ਹੋਈ ਧਵੱਜਾ ਸੀ ਜੋ ਅਸਮਾਨ ਨਾਲ ਗੱਲਾਂ ਕਰਦੀ ਵੱਧ ਰਹੀ ਸੀ।

ਉਸ ਤੋਂ ਬਾਅਦ ਬੇਡੂਰੀਆਂ, ਲਹੂਸਨੀਆਂ ਦੀ ਚਮਕ ਵਾਲਾ, ਕੋਰਟ ਦੇ ਫੁੱਲਾਂ ਦੇ ਹਾਰਾਂ ਨਾਲ ਸਜਿਆ, ਚੰਦਰ ਮੰਡਲ ਦੀ ਤਰ੍ਹਾਂ ਉੱਚਾ ਸਿੰਘਾਸਨ ਅਤੇ ਮਨੀਰਤਨਾਂ ਵਾਲੀ ਚੋਕੀ ਸੀ। ਜਿਸ ਉੱਪਰ ਰਾਜੇ ਦੀਆਂ ਖੜਾਵਾਂ ਸਨ। ਉਹ ਸਭ ਅਨੇਕਾਂ ਪੈਦਲ ਸਿਪਾਹੀਆਂ ਦੇ ਘੇਰੇ ਨਾਲ ਅੱਗੇ ਵੱਧ ਰਿਹਾ ਸੀ।

ਇਸ ਤੋਂ ਬਾਅਦ ਲਾਠੀਆਂ ਵਾਲੇ, ਭਲਿਆਂ ਵਾਲੇ, ਧਨੁੱਸ਼ਧਾਰੀ, ਚਮਰਧਾਰੀ, ਜੂਣੇ ਦੀ ਸਾਮਗਰੀ ਵਾਲੇ, ਪੁਸ਼ਤਕ ਲਿਖਣ ਵਾਲੇ, ਚੌਕੀਆਂ ਵਾਲੇ,

ਆਸਨਾਂ ਵਾਲੇ, ਵੀਣਾ ਧਾਰਨ ਕਰਨ ਵਾਲੇ, ਸੁਗੰਧਿਤ ਤੇਲਾਂ ਦਾ ਧਾਰਨ ਕਰਨ ਵਾਲੇ, ਸੁਗੰਧਿਤ ਪਾਨ ਲਾਉਣ ਵਾਲੇ ਆਪਣੇ ਸਮਾਨ ਲੈ ਕੇ ਚੱਲ ਰਹੇ ਸਨ।

ਬਹੁਤ ਸਾਰੇ ਦੰਡੀ, ਮੁੰਡੀ, ਸਿਖਡੀ, ਜਟਾਂ ਵਾਲੇ, ਮਯੂਰਪਿਛ, ਹਾਸਾਮਜਾਕ ਕਰਨ ਵਾਲੇ, ਹੁਲੜਵਾਜ, ਖੁਸ਼ਾਮਦੀ, ਮਜਾਕੀਏ, ਬਹਿਸ ਕਰਨ ਵਾਲੇ, ਕਾਮ ਭੋਗਾਂ ਤੇ ਸ਼ਿੰਗਾਰਾਂ ਦਾ ਵਿਖਾਵਾ ਕਰਨ ਵਾਲੇ, ਭਾਂਡ (ਨਕਲੀਏ ਅਤੇ ਭੱਟ) ਗਾਉਂਦੇ, ਬਜਾਉਂਦੇ, ਹਸਦੇ, ਨਚਦੇ, ਬੋਲਦੇ ਸਿੱਖਿਆ ਦਿੰਦੇ, ਰਾਜੇ ਦੀ ਰੱਖਿਆ ਕਰਦੇ ਅਤੇ ਅਵਾਜ ਪੈਦਾ ਕਰਦੇ ਅੱਗੇ ਵੱਧ ਰਹੇ ਸਨ।

ਇਸ ਤੋਂ ਬਾਅਦ ਨੌਜਵਾਨ, ਹਾਰ ਸ਼ਿੰਗਾਰ ਵਾਲੇ, ਲਗਾਮਾ ਵਾਲੇ, ਸਾਜ ਵਾਜ ਨਾਲ ਸ਼ਿੰਗਾਰੇ ਇੱਕ ਸੋ ਅੱਠ ਘੋੜੇ ਰਵਾਨਾ ਹੋਏ। ਹਰੀ ਬਲਾਂ (ਇੱਕ ਪੋਦਾ) ਦੀ ਨਵੀਂ ਕਲੀ ਵਾਂਗ ਉਨ੍ਹਾਂ ਘੋੜਿਆਂ ਦੀਆਂ ਅੱਖਾਂ ਸਫੇਦ ਸਨ। ਉਨ੍ਹਾਂ ਦੀ ਚਾਲ ਮਨਮੋਹਨੀ, ਵਿਲਾਸ ਭਰਪੂਰ ਅਤੇ ਨਾਚ ਭਰਪੂਰ ਸੀ। ਉਨ੍ਹਾਂ ਦੇ ਸਰੀਰ ਚੰਚਲ ਸਨ। ਉਹ ਨੱਚਨ, ਕੁੱਦਨ, ਭੱਜਨ, ਚਾਲ ਵਿੱਚ ਚਤੂਰ ਸਨ। ਭਜਦੇ ਸਮੇਂ ਉਨ੍ਹਾਂ ਦੇ ਗਲੇ ਵਿੱਚ ਸੋਨੇ ਦੇ ਗਹਿਨੇ ਪਾਏ ਹੋਏ, ਉਨ੍ਹਾਂ ਘੋੜਿਆਂ ਦੇ ਮੂੰਹਾਂ ਉੱਪਰ ਵੀ ਗਹਿਣੇ ਸਜੇ ਹੋਏ ਸਨ। ਲੰਬੇ ਗੁਛੇ ਲੱਟਕ ਰਹੇ ਸਨ ਘੋੜੇ ਚਾਰਮ, ਦੱਭ ਨਾਲ ਸਜੇ ਹੋਏ ਸਨ। ਇਨ੍ਹਾਂ ਤੋਂ ਉੱਤਮ ਸਜੇ ਨੌਜਵਾਨ ਬੈਠੇ ਸਨ।

ਉਸ ਤੋਂ ਬਾਅਦ ਇੱਕ ਸੋ ਅੱਠ ਹਾਥੀ ਰਵਾਨਾ ਹੋਏ, ਉਨ੍ਹਾਂ ਵਿੱਚੋਂ ਕੁੱਝ ਮਸਤ ਸਨ ਅਤੇ ਉਨ੍ਹਾਂ ਦੇ ਦੰਦ ਬਾਹਰ ਵਿਖਾਈ ਦੇ ਰਹੇ ਸਨ। ਉਨ੍ਹਾਂ ਦੇ ਪਿਛਲੇ ਹਿੱਸੇ ਵਿੱਚੋਂ ਵਿਸ਼ਾਲ ਤੇ ਸਫੈਦ ਸਨ। ਉਨ੍ਹਾਂ ਦੰਦਾਂ ਤੇ ਸੋਨਾ ਚੜਿਆ ਹੋਇਆ ਸੀ। ਉਹ ਹਾਥੀ ਸੋਨੇ ਅਤੇ ਮਣੀਆਂ ਨਾਲ ਸਿੰਗਾਰ ਹੋਏ ਸਨ। ਇਸ ਤੋਂ ਬਾਅਦ ਇੱਕ ਸੋ ਸੱਠ ਰੱਥ ਅੱਗੇ ਚੱਲੇ ਇਹ ਰੱਥ ਛੱਤਰ, ਧਵੱਜਾ, ਘੰਟਾ ਪਤਾਕਾ, ਝੰਡੀਆ ਅਤੇ ਭਿੰਨ - ਭਿੰਨ ਪ੍ਰਕਾਰ ਦੇ ਬਾਜਿਆਂ ਦੀਆਂ ਆਵਾਜਾਂ ਨਾਲ ਭਰਪੂਰ ਸਨ। ਛੋਟੀਆਂ ਘੰਟੀਆਂ ਦੇ ਜਾਲ ਨਾਲ ਢੱਕੇ ਹੋਏ ਸਨ। ਉਹ ਹਿਮਾਲੀਆ ਪਰਬਤ ਤੇ ਪੈਦਾ ਹੋਣ ਵਾਲੀ ਲਕੜ ਤੋਂ ਬਣੇ ਹੋਏ

ਸਨ। ਕਾਲਾਯਸ਼ ਲੋਹੇ ਦੇ ਪਹੀਏ ਤੇ ਧੂਰੇ ਬੜੇ ਸੋਹਣੇ ਲੱਗ ਰਹੇ ਸਨ। ਉਨ੍ਹਾਂ ਰੱਥਾਂ ਦੀਆਂ ਧੂਰੀਆਂ ਮਜਬੂਤ ਤੇ ਗੋਲ ਸਨ। ਉਨ੍ਹਾਂ ਨੂੰ ਉਚੇ ਦਰਜੇ ਦੇ ਘੋੜੇ ਖਿੱਚ ਰਹੇ ਸਨ। ਉਨ੍ਹਾਂ ਦੀ ਵਾਗਡੋਰ ਚੁਸਤ ਅਤੇ ਸਮਝਦਾਰ ਪੁਰਸ਼ਾਂ ਦੇ ਹੱਥਾਂ ਵਿੱਚ ਸੀ। ਉਹ ਧਨੁਸ਼ ਵਾਨ, ਤਲਵਾਰ ਆਦਿ ਯੁੱਧ ਸਾਮਗਰੀ ਨਾਲ ਭਰੇ ਹੋਏ ਸਨ।

ਉਨ੍ਹਾਂ ਰੱਥਾਂ ਦੇ ਪਿੱਛੇ ਤਲਵਾਰ, ਸ਼ਕਤੀ, ਭੱਲਾ ਸੂਲ, ਲਾਠੀਆਂ, ਭਿੰਡੀਮਾਲ ਅਤੇ ਧਨੁਖ ਹੱਥਾਂ ਵਿੱਚ ਲਈ ਪੈਦਲ ਅੱਗੇ ਵੱਧ ਰਹੇ ਸਨ।

ਉਨ੍ਹਾਂ ਤੋਂ ਬਾਅਦ ਕੋਣਿਕ ਰਾਜਾ ਸੀ। ਉਸਦਾ ਗਲਾ ਹਾਰਾਂ ਨਾਲ ਭਰੀਆ ਹੋਇਆ ਸੀ। ਕੁੰਡਲਾਂ ਨਾਲ ਮੂੰਹ ਚਮਕ ਰਿਹਾ ਸੀ। ਸਿਰ ਤੇ ਮੁਕਟ ਸ਼ੋਭਾ ਦੇ ਰਿਹਾ ਸੀ। ਉਹ ਮਨੁੱਖਾਂ ਵਿੱਚ ਸ਼ੇਰ, ਇੰਦਰ, ਬਲਦ ਅਤੇ ਚਕੱਰਵਰਤੀ ਦੀ ਤਰ੍ਹਾਂ ਸੀ। ਹਾਥੀ ਦੀ ਪਿਠ ਤੇ ਬੈਠੇ ਉਸ ਦਾ ਤੇਜ ਚਮਕ ਰਿਹਾ ਸੀ। ਉਸਨੇ ਕੋਰਟ ਫੁੱਲਾਂ ਦੀ ਮਾਲਾ ਅਤੇ ਛੱਤਰ ਨੂੰ ਧਾਰਨ ਕੀਤਾ ਹੋਇਆ ਸੀ। ਸਫੇਦ ਚਾਮਰ ਝੂਲ ਰਹੇ ਸਨ। ਵੇਸ਼੍ਰਮਨ, ਕੁਵੇਰ, ਚੱਕਰਵਰਤੀ, ਇੰਦਰ ਦੀ ਤਰ੍ਹਾਂ ਉਹ ਸੰਪਤੀ ਵਾਲਾ ਤੇ ਪ੍ਰਸ਼ਿਧੀ ਵਾਲਾ ਸੀ।

ਉਹ ਘੋੜੇ, ਹਾਥੀ, ਰੱਥ ਅਤੇ ਬਲਵਾਨ ਜੋਧੇ ਰੂਪ ਚਾਰ ਪ੍ਰਕਾਰ ਦੀ ਸੈਨਾ ਲੈ ਕੇ ਉੱਥੇ ਪਹੁੰਚ ਗਿਆ ਜਿੱਥੇ ਪੂਰਨ ਭੱਦਰ ਚੇਤਯ ਸੀ, ਤੱਦ ਬਿੰਬਸਾਰ ਦਾ ਪੁੱਤਰ ਕੋਣਿਕ ਰਾਜਾ ਦੇ ਅੱਗੇ ਬੜੇ ਬੜੇ ਘੋੜ ਸਵਾਰ ਸਨ। ਉਹ ਇਸ ਪ੍ਰਕਾਰ ਬੋਲ ਰਹੇ ਹਨ:-

ਹੇ ਨੰਦ! ਤੁਹਾਡੀ ਜੈ ਹੋਵੇ! ਹੇ ਭੱਦਰ! (ਕਲਿਆਣ ਕਰਨ ਵਾਲਾ) ਤੁਹਾਡੀ ਜੈ ਹੋਵੇ, ਤੁਹਾਡਾ ਕਲਿਆਣ ਹੋਵੇ ਤੁਸੀਂ ਨਾ ਜਿਤੇ ਨੂੰ ਜਿਤ ਲਵੋ ਅਤੇ ਜਿਤੇ ਹੋਏ ਲੋਕ ਤੁਹਾਡਾ ਹੁਕਮ ਮੰਨਣ। ਤੁਸੀਂ ਜਿਤੇ ਹੋਏ ਲੋਕਾਂ ਵਿੱਚ ਨਿਵਾਸ ਕਰੋਂ। ਆਪ ਦੇਵਤਿਆਂ ਵਿੱਚ ਇੰਦਰ ਦੀ ਤਰ੍ਹਾਂ, ਅਸੁਰਾਂ ਵਿੱਚ ਚਮਰ ਦੀ ਤਰ੍ਹਾਂ, ਨਾਗਾਂ ਵਿੱਚ ਧਰਨ ਦੀ ਤਰ੍ਹਾਂ, ਤਾਰਿਆ ਵਿੱਚ ਚੰਦਰਮਾ ਦੀ ਤਰ੍ਹਾਂ ਅਤੇ ਮਨੁੱਖਾਂ ਵਿੱਚ ਭਰਤ ਚਕਰਵਰਤੀ ਦੀ ਤਰ੍ਹਾਂ

ਬਹੁਤ ਸਾਲਾਂ, ਸ਼ਤਾਵਦੀਆਂ, ਹਜਾਰਾਂ ਸਾਲਾਂ, ਲੱਖਾਂ ਸਾਲਾਂ, ਦੋਸ਼ ਰਹਿਤ, ਸਾਰੇ ਪਰਿਵਾਰ ਸਮੇਤ ਸੰਤੁਸ਼ਟ ਤੇ ਲੰਬੀ ਉਮਰ ਭੋਗੋ। ਤੁਸੀਂ ਆਪਣੇ ਰਿਸ਼ਤੇਦਾਰਾਂ ਨਾਲ ਘਿਰੇ ਚੰਪਾ ਨਗਰੀ, ਪਿੰਡ ਆਕਰ (ਲੂਣ ਦੀ ਖਾਨ) ਨਗਰ (ਟੈਕਸ ਰਹਿਤ ਸ਼ਹਿਰ) ਖੇਟ, ਕਰਵਟ, ਮੰਡਬ, ਦੋਰਣਮੁਖ, ਬੰਦਰਗਾਹ, ਨਿਗਮ, ਪਰਵਤਾਂ ਦੀ ਤਲਹਟੀ ਦੀ ਵਸੋਂ ਪਿੰਡਾਂ, ਸਨੀਵੇਸ਼ ਦੀ ਅਗਵਾਈ ਕਰੋ, ਮਹਾਨ ਅਤੇ ਆਗਿਆਕਾਰ ਸੈਨਾਪਤੀ ਤੋਂ ਹੁਕਮ ਮਨਵਾਉਂਦੇ ਰਹੋ। ਕਥਾ, ਨਾਚ, ਗੀਤ, ਨਾਟਕ, ਬਾਜੇ, ਵੀਨਾ, ਕਰਤਾਲ, ਤੁਰ, ਮੇਘ, ਮਰਦੰਗ ਆਦਿ ਦਾ ਆਨੰਦ ਮਾਨਦੇ ਰਹੋ।

ਤੱਦ ਉਹ ਬਿੰਬਸਾਰ ਦਾ ਪੁੱਤਰ ਕੋਣਿਕ ਰਾਜਾ ਹਜਾਰਾਂ ਅੱਖਾਂ ਰੂਪੀ ਮਾਲਾ ਦਾ ਇੱਜਤ ਬਣਦਾ ਹੋਇਆ ਆ ਰਿਹਾ ਸੀ। ਉਸਦੇ ਆਸ ਪਾਸ ਹਾਥੀ ਸਵਾਰ ਸਨ, ਪਿੱਛੇ ਹਾਥੀਆਂ ਦਾ ਝੁੰਡ ਸੀ।

ਉਹ ਬਿੰਬਸਾਰ ਦਾ ਪੁੱਤਰ ਕੋਣਿਕ ਚੰਪਾ ਨਗਰੀ ਦੇ ਵਿੱਚਕਾਰ ਹੋ ਕੇ ਜਾ ਰਿਹਾ ਸੀ। ਉਸਦੇ ਸਾਹਮਣੇ ਸੋਵਨਝਾਰੀ ਚੁਕੀ ਹੋਈ ਸੀ। ਕੋਈ ਪੱਖਾ ਝੱਲ ਰਿਹਾ ਸੀ। ਕਿਸੇ ਕੋਲ ਸਫੈਦ ਛੱਤਰ ਸੀ। ਇਸ ਪ੍ਰਕਾਰ ਪੱਖੇ, ਚਾਮਰ, ਗਹਿਣੇ, ਸੰਪਤੀ, ਸੈਨਾ, ਪਰਿਵਾਰ, ਭਗਤੀ ਭਰਪੂਰ, ਫੁੱਲਾਂ, ਖੁਸ਼ਬੂ, ਹਾਰ ਸਿੰਗਾਰ ਅਤੇ ਬਾਜਾ ਰਾਜੇ ਨਾਲ ਚੱਲ ਰਿਹਾ ਸੀ। ਸੰਖ, ਢੋਲ, ਨਗਾਰੇ, ਭੇਰੀ, ਨਰੀ, ਤੁਰਮੁਰੀ, ਹੁੜਕਾ, ਮੁਰਜ, ਮਰਦੰਗ ਅਤੇ ਬਾਜੇ ਵੱਜ ਰਹੇ ਸਨ।

ਚੰਪਾ ਨਗਰੀ ਵਿੱਚ ਜਾਂਦਿਆਂ ਕੋਣਿਕ ਰਾਜਾ ਵੀ ਬਹੁਤ ਸਾਰੇ ਦਰਸ਼ਨ ਦੇ ਇੱਛੁਕ, ਕਾਮ ਭੋਗ ਦੇ ਇੱਛੁਕ, ਭੋਜਨ ਦੇ ਇੱਛੁਕ, ਭਾਂੜੇ ਕਾਪਲਿਕ, ਕਰਪੀੜ੍ਰਿਤ ਸੰਖ ਬਜਾਉਣ ਵਾਲੇ, ਘੁਮਾਰ, ਕਿਸਾਨ, ਹਾਸਾ ਮਜਾਕ ਕਰਨ ਵਾਲੇ, ਭ ੱਟ, ਚਾਰਜ ਅਤੇ ਵਿਦਿਆਰਥੀਆਂ ਚੰਗੇ ਸੋਹਣੇ, ਪਿਆਰੇ, ਮਨਭਾਵਨੇ, ਮਨ ਵਿੱਚ ਖੁਭਨ ਵਾਲੇ ਸੈਂਕੜੇ ਨਾਰੇ ਲਾ ਰਹੇ ਸਨ। ਅਭਿਨੰਦਨ ਕਰ ਰਹੇ ਸਨ। ਉਸਤੱਤੀ ਕਰ ਰਹੇ ਸਨ। ਉਹ ਇਸ ਪ੍ਰਕਾਰ ਆਖ ਰਹੇ ਸਨ। ਹਜਾਰਾਂ ਦਿਲਾਂ ਰੂਪੀ ਮਾਲਾ ਤੋਂ ਬਾਅਦ

ਕਰਵਾਉਂਦਾ ਹੋਇਆ ਹਜਾਰਾਂ ਮਨੋਰਥ ਰੂਪੀ ਮਾਲਾ ਦੀ ਇੱਛਾ ਪੂਰੀ ਕਰਦਾ ਹੋਇਆ ਸ਼ੋਭਾ ਅਤੇ ਸ਼ੁਭਾਗ ਦੇ ਵਚਨਾਂ ਨਾਲ ਪ੍ਰਸ਼ੰਸ਼ਾ ਪਾ ਰਿਹਾ ਸੀ। ਬਹੁਤ ਸਾਰੇ ਹਜਾਰਾਂ ਇਸਤਰੀ ਪੁਰਸ਼ ਦੀ ਹੱਥ ਜੋੜ ਰੂਪੀ ਮਾਲਾ ਨੂੰ ਸਵੀਕਾਰ ਕਰਦਾ ਹੋਇਆ, ਮਿੱਠੀ ਕੋਮਲ ਅਵਾਜ ਨਾਲ ਪਰਜਾ ਦੀ ਕੁਸ਼ਲਤਾ ਪੁੱਛਦਾ ਹੋਇਆ ਹਜਾਰਾਂ ਭਵਨਾਂ ਨੂੰ ਛੱਡ ਕੇ ਅੱਗੇ ਵੱਧਦਾ ਹੋਇਆ, ਚੰਪਾ ਨਗਰੀ ਤੋਂ ਬਾਹਰ ਨਿਕਲੀਆ।

ਨੰਬਰ 6:

## ਭਗਵਾਨ ਮਹਾਵੀਰ ਦੀ ਭਗਤੀ ਅਤੇ ਬੰਦਨਾ:

ਚੰਪਾ ਨਗਰੀ ਤੋਂ ਬਾਹਰ, ਜਿੱਥੇ ਪੂਰਨ ਭੱਦਰ ਚੇਤਯ ਸੀ। ਉੱਥੇ ਆਇਆ। ਉੱਥੇ ਪਹੁੰਚ ਕੇ ਨਾ ਜਿਆਦਾ ਦੂਰ ਅਤੇ ਨਾ ਜਿਆਦਾ ਨੇੜੇ ਅਜਿਹੇ ਥਾਂ ਤੇ ਪਹੁੰਚਿਆ ਉੱਥੇ ਭਗਵਾਨ ਮਹਾਵੀਰ ਦੇ ਛੱਤਰ ਆਦਿ ਅਤਿਸਯ (ਵਿਸ਼ੇਸ਼ਤਾਵਾਂ) ਨੂੰ ਵੇਖਿਆ।

ਤਦ ਸਜੇ ਹਾਥੀ ਨੂੰ ਖੜਾ ਕਰਕੇ, ਰਾਜਾ ਹਾਥੀ ਤੋਂ ਉਤਰਿਆ। ਹਾਥੀ ਤੋਂ ਉੱਤਰ ਕੇ ਪੰਜ ਰਾਜ ਚਿੰਨ ਦੂਰ ਕੀਤੇ (ਖੜਗ, ਛੱਤਰ, ਮੁਕਟ, ਜੁਤਾ ਅਤੇ ਚਮਰ)।

ਫਿਰ ਜਿੱਥੇ ਸ਼੍ਰਮਣ ਭਗਵਾਨ ਮਹਾਵੀਰ ਸਨ ਉੱਥੇ ਆਏ ਪੰਜ ਧਰਮ ਸਭਾ ਦੇ ਨਿਯਮ ਦਾ ਪਾਲਣ ਕਰਦੇ ਉਹ ਅੱਗੇ ਵਧਿਆ। ਭਗਵਾਨ ਮਹਾਵੀਰ ਸਾਹਮਣੇ ਆਇਆ: 1. ਜੀਵਾਂ ਵਾਲੇ ਦਰਵ ਛੱਡ ਦਿੱਤੇ 2. ਅਜੀਵ ਦਰਵ ਠੀਕ ਕੀਤੇ 3. ਇੱਕ ਬਿਨਾ ਸੀਤਾ ਕਪੜਾ ਪਹਿਨੀਆ 4. ਧਰਮ ਨੇਤਾ ਵੇਖਣ ਸਾਰ ਹੱਥ ਜੋੜਿਆ 5. ਮਨ ਇੱਕ ਚਿੱਤ ਕੀਤਾ।

ਫਿਰ ਸ਼੍ਰਮਣ ਮਹਾਵੀਰ ਦੀ ਤਿੰਨ ਵਾਰ ਪ੍ਰਦਾਖਿਨਾ ਕਰਕੇ ਬੰਦਨ, ਨਮਸਕਾਰ ਕੀਤਾ। ਬੰਦਨਾ ਨਮਸਕਾਰ ਕਰਨ ਤੋਂ ਬਾਅਦ, ਤਿੰਨ ਪ੍ਰਕਾਰ ਦੀ ਭਗਤੀ ਕੀਤੀ ਜਿਵੇਂ ਸ਼ਰੀਰ, ਬਚਨ ਅਤੇ ਮਨ ਰਾਹੀਂ। ਸ਼ਰੀਰ ਹੱਥ ਪੈਰ ਇੱਕਠੇ ਕਰਕੇ ਭਾਸ਼ਨ ਸੁਣਿਆ, ਭਗਵਾਨ ਵੱਲ ਮੂੰਹ ਕਰਕੇ ਬਿਨੇ ਨਾਲ ਹੱਥ ਜੋੜੇ ਅਤੇ ਭਗਤੀ ਕੀਤੀ।

ਵਚਨ ਰਾਹੀਂ "ਜੋ ਜੋ ਭਗਵਾਨ ਆਖਦੇ ਹੋ ਉਹ ਅਜਿਹਾ ਹੀ ਹੈ। ਇਹੋ ਸਚਾਈ ਹੈ। ਹੇ ਪ੍ਰਭੂ! ਇਹੋ ਸੱਚ ਹੈ। ਹੇ ਭਗਵਾਨ! ਆਪ ਦਾ ਉਪਦੇਸ਼ ਸ਼ੱਕ ਰਹਿਤ ਹੈ, ਬੇਹਤਰ ਹੈ ਮੈਂ ਇਸ ਨੂੰ ਸਵੀਕਾਰ ਕਰਦਾ ਹਾਂ। ਹੇ ਭਗਵਾਨ! ਇਹ ਮਹਾਨ ਫੱਲ ਦੇਣ ਵਾਲਾ ਹੈ। ਹੇ ਭਗਵਾਨ! ਜਿਵੇਂ ਆਪ ਨੇ ਫਰਮਾਇਆ ਹੈ ਉਹ ਸਭ ਸਹੀ ਹੈ" ਇਸ ਪ੍ਰਕਾਰ ਵਿਰੋਧ ਤਿਆਗ ਕੇ ਭਗਤੀ ਕਰਨਾ ਵਚਨ ਭਗਤੀ ਹੈ। ਮਨ ਰਾਹੀਂ ਉਤਸਾਹ ਉਤਪੰਨ ਕਰਕੇ ਧਰਮ ਦੇ ਪ੍ਰਤੀ ਪਿਆਰ ਅਤੇ ਧਰਮ ਨੂੰ ਅਪਣਾਉਣ ਵਿੱਚ ਤੇਜੀ ਕਰਨਾ ਮਨ ਭਗਤੀ ਹੈ।

## ਭਗਵਾਨ ਮਹਾਵੀਰ ਦਾ ਉਪਦੇਸ ਦਾ ਸਾਰ:

"ਲੋਕ- ਅਲੋਕ" ਜੀਵ, ਅਜੀਵ, ਬੰਧ, ਮੋਕਸ਼, ਪੁੰਨ, ਪਾਪ, ਆਸ਼ਰਵ, ਸੰਵਰ, ਬੇਦਨਾ, ਨਿਰਜਰਾ, ਅਰਿਹੰਤ, ਚੱਕਰਵਰਤੀ, ਬਲਦੇਵ, ਵਾਸਦੇਵ, ਨਰਕ ਤੇ ਨਾਰਕੀ, ਪਸ਼ੂ ਯੋਨੀ ਵਿੱਚ ਰਹਿਣ ਵਾਲੇ ਜੀਵ, ਮਾਤਾ ਪਿਤਾ, ਰਿਸ਼ੀ, ਦੇਵ, ਦੇਵ ਲੋਕ, ਸਿੱਧੀ, ਸਿੱਧ ਪਰਿਨਿਵਾਨ, ਬਾਰੇ ਵਿਸ਼ਥਾਰ ਨਾਲ ਉਪਦੇਸ਼ ਕੀਤਾ ਹੈ। ਇਸ ਤੋਂ ਛੁਟ ਭਗਵਾਨ ਮਹਾਵੀਰ ਨੇ ਸਾਧੂਆਂ ਲਈ ਪੰਜ ਮਹਾਂ ਵਰਤ ਪੰਜ ਸਮਤੀ ਤਿੰਨ ਗੁਪਤੀ ਅਤੇ ਸਮਾਚਾਰੀ ਦਾ ਉਪਦੇਸ਼ ਦਿਤਾ ਘਰਿਸ਼ਤ ਲਈ 12 ਵਰਤਾਂ ਦਾ ਉਪਦੇਸ਼ ਦਿੱਤਾ।

# ਦੂਸਰਾ ਤੋਂ ਦਸਵੇਂ ਤੱਕ ਅਧਿਐਨ

"ਹੇ ਭਗਵਾਨ! ਸਿੱਧ ਗਤਿ ਨੂੰ ਪ੍ਰਾਪਤ ਹੋਏ, ਸ਼੍ਰਮਣ ਭਗਵਾਨ ਮਹਾਵੀਰ ਨੇ ਜੇ ਨਿਰਯਾਵਲੀਕਾ ਸੂਤਰ ਦੇ ਪਹਿਲੇ ਅਧਿਐਨ ਦਾ ਇਸ ਪ੍ਰਕਾਰ ਅਰਥ ਫਰਮਾਇਆ ਹੈ ਤਾਂ "ਹੇ ਭਗਵਾਨ! (ਮੋਕਸ਼ ਨੂੰ ਪ੍ਰਾਪਤ ਹੋਏ ਭਗਵਾਨ ਮਹਾਵੀਰ ਨੇ) ਦੂਸਰੇ ਅਧਿਐਨ ਦਾ ਕਿ ਅਰਥ ਫਰਮਾਈਆ ਹੈ?"

"ਹੇ ਜੰਬੂ! ਉਸ ਕਾਲ, ਉਸ ਸਮੇਂ ਚੰਪਾ ਨਾਂ ਦੀ ਨਗਰੀ ਸੀ। ਉਸ ਨਗਰੀ ਵਿਚ ਪੂਰਨਭੱਦਰ ਨਾਂ ਦਾ ਚੇਤਯ ਸੀ। ਉਸ ਨਗਰੀ ਦਾ ਰਾਜਾ ਸ਼੍ਰੇਣਿਕ (ਬਿਵਸਾਰ) ਦੀ ਪਤਨੀ ਰਾਜਾ ਕੋਣਿਕ ਦੀ ਛੋਟੀ ਮਾਂ ਸੁਕਾਲੀ ਰਾਣੀ ਸੀ, ਜੋ ਸ਼ਰੀਰ ਪਖੋਂ ਸੋਹਲ ਤੇ ਸੁੰਦਰ ਸੀ। ਉਸ ਦਾ ਪੁੱਤਰ ਸੁਕਾਲ ਸੀ, ਉਹ ਵੀ ਸੋਹਲ, ਸੁੰਦਰ ਤੇ ਸਕੁਮਾਲ ਸੀ। ਉਹ ਸਕਿਾਲ ਕੁਮਾਰ ਕਿਸੇ ਸਮੇਂ ਤਿੰਨ ਤਿੰਨ ਹਜਾਰ ਹਾਥੀ, ਘੋੜੇ, ਰੱਥ ਤੇ ਤਿੰਨ ਕਰੋੜ ਪੈਦਲ ਸੈਨਿਕਾਂ ਨਾਲ, ਰਾਜਾ ਕੋਣਿਕ ਦੇ ਰੱਥ ਮੁਸਲ ਸੰਗਰਾਮ ਵਿਚ ਲੜਨ ਆਇਆ। ਉਹ ਵੀ ਕਾਲ ਕੁਮਾਰ ਦੀ ਤਰ੍ਹਾਂ ਸਾਰੀ ਫੋਜ਼ ਨਸ਼ਟ ਹੋਣ ਤੇ ਮਰਕੇ ਕਾਲ ਕੁਮਾਰ ਵਾਲੀ ਨਰਕ ਵਿੱਚ ਪੈਦਾ ਹੋਇਆ। ਇਹ ਵੀ ਉੱਥੋਂ ਨਿਕਲ ਕੇ ਮਹਾਵਿਦੇਹ ਖੇਤਰ ਵਿੱਚ ਜਨਮ ਲਵੇਗਾ ਤੇ ਕਾਲ ਕੁਮਾਰ ਦੀ ਤਰ੍ਹਾਂ ਸਿੱਧ- ਬੁੱਧ ਮੁਕਤ ਹੋਵੇਗਾ।

ਇਸ ਪ੍ਰਕਾਰ ਪਹਿਲੇ ਅਧਿਐਨਾਂ ਦੀ ਤਰ੍ਹਾਂ ਬਾਕੀ ਅੱਠ ਅਧਿਐਨਾ ਦਾ ਅਰਥ ਇਕ ਤਰ੍ਹਾਂ ਹੀ ਹੈ। ਫਰਕ ਇਹ ਹੈ ਕਿ ਮਾਤਾਵਾਂ ਦਾ ਨਾਂ ਕੁਮਾਰਾਂ ਦੇ ਨਾਂ ਉੱਪਰ ਹੈ। ਸਾਰੇ ਅਧਿਐਨਾ ਦਾ ਨਿਕਸ਼ੇਪ (ਸ਼ੁਰੂ) ਪਹਿਲੇ ਅਧਿਐਨ ਦੀ ਤਰ੍ਹਾਂ ਹੈ। ॥1॥

## ਕਲਪਾ ਵੰਤਸਿਕਾ ਸੂਤਰ

ਇਸ ਉਪਾਂਗ ਦਾ ਨਾਂ ਕਲਪਾ ਵੰਤਸਿਕਾ ਹੈ। ਇਸ ਵਿੱਚ ਰਾਜਾ ਕੋਣਿਕ ਦੇ ਪੁੱਤਰ ਤੇ ਰਾਜਾ ਸ਼੍ਰੇਣਿਕ ਦੇ 10 ਪੋਤਰੀਆਂ ਦਾ ਸਾਧੂ ਬਣਨ ਦਾ ਵਰਨਣ ਹੈ। ਮਗੱਧ ਦਾ ਇਹ ਰਾਜ ਪਰਿਵਾਰ 23ਵੇਂ ਤਿਰਥੰਕਰ ਭਗਵਾਨ ਪਾਰਸ਼ਨਾਥ ਦੇ ਸਮੇਂ ਤੋਂ ਹੀ ਸ਼੍ਰਮਣ ਪ੍ਰਮਪਰਾ ਦਾ ਉਪਾਸ਼ਕ ਰਿਹਾ ਹੈ। ਇਸ ਵਰਗ ਵਿੱਚ 10 ਅਧਿਐਨ ਹਨ। ਇਹ ਉਪਾਂਗ ਆਕਾਰ ਪੱਖੋਂ ਬਹੁਤ ਛੋਟਾ ਹੈ ਤੇ ਵਰਨਣ ਵੀ ਸੰਖੇਪ ਰੂਪ ਵਿੱਚ ਕੀਤਾ ਗਿਆ ਹੈ। ਇਸ ਅਧਿਐਨ ਦਾ ਮੁੱਖ ਪਾਤਰ ਰਾਜ ਕੁਮਾਰ ਪੱਦਮ ਹੈ ਜੋ ਕਿ ਪਦਮਾਵਤੀ ਰਾਣੀ ਦਾ ਪੁੱਤਰ ਹੈ। ਉਸ ਦੇ ਜਨਮ ਤੋਂ ਲੈ ਕੇ ਦੀਖਿਆ ਤੱਕ ਦਾ ਵਰਨਣ ਆਗਮ ਕਾਰ ਨੇ ਕੀਤਾ ਹੈ। ਇਹ ਉਪਾਂਗ ਇਤਿਹਾਸ ਪੱਖੋਂ ਬਹੁਤ ਮਹੱਤਵਪੂਰਨ ਹੈ।

# ਪਹਿਲਾ ਅਧਿਐਨ

ਆਰਿਆ ਸੁਧਰਮਾ ਸਵਾਮੀ ਤੋਂ ਆਰਿਆ ਜੰਬੂ ਸਵਾਮੀ ਪੁੱਛਦੇ ਹਨ, "ਹੇ ਭਗਵਾਨ! ਮੋਕਸ਼ ਨੂੰ ਪ੍ਰਾਪਤ ਹੋਏ ਸ਼੍ਰਮਣ ਭਗਵਾਨ ਮਹਾਵੀਰ ਨੇ ਨਿਰਯਾਵਲਿਕਾ ਨਾਂ ਦੇ ਉਪਾਂਗ ਦਾ ਪਹਿਲਾ ਵਾਲਾ ਅਰਥ ਦੱਸਿਆ ਹੈ ਤਾਂ ਇਸ ਤੋਂ ਬਾਅਦ ਦੂਸਰੇ ਵਰਗ ਦੇ ਕਲਪਾ ਵੰਤਸਿਕਾ ਦੇ ਕਿੰਨੇ ਅਧਿਐਨ ਫਰਮਾਏ ਹਨ?"

ਆਰਿਆ ਸੁਧਰਮਾ ਸਵਾਮੀ ਆਖਦੇ ਹਨ, "ਹੇ ਜੰਬੂ! ਸ਼੍ਰਮਣ ਭਗਵਾਨ ਮਹਾਵੀਰ ਨੇ ਕਲਪਾ ਵੰਤਸਿਕਾ ਦੇ ਦੱਸ ਅਧਿਐਨ ਫਰਮਾਏ ਹਨ":

1. ਪਦਮ, 2. ਮਹਾਪਦਮ, 3. ਭੱਦਰ, 4. ਸੁਭੱਦਰ, 5. ਪਦਮ ਭੱਦਰ, 6. ਪਦਮ ਸੈਨ, 7. ਪਦਮ ਗੁਲਮ, 8. ਨਲਿਗੁਲਮ 9. ਆਨੰਦ 10. ਨੰਦਨ। ॥1॥

ਆਰਿਆ ਜੰਬੂ ਸਵਾਮੀ ਫੇਰ ਪ੍ਰਸ਼ਨ ਕਰਦੇ ਹਨ, "ਹੇ ਭਗਵਾਨ! ਜੇ ਮੋਕਸ਼ ਨੂੰ ਪ੍ਰਾਪਤ ਭਗਵਾਨ ਮਹਾਵੀਰ ਨੇ ਕਲਪਾ ਵੰਤਸਿਕਾ ਦੇ ਦੱਸ ਅਧਿਐਨ ਫਰਮਾਏ ਹਨ ਤਾਂ ਪਹਿਲੇ ਅਧਿਐਨ ਦਾ ਕਿ ਅਰਥ ਫਰਮਾਇਆ ਗਿਆ ਹੈ?"

"ਹੇ ਜੰਬੂ! ਉਸ ਕਾਲ, ਉਸ ਸਮੇਂ, ਚੰਪਾ ਨਾਂ ਦੀ ਨਗਰੀ ਸੀ। ਉੱਥੇ ਪੂਰਨਭੱਦਰ ਨਾਂ ਦਾ ਚੇਤਯ ਸੀ। ਕੋਣਿਕ ਨਾਂ ਦਾ ਰਾਜਾ ਸੀ। ਉਸ ਦੀ ਰਾਣੀ ਪਦਮਾਵਤੀ ਸੀ। ਉਸ ਚੰਪਾ ਨਗਰੀ ਵਿੱਚ ਸ਼੍ਰੇਣਿਕ ਰਾਜਾ ਦੀ ਪਤਨੀ ਤੇ ਮਹਾਰਾਜਾ ਕੋਣਿਕ ਦੀ ਛੋਟੀ ਮਾਂ ਕਾਲੀ ਰਹਿੰਦੀ ਸੀ। ਜੋ ਸੁੰਦਰ ਤੇ ਸੁਕੋਮਲ ਸੀ। ਉਸ ਰਾਣੀ ਦੇ ਕਾਲ ਨਾਂ ਦਾ ਪੁੱਤਰ ਸੀ। ਉਸ ਦੀ ਪਤਨੀ ਪਦਮਾਵਤੀ ਵੀ ਬਹੁਤ ਸੁੰਦਰ, ਕੋਮਲ ਸੀ। ਕਾਲ ਕੁਮਾਰ ਅਪਣੇ ਪਿਛਲੇ ਪੁੰਨ ਸਦਕਾ ਅਪਣੀ ਪਤਨੀ (ਪਦਮਾਵਤੀ) ਨਾਲ ਸੁੱਖ ਭੋਗ ਰਿਹਾ ਸੀ।

ਇੱਕ ਵਾਰ ਰਾਣੀ ਪਦਮਾਵਤੀ ਅਪਣੇ ਮਹਿਲਾਂ ਵਿੱਚ ਸੋ ਰਹੀ ਸੀ। ਉਸ ਦੇ ਮਹਿਲ ਦੀਆਂ ਕੰਧਾਂ ਤੇ ਦਿਲ ਖਿਚਵੇ ਚਿੱਤਰ ਬਣੇ ਹੋਏ ਸਨ। ਉਸ ਮਹਿਲ ਵਿੱਚ

ਨਰਮ ਬਿਸਤਰੇ ਪਰ ਸੋਈ ਰਾਣੀ ਪਦਮਾਵਤੀ ਨੇ ਇੱਕ ਰਾਤ ਸ਼ੇਰ ਦਾ ਸੁਪਨ ਵੇਖਿਆ। ਸੁਪਨ ਵੇਖਨ ਸਾਰ ਹੀ ਉਹ ਜਾਗ ਪਈ। ਬਾਅਦ ਵਿੱਚ ਉਸ (ਰਾਣੀ) ਦੇ ਸੁਪਨ ਸ਼ਾਸਤਰ ਅਨੁਸਾਰ ਸ਼ੁਭ ਸ਼ਰੀਰਕ ਲੱਛਣ ਵਾਲਾ ਪੁੱਤਰ ਪੈਦਾ ਹੋਇਆ। ਉਸ ਦਾ ਜਨਮ ਤੋਂ ਲੈ ਕੇ ਨਾਉ ਰਖਣ ਦੇ ਸੰਸਕਾਰ ਦਾ ਵਰਨਣ ਮਹਾਵਲ ਕੁਮਾਰ (ਭਗਵਤੀ ਸੂਤਰ ਸ਼ਤਕ 11ਵਾਂ) ਦੀ ਤਰ੍ਹਾਂ ਜਾਣ ਲੈਣਾ ਚਾਹਿਦਾ ਹੈ। ਕਾਲ ਕੁਮਾਰ ਤੇ ਪਦਮਾਵਤੀ ਦਾ ਪੁੱਤਰ ਹੋਣ ਕਾਰਣ ਉਸ ਰਾਜ ਕੁਮਾਰ ਦਾ ਨਾਂ ਪਦਮ ਰਖਿਆ ਗਿਆ। ਇਸ ਤੋਂ ਬਾਅਦ ਦਾ ਵਿਰਤਾਂਤ ਵੀ ਮਹਾਵਲ ਰਾਜ ਕੁਮਾਰ ਦੀ ਤਰ੍ਹਾਂ ਜਾਨ ਲੈਣਾ ਚਾਹਿਦਾ ਹੈ। ਉਸ ਦੀ ਸ਼ਾਦੀ ਵੀ ਅੱਠ ਸ਼ੁੰਦਰ ਲੜਕੀਆਂ ਨਾਲ ਹੋਈ। ਉਸ ਨੂੰ ਵੀ ਸ਼ਾਦੀ ਵਿੱਚ ਅੱਠ ਦਹੇਜ ਮਿਲੇ। ਉਹ ਮਹਿਲ ਦੀ ਉਪਰਲੀ ਮੰਜਲ ਉਪਰ ਬੈਠਾ ਮਨੁੱਖਾਂ ਸੰਬਧੀ ਸੁਖਾਂ ਦਾ ਭੋਗ ਕਰਨ ਲੱਗਾ। ਬਾਕੀ ਦਾ ਵਰਤਾਂਤ ਮਹਾਵਲ ਕੁਮਾਰ ਦੀ ਤਰ੍ਹਾਂ ਸਮਝਨਾ ਚਾਹਿਦਾ ਹੈ। ॥2॥

ਇੱਕ ਵਾਰ ਭਗਵਾਨ ਮਹਾਵੀਰ ਉਸ ਨਗਰੀ ਵਿੱਚ ਪਧਾਰੇ। ਕੋਣਿਕ ਰਾਜਾ ਆਮ ਲੋਕਾਂ ਦੀ ਤਰ੍ਹਾਂ, ਪਦਮ ਕੁਮਾਰ ਮਹਾਵਲ ਦੀ ਤਰ੍ਹਾਂ, ਧਰਮ ਉਪਦੇਸ਼ ਸੁਨਣ ਲਈ ਭਗਵਾਨ ਦੇ ਸਮੋਸਰਨ (ਧਰਮ ਸਭਾ) ਵਿੱਚ ਪਹੁੰਚੇ। ਉਹ (ਪਦਮ ਕੁਮਾਰ) ਮਹਾਵਲ ਦੀ ਤਰ੍ਹਾਂ ਭਗਵਾਨ ਮਹਾਵੀਰ ਕੋਲ ਆਇਆ। ਉਸ ਨੂੰ ਭਗਵਾਨ ਮਹਾਵੀਰ ਦਾ ਉਪਦੇਸ਼ ਸੁਣ ਕੇ ਵੈਰਾਗ ਹੋ ਗਿਆ। ਉਸ ਨੇ ਵੀ ਮਹਾਵਲ ਦੀ ਤਰ੍ਹਾਂ ਮਾਂ - ਪਿਉ ਤੋਂ ਸਾਧੂ ਬਨਣ ਦੀ ਇਜਾਜ਼ਤ ਮੰਗੀ। ਉਹ ਵੀ ਸਾਧੂ ਬਨਕੇ ਬ੍ਰਹਮਚਰਜ ਦਾ ਪਾਲਨ ਕਰਨ ਲੱਗਾ। ॥3॥

ਉਸ ਤੋਂ ਬਾਅਦ ਪਦਮ ਅਨਗਾਰ, ਸ਼੍ਰਮਣ ਭਗਵਾਨ ਮਹਾਵੀਰ ਦੇ ਕਰੀਬ ਰਹਿਣ ਵਾਲੇ ਪੁਰਾਣੇ ਸੰਤਾਂ ਤੋਂ ਸਮਾਇਕ ਆਦਿ 11 ਅੰਗ ਸ਼ਾਸਤਰਾਂ ਦਾ ਅਧਿਐਨ ਕੀਤਾ। ਉਸ ਨੇ ਬਹੁਤ ਸਾਰੇ 1 -1, 2 - 2, 3 -3 ਅਤੇ 4 - 4 ਦਿਨਾਂ ਦੀ ਇੱਕਠੀ ਤਪੱਸਿਆ ਕੀਤੀ। ਇਸ ਪ੍ਰਕਾਰ ਤਪੱਸਿਆ ਕਰਦੇ ਕਰਦੇ ਉਸ ਦਾ ਸ਼ਰੀਰ

ਸੁੱਕ ਗਿਆ। ਉਸ ਦਾ ਸਰੀਰ ਇਨ੍ਹਾ ਸੁੱਕ ਗਿਆ ਕਿ ਹੱਡੀਆਂ ਤੇ ਮਾਸ ਹੀ ਵਿਖਾਈ ਦੇਣ ਲੱਗ ਪਏ। ਸਾਰੀਆਂ ਨੱਸਾਂ ਵਿਖਾਈ ਦੇਣ ਲੱਗ ਪਈਆਂ। ਇਸ ਦਾ ਬਾਕੀ ਵਰਨਣ ਮੇਘ ਕੁਮਾਰ (ਗਿਆਤਾ ਧਰਮ ਕਥਾਂਗ ਸੂਤਰ, ਪਹਿਲਾ ਅਧਿਐਨ) ਦੀ ਤਰ੍ਹਾਂ ਜਾਨਣਾ ਚਾਹਿਦਾ ਹੈ। ਮੇਘ ਕੁਮਾਰ ਦੀ ਤਰ੍ਹਾਂ ਉਸ ਨੇ ਵੀ ਧਾਰਮਿਕ ਜਾਗਰਨ ਕੀਤਾ। ਫੇਰ ਵਿਪੁਲਾਚਲ ਪਹਾੜ ਤੇ ਜਾਣ ਵਾਰੇ ਵਿਚਾਰ ਕੀਤਾ। ਵਿਪੁਲਾਚਲ ਜਾਣ ਵਾਰੇ ਭਗਵਾਨ ਕੋਲੋਂ ਇਜਾਜਤ ਮੰਗੀ। ਪੁੱਛਕੇ ਉਸ ਨੇ ਫੇਰ ਪੰਜ ਮਹਾਵਰਤ ਗ੍ਰਹਿਣ ਕੀਤੇ। ਗੋਤਮ ਆਦਿ ਸ਼੍ਰਮਣਾ ਤੋਂ ਖਿਮਾ ਮੰਗ, ਉਹ ਪੁਰਾਨੇ ਸੰਤਾਂ ਨਾਲ ਵਿਪੁਲਾਗਿਰੀ ਪਹਾੜ ਤੇ ਚੜ੍ਹੇ। ਉੱਥੇ ਵਿਧੀ ਸਹਿਤ ਪਾਦਪੋਗਮਨ ਸੰਥਾਰਾ (ਸੰਲੇਖਨਾ) ਅੰਗੀਕਾਰ ਕਰਕੇ, ਮੌਤ ਤੇ ਜਿੰਦਗੀ ਦੀ ਇੱਛਾ ਨਾਂ ਕਰਦੇ ਹੋਏ ਧਿਆਨ ਕਰਨ ਲੱਗੇ। ॥4॥

ਪਦਮ ਕੁਮਾਰ ਮੁਨੀ ਨੇ ਵਿਰਧ ਸਮਾਇਕ ਸੰਤਾਂ ਤੋਂ 11 ਅੰਗਾਂ ਦਾ ਅਧਿਐਨ ਕੀਤਾ। 15 ਸਾਲ ਤੱਕ ਸੰਜਮ ਦਾ ਪਾਲਨ ਕੀਤਾ ਫਿਰ ਉਹ ਇੱਕ ਮਹਿਨਾ ਸੰਲੇਖਨਾ ਅਵਸਥਾ ਵਿੱਚ ਰਹੇ। ਉਨ੍ਹਾਂ 60 ਦੋ-ਦੋ ਦਿਨ ਦੇ ਵਰਤ ਗ੍ਰਹਿਣ ਕੀਤੇ। ਇਸ ਪ੍ਰਕਾਰ ਕਾਲ ਆਉਣ ਤੇ ਪੁਰਾਣੇ ਸੰਤਾਂ ਨੂੰ ਪਦਮ ਮੁਨੀ ਦੇ ਭਾਂਡੇ ਆਦਿ ਵਸਤਾਂ ਭਗਵਾਨ ਮਹਾਵੀਰ ਨੂੰ ਵਿਖਾਇਆ। ਗੋਤਮ ਸਵਾਮੀ ਨੂੰ ਪੁਛਿੱਆ, ਹੇ ਭਗਵਾਨ! ਇਹ ਪਦਮ ਅਨਗਾਰ (ਮੁਨੀ) ਕਾਲ ਕਰਕੇ ਕਿੱਥੇ ਪੈਦਾ ਹੋਏ ਹਨ?

ਭਗਵਾਨ ਮਹਾਵੀਰ ਨੇ ਫਰਮਾਇਆ, ਹੇ ਗੋਤਮ! ਪਦਮ ਅਨਗਾਰ ਇੱਕ ਮਹਿਨੇ ਦਾ ਸੰਥਾਰਾ ਕਰਕੇ, ਆਤਮ ਸ਼ੁਧੀ ਕਰਕੇ, ਚੰਦਰਮਾ ਤੋਂ ਉਪਰ ਸੋਧਰਮ ਕਲਪ ਨਾਂ ਦੇ ਦੇਵ ਲੋਕ ਵਿੱਚ ਦੋ ਸਾਗਰੋਪਮ ਦੀ ਉਮਰ ਵਾਲੇ ਦੇਵਤਾ ਬਣੇ ਹਨ। ॥5॥

"ਹੇ ਭਗਵਾਨ! ਉਹ ਪਦਮ ਦੇਵ, ਦੇਵਤਾ ਦੀ ਉਮਰ ਪੂਰੀ ਕਰਕੇ ਕਿੱਥੇ ਪੈਦਾ ਹੋਵੇਗਾ?"

"ਹੇ ਗੋਤਮ! ਉਹ ਦੇਵ ਲੋਕ ਦੀ ਉਮਰ ਪੂਰੀ ਕਰਕੇ ਮਹਾਂਵਿਦੇਹ ਖੇਤਰ ਵਿੱਚ ਦ੍ਰਿੜਪ੍ਰਤਿਗ ਕੁਮਾਰ ਦੀ ਤਰ੍ਹਾਂ ਉੱਚੇ ਕੁਲ ਵਿਚ ਜਨਮ ਲੈਕੇ ਸਿੱਧ ਹੋਵੇਗਾ। ਸ਼ਭ ਦੁਖਾਂ ਦਾ ਅੰਤ ਕਰੇਗਾ"

ਇਸ ਪ੍ਰਕਾਰ ਮੋਕਸ਼ ਨੂੰ ਪ੍ਰਾਪਤ ਹੋਏ ਸ਼੍ਰਮਣ ਭਗਵਾਨ ਮਹਾਵੀਰ ਨੇ ਕਲਪਾਵੰਤਸਿਕਾ ਦੇ ਪਹਿਲੇ ਅਧਿਐਨ ਦਾ ਇਹ ਅਰਥ ਫਰਮਾਇਆ ਹੈ। ॥6॥

# ਦੂਸਰੇ ਅਧਿਐਨ ਤੋਂ ਦਸਵੇਂ ਅਧਿਐਨ ਤੱਕ

ਆਰਿਆ ਜੰਬੂ ਸਵਾਮੀ ਪੁੱਛਦੇ ਹਨ, “ਹੇ ਭਗਵਾਨ! ਜੇ ਮੁਕਤੀ ਨੂੰ ਪ੍ਰਾਪਤ ਭਗਵਾਨ ਮਹਾਵੀਰ ਨੇ ਕਲਪਾ ਵੰਤਸਿਕਾ ਉਪਾਂਗ ਦੇ ਪਹਿਲੇ ਅਧਿਐਨ ਦਾ ਇਹ ਅਰਥ ਦੱਸਿਆ ਹੈ ਤਾਂ ਦੁਸਰੇ ਅਧਿਐਨ ਦਾ ਭਾਵ ਸਮਝਾਉਣ ਦੀ ਕ੍ਰਿਪਾ ਕਰੋ” ਆਰਿਆ ਸੁਧਰਮਾ ਸਵਾਮੀ ਨੇ ਉੱਤਰ ਦਿੱਤਾ, “ਹੇ ਜੰਬੂ! ਉਸ ਕਾਲ, ਉਸ ਸਮੇਂ ਚੰਪਾ ਨਾਂ ਦੀ ਨਗਰੀ ਸੀ। ਉੱਥੇ ਪੂਰਨਭੱਦਰ ਨਾਂ ਦਾ ਚੇਤਯ (ਬਗੀਚਾ) ਸੀ। ਉੱਥੇ ਰਾਜਾ ਕੋਣਿਕ ਰਾਜ ਕਰਦਾ ਸੀ। ਉਸ ਦੀ ਰਾਣੀ ਪਦਮਾਵਤੀ ਸੀ ਅਤੇ ਰਾਜਾ ਸ਼੍ਰੇਣਿਕ ਦੀ ਰਾਣੀ ਅਤੇ ਮਹਾਰਾਜਾ ਕੋਣਿਕ ਦੀ ਛੋਟੀ ਮਾਂ ਸੁਕਾਲੀ ਸੀ। ਉਸ ਦਾ ਪੁੱਤਰ ਸੁਕਾਲ ਸੀ। ਉਸ ਸੁਕਾਲ ਰਾਜਕੁਮਾਰ ਦੀ ਰਾਣੀ ਮਹਾਂਪਦਮਾਵਤੀ ਸੀ। ਉਹ ਰਾਣੀ ਬਹੁਤ ਸੋਹਲ ਤੇ ਸੁੰਦਰ ਸੀ।

ਇਕ ਵਾਰ ਮਹਾਂਪਦਮਾਵਤੀ ਰਾਣੀ ਮਹਿਲਾਂ ਵਿਚ ਸੁਤੀ ਪਈ ਸੀ ਉਸਨੇ ਸੇਰ ਦਾ ਸੁਪਨਾ ਵੇਖਿਆ, ਨੋ ਮਹੀਨੇ ਬਾਅਦ ਉਸ ਨੇ ਮਹਾਂਪਦਮ ਨਾਂ ਦੇ ਪੁੱਤਰ ਨੂੰ ਜਨਮ ਦਿੱਤਾ। ਇਸ ਮਹਾਂਪਦਮ ਦਾ ਵਰਨਣ ਪਦਮ ਮੁਨੀ ਦੀ ਤਰ੍ਹਾਂ ਸਮਝ ਲੈਣਾ ਚਾਹਿਦਾ ਹੈ। ਇਹ ਵੀ ਦੇਵ ਲੋਕ ਛੱਡ ਕੇ ਮਹਾਂਵਿਦੇਹ ਖੇਤਰ ਵਿਚ ਪੈਦਾ ਹੋਏਗਾ। ਇਥੇ ਇਹ ਗੱਲ ਖਾਸ ਹੈ ਕਿ ਮਹਾਂਪਦਮ ਮੁਨੀ ਈਸ਼ਾਨ ਦੇਵ ਲੋਕ ਵਿਚ ਪੈਦਾ ਹੋਇਆ, “ਹੇ ਜੰਬੂ! ਇਸ ਪ੍ਰਕਾਰ ਮੁਕਤੀ ਨੂੰ ਪ੍ਰਾਪਤ ਹੋਏ ਭਗਵਾਨ ਮਹਵੀਰ ਨੇ ਦੁਸਰੇ ਅਧਿਐਨ ਦਾ ਇਹੋ ਅਰਥ ਫਰਮਾਇਆ ਹੈ”

“ਹੇ ਜੰਬੂ! ਇਸ ਪ੍ਰਕਾਰ ਅੱਠ ਅਧਿਐਨਾ ਦਾ ਅਰਥ ਸਮਝ ਲੈਣਾ ਚਾਹਿਦਾ ਹੈ। ਕਾਲ ਆਦਿ ਦਸ ਰਾਜ ਕੁਮਾਰਾ ਦੇ ਨਾਂ ਉਨ੍ਹਾਂ ਦੀਆਂ ਮਾਤਾਵਾਂ ਦੇ ਨਾਂ ਤੇ ਹਨ। ਇਨ੍ਹਾਂ ਦੇ ਸਾਧੂ ਜੀਵਨ ਦਾ ਸਮਾਂ ਇਸ ਪ੍ਰਕਾਰ ਹੈ, ਕਾਲ, ਸੁਕਾਲ ਦੇ ਪੁਤਰ ਪਦਮ ਮੁਨੀ ਅਤੇ ਮਹਾਂਪਦਮ ਮੁਨੀ ਨੇ 5 ਸਾਲ ਸਾਧੂ ਜੀਵਨ ਪਾਲਨ ਕੀਤਾ।

ਮਹਾਂਕ੍ਰਿਸ਼ਨ, ਕ੍ਰਿਸ਼ਨ ਤੇ ਸੁਕ੍ਰਿਸਨ ਦੇ ਪੁੱਤਰ ਭੱਦਰ, ਸੁਭੱਦਰ ਤੇ ਪਦਮ ਭੱਦਰ ਨੇ 4 - 4 ਸਾਲ ਸਾਧੂ ਜੀਵਨ ਦਾ ਪਾਲਨ ਕੀਤਾ। ਰਾਮ ਕ੍ਰਿਸ਼ਨ ਦੇ ਪੁੱਤਰ ਪਦਮ ਸੈਨ, ਪਦਮ ਗੁਲਮ ਤੇ ਨਲਿਗੁਲਮ ਨੇ 3 -3 ਸਾਲ ਸਾਧੂ ਜੀਵਨ ਦਾ ਪਾਲਨ ਕੀਤਾ। ਪਿੱਤਰਸੈਨ ਤੇ ਮਹਾਸੈਨ ਕ੍ਰਿਸ਼ਨ ਦੇ ਪੁੱਤਰ ਆਨੰਦ ਤੇ ਨੰਦਨ ਨੇ 2 - 2 ਸਾਲ ਸਾਧੂ ਜੀਵਨ ਦਾ ਪਾਲਨ ਕੀਤਾ। ਦਸ ਰਾਜਕੁਮਾਰ ਮੁਨੀ ਮਹਾਰਾਜਾ ਸ਼੍ਰੇਣਿਕ ਦੇ ਪੋਤੇ ਸਨ।

ਉਹ ਇਨ੍ਹਾ ਦੇਵ ਲੋਕ ਵਿੱਚ ਗਏ ਜੋ ਇਸ ਪ੍ਰਕਾਰ ਹਨ:

1. ਪਦਮ: ਸੋਧਰਮ ਦੇਵ ਲੋਕ ਵਿੱਚ ਦੋ ਸਾਗਰੋਪਮ ਦੀ ਉਮਰ ਵਾਲਾ ਦੇਵਤਾ ਬਣਿਆ।
2. ਮਹਾਪਦਮ: ਈਸ਼ਾਨ ਦੂਸਰੇ ਦੇਵ ਲੋਕ ਵਿੱਚ ਦੋ ਸਾਗਰੋਪਮ ਤੋਂ ਕੁੱਝ ਸਮਾ ਜਿਆਦਾ ਉਮਰ ਵਾਲਾ ਦੇਵ ਬਣਿਆ।
3. ਭੱਦਰ: ਸਨਤ ਕੁਮਾਰ ਦੇ ਤੀਸਰੇ ਦੇਵ ਲੋਕ ਵਿਚ ਸਾਗਰੋਪਮ ਦੀ ਉਮਰ ਵਾਲਾ ਦੇਵਤਾ ਬਣਿਆ।
4. ਸ਼ੁਭੱਦਰ: ਮਹਿੰਦਰ ਨਾਂ ਦੇ ਚੋਥੇ ਦੇਵ ਲੋਕ ਵਿਚ 7 ਸਾਗਰੋਪਮ ਤੋਂ ਵੱਧ ਉਮਰ ਵਾਲਾ ਦੇਵਤਾ ਬਣਿਆ।
5. ਪਦਮ ਭੱਦਰ ਮੁਨੀ: ਬ੍ਰਹਮਾ ਨਾਂ ਦੇ ਪੰਜਵੇ ਦੇਵ ਲੋਕ ਵਿਚ 10 ਸਾਗਰੋਪਮ ਵਾਲਾ ਦੇਵਤਾ ਬਣਿਆ।
6. ਪਦਮਸੇਨ: ਲਾਤਨਕ ਦੇਵ ਲੋਕ ਵਿੱਚ 14 ਸਾਗਰੋਪਮ ਦੀ ਉਮਰ ਵਾਲਾ ਦੇਵਤਾ ਬਣਿਆ।
7. ਪਦਮਗੁਲਮ ਮੁਨੀ: ਮਹਾਸ਼ੁਕਰ ਦੇਵ ਲੋਕ ਵਿੱਚ 17 ਸਾਗਰੋਪਮ ਦੀ ਸਥਿਤੀ ਵਾਲਾ ਦੇਵਤਾ ਬਣਿਆ।

8. ਨਲਿਨੀਗੁਲਮ: ਸਹਤਰਨਾਰ ਨਾਉਂ ਦੇ ਅੱਠਵੇਂ ਦੇਵ ਲੋਕ ਵਿੱਚ 19 ਸਾਗਰੋਪਮ ਵਾਲੀ ਉਮਰ ਦਾ ਦੇਵਤਾ ਬਣਿਆ।
9. ਅਣਿਤ ਮੁਨੀ: ਪ੍ਰਾਣਤ ਨਾਂ ਦੇ ਦੇਵ ਲੋਕ ਵਿੱਚ 20 ਸਾਗਰੋਪਮ ਵਾਲੀ ਉਮਰ ਵਾਲਾ ਦੇਵਤਾ ਬਣਿਆ।
10. ਨੰਦਨ ਮੁਨੀ: ਵਾਕਵੇ ਅਚਯੁਤ ਨਾਂ ਦੇ ਦੇਵ ਲੋਕ ਵਿੱਚ 22 ਸਾਗਰੋਪਮ ਵਾਲੀ ਉਮਰ ਦਾ ਦੇਵਤਾ ਬਣਿਆ। ॥1॥

## ਸ਼੍ਰੀ ਪੁਸ਼ਪਿਤਾ ਨਾਂ ਦਾ ਤੀਸਰਾ ਉਪਾਂਗ

ਇਸ ਤੀਸਰੇ ਉਪਾਂਗ ਵਿੱਚ ਸੂਰਜ, ਚੰਦਰਮਾ, ਸ਼ੁਕਰ ਆਦਿ ਦਸ ਅਧਿਐਨਾ ਦਾ ਵਰਨਣ ਹੈ ਜਿਹਨਾਂ ਵਿੱਚ ਇਹਨਾਂ ਦੁਆਰਾ ਭਗਵਾਨ ਮਹਾਵੀਰ ਦੀ ਧਰਮ ਸ਼ਭਾ ਵਿੱਚ ਦਰਸ਼ਨ ਕਰਨ ਆਉਣਾ, ਅਪਣੀ ਦੇਵ ਰਿੱਧੀ ਪ੍ਰਗਟ ਕਰਨਾ ਨਾਟਕ ਵਿਖਾਉਣ ਦਾ ਵਰਨਣ ਹੈ। ਗਨਧਰ ਗੋਤਮ ਦੇ ਪ੍ਰਸ਼ਨ ਅਤੇ ਭਗਵਾਨ ਮਹਾਵੀਰ ਦੇ ਉੱਤਰ ਦਾ ਵਿਸਥਾਰ ਨਾਲ ਵਰਨਣ ਕੀਤਾ ਗਿਆ ਹੈ। ਇਹਨਾਂ ਰੋਚਕ ਕਥਾਵਾਂ ਵਿੱਚ ਸੰਸਾਰਕ ਭੋਗ ਵਿਲਾਸ ਅਤੇ ਵਾਸ਼ਨਾ ਨੂੰ ਵਿਖਾਇਆ ਗਿਆ ਹੈ। ਇਸ ਦੇ ਨਾਲ ਹੀ ਇਸ ਉਪਾਂਗ ਵਿੱਚ 23ਵੇਂ ਤੀਰਥੰਕਰ ਭਗਵਾਨ ਪਾਰਸ਼ਨਾਥ ਕੋਲ ਸੋਮਲ ਬ੍ਰਹਮਣ ਕੋਲ ਜਾਣ ਅਤੇ ਪ੍ਰਸ਼ਨ ਉੱਤਰ ਕਰਨ ਦਾ ਵਰਨਣ ਹੈ। ਇਸ ਆਗਮ ਵਿੱਚ 40 ਪ੍ਰਕਾਰ ਦੇ ਤਾਪਸਾਂ ਦਾ ਵਰਨਣ ਕੀਤਾ ਗਿਆ ਹੈ ਜੋ ਅਪਣੇ ਹੱਠ ਯੋਗ ਲਈ ਪ੍ਰਸ਼ਿਧ ਸਨ। ਇਸ ਹੱਠ ਯੋਗ ਸਾਧਨਾ ਦਾ ਭਗਵਾਨ ਮਹਾਵੀਰ ਨੇ ਖੰਡਨ ਕੀਤਾ ਸੀ। ਇਸ ਵਿੱਚ ਬਹੁਪੁਤਰੀਕਾ ਸਾਧਵੀ ਦੇ ਸੰਜਮ ਤੋਂ ਭ੍ਰਸ਼ਿਟ ਹੋਣ ਦਾ ਵਰਨਣ ਹੈ। ਇਹਨਾਂ ਅਧਿਐਨਾ ਦਾ ਵਰਨਣ ਸਥਾਨਗ ਸੂਤਰ ਵਿੱਚ ਵੀ ਆਉਂਦਾ ਹੈ।

# ਪਹਿਲਾ ਅਧਿਐਨ

ਆਰਿਆ ਜੰਬੂ ਸਵਾਮੀ ਅਪਣੇ ਗੁਰੂ ਸੁਧਰਮਾ ਸਵਾਮੀ ਨੂੰ ਪੁੱਛਦੇ ਹਨ, "ਹੇ ਭਗਵਾਨ! ਜੇ ਮੁਕਤੀ ਨੂੰ ਪ੍ਰਾਪਤ ਭਗਵਾਨ ਮਹਾਵੀਰ ਨੇ ਕਲਪਾਤਸਿਕਾ ਨਾਂ ਦੇ ਦੂਸਰੇ ਉਪਾਂਗ ਦਾ ਇਹ ਅਰਥ ਦੱਸਿਆ ਹੈ, ਤਾਂ ਉਸ ਭਗਵਾਨ ਮਹਾਵੀਰ ਨੇ ਪੁਸ਼ਪਿਤਾ ਨਾਂ ਦੇ ਤੀਸਰੇ ਉਪਾਂਗ ਦਾ ਕੀ ਅਰਥ ਦੱਸਿਆ ਹੈ?"

ਆਰਿਆ ਸੁਧਰਮਾ ਸਵਾਮੀ ਫਰਮਾਉਂਦੇ ਹਨ, "ਹੇ ਜੰਬੂ! ਮੁਕਤੀ ਨੂੰ ਪ੍ਰਾਪਤ ਹੋਏ ਭਗਵਾਨ ਮਹਾਵੀਰ ਨੇ ਤੀਸਰੇ ਪੁਸ਼ਪਿਤਾ ਉਪਾਂਗ ਦੇ ਦਸ ਅਧਿਐਨ ਫਰਮਾਏ ਹਨ। ਜਿਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ:

1. ਚੰਦ 2. ਸੁਰਜ 3. ਸ਼ੁਕਰ 4. ਭਹੁਪੁਤਰਿਕਾ 5. ਪੂਰਨ, 6. ਮਾਨਭੱਦਰ, 7. ਦੱਤ 8. ਸ਼ਿਵ 9. ਵਲੇਪਕ 10. ਅਣਾਦਿਰਤ ॥1॥

"ਹੇ ਜੰਬੂ! ਉਸ ਸਮੇਂ, ਉਸ ਕਾਲ ਰਾਜਗ੍ਰਹਿ ਨਾਂ ਦਾ ਨਗਰ ਸੀ। ਉੱਥੇ ਗੁਣ ਸ਼ੀਲ ਨਾਂ ਦਾ ਚੇਤਯ (ਬਗੀਚਾ) ਸੀ ਅਤੇ ਉੱਥੇ ਸ਼੍ਰੇਣਿਕ ਨਾਂ ਦਾ ਰਾਜਾ ਰਾਜ ਕਰਦਾ ਸੀ। ਉਸ ਸਮੇਂ, ਉਸ ਕਾਲ ਸ਼੍ਰਮਣ ਭਗਵਾਨ ਮਹਾਵੀਰ ਉਸ ਨਗਰੀ ਦੇ ਗੁਣਸ਼ੀਲ ਚੇਤਯ ਵਿੱਚ ਪਧਾਰੇ। ਧਰਮ ਸ਼ਭਾ ਇੱਕਤਰ ਹੋਈ। ਉਸ ਸਮੇਂ ਜੋਤਸ਼ੀ ਦੇਵਤਿਆਂ ਦੇ ਇੰਦਰ, ਜੋਤਸ਼ੀਆਂ ਦੇਵਤਾ ਦਾ ਰਾਜਾ ਚੰਦਰਮਾ, ਚੰਦਰਵੇਤਾਂਸ਼ਕ ਵਿਮਾਨ ਵਿੱਚ ਬੈਠ ਕੇ, ਆਪਣੇ ਸਾਥੀ 4000 ਦੇਵਤਿਆਂ ਨਾਲ ਬੈਠੇ ਸਨ।

ਜੋਤਸ਼ੀ ਦੇ ਇੰਦਰ ਚੰਦਰਮਾ ਨੇ ਇਸ ਜੰਬੂ ਦੀਪ ਨੂੰ ਆਪਣੇ ਅਵਧੀ ਗਿਆਨ ਰਾਹੀਂ ਤੱਕੀਆ। ਉਸ ਨੇ ਜੰਬੂ ਦੀਪ ਵਿੱਚਕਾਰ ਵਿਰਾਜਮਾਨ ਭਗਵਾਨ ਮਹਾਵੀਰ ਨੂੰ ਦੇਖਿਆ। ਉਸ ਦੇਵਤਾ ਦੇ ਮਨ ਵਿੱਚ ਭਗਵਾਨ ਮਹਾਵੀਰ ਦੇ ਦਰਸ਼ਨ ਦੀ ਇੱਛਾ ਜਾਗੀ। ਉਸ ਨੇ ਵੀ ਸੁਰਿਆਭ ਦੇਵਤੇ ਦੀ ਤਰ੍ਹਾਂ ਆਪਣੇ ਸਹਾਇਕ ਦੇਵਤਿਆਂ ਚੰਦਰਮਾ, ਉਨ੍ਹਾਂ ਦੇਵਤਿਆਂ ਨੂੰ ਆਖਣ ਲੱਗਾ, ਹੇ ਦੇਵਾਨੂਪ੍ਰਿਆ, ਤੁਸੀਂ ਜੰਬੂ ਦੀਪ ਦੇ

ਵਿਚਕਾਰ ਜਾਵੋ ਅਤੇ ਉੱਥੇ ਜਾ ਕੇ ਸੰਵਰਤਕ ਨਾ ਦੀ ਹਵਾ ਚਲਾਉ ਕੂੜਾ ਕਰਕਟ ਸਾਫ ਕਰਕੇ ਸੁਗੰਧੀ ਵਾਲੇ ਪਦਾਰਥ ਛਿੜਕੋ। ਯੋਜਨ ਦੇ ਕਰੀਬ ਭੂਮੀ ਨੂੰ ਸੁਰ ਆਦਿ ਦੇਵਤਿਆਂ ਦੇ ਬੈਠਣ ਯੋਗ ਬਣਾ ਕੇ ਖਬਰ ਦੇਵੋ”

ਉਹ ਅਭਿਯੋਗਿਕ (ਅਧੀਨ) ਦੇਵਤੇ ਉਪਰੋਕਤ ਆਗਿਆ ਨਾਲ ਕੰਮ ਕਰਦੇ ਹਨ। ਫਿਰ ਚੰਦਰ ਦੇਵ ਨੇ ਸੇਵਾ ਨਾਯਕ ਨੂੰ ਬੁਲਾ ਕੇ ਕਿਹਾ, ਸੁਸਵਰ “ਨਾਂ ਦਾ ਘੰਟਾ ਬਜਾ ਕੇ ਸਾਰੇ ਦੇਵੀ ਦੇਵਤਿਆਂ ਨੂੰ ਭਗਵਾਨ ਦੇ ਦਰਸ਼ਨ ਦੇ ਜਾਣ ਲਈ ਸੂਚਨਾ ਦੇਵੋ ਅਤੇ ਵਾਪਸ ਮੈਨੂੰ ਸੂਚਿਤ ਕਰੋ”। ਉਹਨਾਂ ਦੇਵਤਿਆਂ ਨੇ ਇਸ ਪ੍ਰਕਾਰ ਹੀ ਕੀਤਾ।

ਸੁਰਿਆਭ ਦੇਵਤੇ ਦੇ ਵਰਨਣ ਅਤੇ ਇਸ ਵਰਨਣ ਵਿੱਚ ਇਨਾ ਹੀ ਫਰਕ ਹੈ ਕਿ ਇਸ (ਚੰਦਰਮਾ) ਦਾ ਵਿਮਾਨ ਇੱਕ ਹਜ਼ਾਰ ਯੋਜਨ ਵਿੱਚ ਫੈਲਿਆ ਹੋਇਆ ਸੀ। 63 ½ ਯੋਜਨਉੱਚਾ ਸੀ ਇਸ ਦੀ ਮਹਿੰਦਰ ਧਵੱਜਾ 25 ਯੋਜਨ ਉੱਚੀ ਸੀ, ਬਾਕੀ ਦਾ ਸਾਰਾ ਵਰਨਣ ਸੁਰਿਆਭ ਦੇਵਤੇ ਦੇ ਵਰਨਣ ਦੀ ਤਰ੍ਹਾਂ ਹੀ ਸੀ। ਉਸ ਨੇ ਵੀ ਭਗਵਾਨ ਮਹਾਵੀਰ ਦੀ ਸਭਾ ਵਿੱਚ ਨਾਟਕ ਆਦਿ ਕੀਤਾ ਅਤੇ ਦਰਸ਼ਨ ਕਰਕੇ ਵਾਪਸ ਚਲਾ ਗਿਆ। ਉਸ ਦੇ ਜਾਣ ਤੋਂ ਬਾਅਦ ਗਨਧਰ ਗੋਤਮ ਸਵਾਮੀ ਨੇ ਭਗਵਾਨ ਮਹਾਵੀਰ ਤੋਂ ਪੁੱਛਿਆ,

“ਹੇ ਭਗਵਾਨ! ਉਹ ਚੰਦਰ ਦੇਵ ਆਪਣੀ ਦੇਵ ਸ਼ਕਤੀ ਰਾਹੀਂ ਸਾਰੇ ਦੇਵੀ ਦੇਵਤਿਆ ਰਾਹੀਂ ਨਾਟਕ ਵਿੱਖਾ ਕੇ। ਫਿਰ ਇੱਕਲਾ ਹੀ ਰਹਿ ਗਿਆ ਸੀ। ਇਹ ਬੜੇ ਅਚੰਬੇ ਦੀ ਗੱਲ ਹੈ” ਭਗਵਾਨ ਮਹਾਵੀਰ ਨੇ ਫਰਮਾਇਆ, “ਹੇ ਗੋਤਮ, ਜਿਵੇਂ ਕਿਸੇ ਮੈਲੇ ਵਿੱਚ ਬੈਠਾ ਲੋਕ ਇੱਕਠ ਮੀਂਹ ਆਦਿ ਦੇ ਖਤਰੇ ਤੋਂ ਡਰਦਾ ਹੋਇਆ ਇੱਕ ਵਿਸ਼ਾਲ ਘਰ ਵਿੱਚ ਜਾ ਲੁਕਦਾ ਹੈ। ਠੀਕ ਉਸੇ ਪ੍ਰਕਾਰ ਚੰਦਰ ਦੇਵ ਨੇ ਅਪਣੀ ਵੈਕਰਿਆ ਸ਼ਕਤੀ ਰਾਹੀਂ ਨਾਟਕ ਵਿਖਾ ਕੇ ਉਹਨਾਂ ਸਾਰੇ ਦੇਵਤਿਆਂ ਨੂੰ ਆਪਣੇ ਸ਼ਰੀਰ ਵਿੱਚ ਇੱਕਠਾ ਕਰ ਲਿਆ”।

ਗੋਤਮ ਗਨਧਰ ਨੇ ਪੁੱਛਿਆ, ਕਿ ਇਹ ਚੰਦਰਮਾ ਪਿਛਲੇ ਜਨਮ ਵਿੱਚ ਕੋਣ ਸੀ?

ਗੋਤਮ ਗਨਧਰ ਦੇ ਪ੍ਰਸ਼ਨ ਨੂੰ ਸੁਣ ਕੇ ਭਗਵਾਨ ਮਹਾਵੀਰ ਫਰਮਾਉਂਦੇ ਹਨ, "ਹੇ ਗੋਤਮ! ਉਸ ਕਾਲ ਉਸ ਸਮੇਂ ਸ੍ਰਾਵਸਤੀ ਨਾਂ ਦੀ ਨਗਰੀ ਸੀ। ਉੱਥੇ ਕੋਸ਼ਟਕ ਨਾਂ ਦਾ ਚੇਤਯ ਸੀ। ਉਸ ਸ੍ਰਾਵਸਤੀ ਨਗਰੀ ਵਿੱਚ ਅੰਗਤੀ ਨਾਂ ਦਾ ਗਾਥਾਪਤਿ ਰਹਿੰਦਾ ਸੀ। ਉਹ ਬਹੁਤ ਅਮੀਰ ਸੀ ਅਤੇ ਖੁਸ਼ਹਾਲ ਸੀ। ਇਸ ਦਾ ਵਰਨਣ ਆਨੰਦ ਸ਼੍ਰਾਵਕ (ਉਪਾਸਕ ਦਸ਼ਾਂਗ ਸੂਤਰ ਅਧਿਐਨ ਪਹਿਲਾ) ਦੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ। ॥2॥

ਉਸ ਕਾਲ, ਉਸ ਸਮੇਂ 23 ਵੇਂ ਤੀਰਥੰਕਰ ਭਗਵਾਨ ਪਾਰਸ਼ਨਾਥ ਜੋ ਪੁਰਸ਼ਾਦਾਣੀ ਅਤੇ ਧਰਮ ਸੰਸਥਾਪਕ ਸਨ। ਭਗਵਾਨ ਮਹਾਵੀਰ ਦੀ ਤਰ੍ਹਾਂ ਸਾਰੇ ਗੁਣਾ ਨਾਲ ਸੰਪੂਰਨ ਸਨ। ਉਹਨਾਂ ਦਾ ਸ਼ਰੀਰ 9 ਹੱਥ ਉੱਚਾ ਸੀ ਅਤੇ 16 ਹਜ਼ਾਰ ਸਾਧੂ ਅਤੇ 38 ਹਜ਼ਾਰ ਸਾਧਵੀਆਂ ਨਾਲ ਧਰਮ ਪ੍ਰਚਾਰ ਕਰਦੇ ਹੋਏ। ਆਪ ਇਸੇ ਕੋਸ਼ਟਕ ਨਾਂ ਦੇ ਬਗੀਚੇ ਵਿੱਚ ਪਧਾਰੇ, ਧਰਮ ਸਭਾ ਲੱਗੀ। ਧਰਮ ਉਪਦੇਸ਼ ਸੁਣ ਕੇ ਸਾਰੇ ਲੋਕ ਆਪਣੇ ਘਰਾਂ ਨੂੰ ਵਾਪਸ ਹੋ ਗਏ। ਇਸ ਤੋਂ ਬਾਅਦ ਉਸ ਅੰਗਤਿ ਗਾਥਾਪਾਤਿ ਨੇ ਭਗਵਾਨ ਪਾਰਸ਼ਨਾਥ ਦੇ ਪਧਾਰਨ ਦਾ ਵਰਨਣ ਸੁਣਿਆ। ਉਹ ਵੀ ਕਾਰਤੀਕ ਸੇਠ ਦੀ ਤਰ੍ਹਾਂ ਭਗਵਾਨ ਪਾਰਸ਼ਨਾਥ ਦੇ ਦਰਸ਼ਨਾ ਲਈ ਨਿਕਲਿਆ। ਉਸ ਨੇ ਭਗਵਾਨ ਪਾਰਸ਼ਨਾਥ ਦੀ ਸੇਵਾ ਕੀਤੀ। ਧਰਮ ਕਥਾ ਸੁਣੀ। ਧਰਮ ਨੂੰ ਦਿਲ ਵਿੱਚ ਧਾਰਨ ਕੀਤਾ। ਫਿਰ ਉਹ ਪ੍ਰਾਥਨਾ ਕਰਨ ਲੱਗਾ, "ਹੇ ਭਗਵਾਨ! ਮੈਂ ਅਪਣੇ ਬੜੇ ਪੁੱਤਰ ਨੂੰ ਪਰਿਵਾਰ ਦਾ ਭਾਰ ਸੰਭਾਲ ਕੇ, ਆਪ ਪਾਸ ਸਾਧੂ ਬਣਨਾ ਚਾਹੁੰਦਾ ਹਾਂ, ਫਿਰ ਉਸ ਨੇ ਗੰਗਦਤ ਦੀ ਤਰ੍ਹਾਂ ਪੰਜ ਮਹਾਵਰਤ, ਪੰਜ ਸਮੀਤੀ ਅਤੇ ਤਿੰਨ ਗੁਪਤੀ ਰੂਪੀ ਸੰਜ਼ਮ ਵਰਤਾ ਨੂੰ ਧਾਰਨ ਕੀਤਾ। ਫਿਰ ਉਸ ਨੇ ਸਥਵਿਰ (ਗਿਆਨੀ ਸੰਤਾਂ) ਤੋਂ ਸਾਮਾਇਕ ਆਦਿ 11 ਅੰਗਾਂ ਦਾ ਅਧਿਐਨ ਕਰਦਾ ਹੈ। ਉਸਨੇ ਬਹੁਤ ਸਾਰੇ 4 -4 ਵਰਤ ਇੱਕਠੇ ਕਰਨ ਦੀ

ਤੱਪਸਿਆ ਪੂਰੀ ਕਰਦਾ ਹੈ। ਬਹੁਤ ਸਮੇਂ ਸੰਜਮ ਦਾ ਪਾਲਣ ਕਰਕੇ, ਉਸ ਨੇ ਅੰਤ ਸਮੇਂ 15 ਦਿਨਾਂ ਦਾ ਮਰਨ ਸਮਾਧੀ ਵਰਤ (ਸਲੇਖਨਾ) ਕਰਦਾ ਹੈ ਅਤੇ 30 ਦਿਨਾਂ ਦਾ ਸਮਾਧੀ ਦੀ ਅਰਾਧਨਾ ਕਰਦਾ ਹੈ। ਫਿਰ ਮੌਤ ਸਮੇਂ ਚੰਦਰਾਵਤੰਸ ਵਿਮਾਨ ਦੀ ਉਪਾਪਤ ਸਭਾ ਵਿਚ ਦੇਵਦੁਸ਼ਯ ਨਾ ਵਸਤਰਾ ਨਾਲ ਢੱਕੀ, ਦੇਵ ਸ਼ਯਾ ਉੱਪਰ ਉਹ ਮੁਨੀ ਜੋਤਸੀਆਂ ਦੇਵਤੇ ਦੇ ਇੰਦਰ ਚੰਦਰਮਾ ਦੇ ਰੂਪ ਵਿੱਚ ਪੈਦਾ ਹੋਏ। ਇੱਥੇ ਇਨ੍ਹਾਂ ਨੂੰ 6 ਪਰਿਆਪਤੀਆਂ (ਸ਼ਕਤੀਆਂ) ਹਾਸਲ ਹਨ।

1. ਅਹਾਰ, 2. ਸ਼ਰੀਰ, 3. ਇੰਦਰੀਆਂ, 4. ਸਵਾਸ਼ੋ ਸਵਾਸ 5. ਭਾਸ਼ਾ 6. ਮਨ ਪ੍ਰਾਪਤੀ

ਗਨਧਰ ਗੋਤਮ ਸਵਾਮੀ ਨੇ ਫਿਰ ਪ੍ਰਸ਼ਨ ਕੀਤਾ, "ਹੇ ਭਗਵਾਨ! ਜੋਤਸ਼ੀਆਂ ਦੇ ਇੰਦਰ, ਜੋਤਸੀਆਂ ਦੇ ਰਾਜਾ ਚੰਦਰਮਾ ਦੀ ਉਮਰ ਕਿੰਨੀ ਹੈ?" ਭਗਵਾਨ ਮਹਾਵੀਰ ਨੇ ਫਰਮਾਇਆ, "ਹੇ ਗੋਤਮ! ਜੋਤਸ਼ੀਆਂ ਦੇ ਇੰਦਰ, ਜੋਤਸ਼ੀਆਂ ਦੇ ਰਾਜੇ ਚੰਦਰਮਾ ਦੀ ਉਮਰ ਇਕ ਪਲਯੋਪਮ ਅਤੇ 1 ਲੱਖ ਸਾਲ ਦੀ ਹੈ"।

"ਹੇ ਭਗਵਾਨ! ਜੋਤਸ਼ੀਆਂ ਦੇ ਰਾਜੇ ਨੂੰ ਇਹ ਮਹਾਨ ਦੇਵ ਰਿੱਧੀ ਕਿਵੇਂ ਪ੍ਰਾਪਤ ਹੋਈ। ਗੋਤਮ ਸਵਾਮੀ ਨੇ ਅੱਗੋਂ ਪੁਛਿੱਆ?" ਭਗਵਾਨ ਮਹਾਵੀਰ ਨੇ ਫਰਮਾਇਆ, ਹੇ ਗੋਤਮ! ਜੋਤਸ਼ੀਆਂ ਦੇ ਇੰਦਰ, ਜੋਤਸ਼ੀਆਂ ਦੇ ਰਾਜੇ ਚੰਦਰਮਾ ਨੂੰ ਇਹ ਮਹਾਨ ਰਿੱਧੀ ਸਿੱਧੀ ਪਿਛਲੇ ਜਨਮ ਵਿੱਚ ਪਾਲਨ ਕੀਤੇ ਸੰਜਮੀ ਜੀਵਨ ਕਾਰਨ ਪ੍ਰਾਪਤ ਹੋਈ।

"ਹੇ ਭਗਵਾਨ! ਚੰਦਰਮਾ ਦਾ ਜੀਵ ਆਪਣੀ ਉਮਰ ਪੂਰੀ ਕਰਕੇ ਫਿਰ ਕਿੱਥੇ ਪੈਦਾ ਹੋਵੇਗਾ? ਹੇ ਗੋਤਮ! ਉਮਰ ਪੂਰੀ ਕਰਕੇ ਚੰਦਰਮਾ ਦਾ ਜੀਵ ਮਹਾਵਿਦੇਹ ਖੇਤਰ ਵਿੱਚ ਜਨਮ ਲੈ ਕੇ ਸਿੱਧ ਬੁੱਧ ਮੁਕਤ ਹੋਵੇਗਾ।

ਆਰਿਆ ਸੁਧਰਮਾ ਸਵਾਮੀ ਆਖਦੇ ਹਨ, "ਹੇ ਜੰਬੂ! ਮੁਕਤੀ ਨੂੰ ਪ੍ਰਾਪਤ ਹੋਏ ਭਗਵਾਨ ਮਹਾਵੀਰ ਨੇ ਪੁਸ਼ਪੀਤਾ ਨਾਂ ਦੇ ਤੀਸਰੇ ਉਪਾਂਗ ਦੇ ਪਹਿਲੇ ਅਧਿਐਨ ਦਾ ਇਹ ਅਰਥ ਦੱਸਿਆ ਹੈ"।

# ਦੂਸਰਾ ਅਧਿਐਨ

ਆਰਿਆ ਜੰਬੂ ਸਵਾਮੀ ਨੇ ਅਪਣੇ ਗੁਰੂ ਸੁਧਰਮਾ ਸਵਾਮੀ ਤੋਂ ਪ੍ਰਸ਼ਨ ਕੀਤਾ, "ਹੇ ਭਗਵਾਨ! ਜੇ ਮੁਕਤੀ ਨੂੰ ਪ੍ਰਾਪਤ ਹੋਏ, ਭਗਵਾਨ ਮਹਾਵੀਰ ਨੇ ਪਹਿਲੇ ਅਧਿਐਨ ਦਾ ਇਹ ਅਰਥ ਦੱਸਿਆ ਹੈ, ਤਾਂ ਦੂਸਰਾ ਅਧਿਐਨ ਦਸਣ ਦੀ ਕ੍ਰਿਪਾਲਤਾ ਕਰੋ?

"ਹੇ ਜੰਬੂ! ਉਸ ਸਮੇਂ, ਉਸ ਕਾਲ ਵਿੱਚ ਰਾਜਗ੍ਰਹਿ ਨਾਂ ਦੀ ਨਗਰੀ ਸੀ, ਜਿੱਥੇ ਗੁਣਸ਼ੀਲ ਨਾਂ ਦਾ ਚੇਤਯ ਸੀ। ਉੱਥੇ ਸ਼੍ਰੇਨਿਕ ਨਾਂ ਦਾ ਰਾਜਾ ਰਾਜ ਕਰਦਾ ਸੀ। ਉੱਥੇ ਭਗਵਾਨ ਮਹਾਵੀਰ ਪਧਾਰੇ ਧਰਮ ਸਭਾ ਲੱਗੀ। ਸੂਰਜ ਦੇਵਤਾ ਵੀ ਚੰਦਰਮਾ ਦੀ ਤਰ੍ਹਾਂ ਭਗਵਾਨ ਮਹਾਵੀਰ ਦੇ ਦਰਸ਼ਨ ਕਰਨ ਲਈ ਅਪਣੀ ਦੇਵ ਵਿੱਧੀ ਰਾਹੀਂ ਆਇਆ। ਜੱਦ ਉਹ ਦਰਸ਼ਨ ਕਰਕੇ ਚਲਾ ਗਿਆ, ਤਾਂ ਗੋਤਮ ਸਵਾਮੀ ਨੇ ਭਗਵਾਨ ਮਹਾਵੀਰ ਤੋਂ ਉਸਦਾ ਪਿਛਲਾ ਜਨਮ ਪੁੱਛਿਆ।

ਭਗਵਾਨ ਮਹਾਵੀਰ ਨੇ ਫਰਮਾਇਆ, "ਹੇ ਗੋਤਮ! ਉਸ ਕਾਲ ਉਸ ਸਮੇਂ ਸ੍ਰਾਵਸਤੀ ਨਗਰੀ ਸੀ, ਉਸ ਨਗਰੀ ਵਿੱਚ ਸੁਪ੍ਰਤਿਸ਼ਠ ਨਾਂ ਦਾ ਗਾਥਾਪਤੀ ਰਹਿੰਦਾ ਸੀ। ਉਸ ਦਾ ਜੀਵਨ ਵੀ ਅੰਗਤਿ ਦੀ ਤਰ੍ਹਾਂ ਹੀ ਜਾਣ ਲੈਣਾ ਚਾਹਿਦਾ ਹੈ।

ਉਸ ਨਗਰੀ ਵਿੱਚ ਕਿਸੇ ਸਮੇਂ ਭਗਵਾਨ ਪਾਰਸ਼ਨਾਥ ਪਧਾਰੇ। ਸੁਪ੍ਰਤਿਸ਼ਠ ਵੀ ਅੰਗਤਿ ਮੁਨੀ ਦੀ ਤਰ੍ਹਾਂ ਭਗਵਾਨ ਪਾਰਸ਼ਨਾਥ ਦੇ ਚਰਨਾਂ ਵਿੱਚ ਮੁਨੀ ਬਣ ਗਿਆ। ਬਹੁਤ ਸਮੇਂ ਸੰਜਮ ਦਾ ਪਾਲਣ ਕਰਕੇ, ਉਹ ਵੀ ਅੰਗਤਿ ਮੁਨੀ ਦੀ ਤਰ੍ਹਾਂ ਮਰ ਕੇ ਜੋਤਸ਼ੀਆਂ ਦੇਵਤਿਆਂ ਦਾ ਇੰਦਰ, ਰਾਜਾ ਸੂਰਜ ਬਣਿਆ। ਇਹ ਵੀ ਦੇਵ ਆਯੂ ਪੂਰੀ ਕਰਨ ਤੋਂ ਬਾਅਦ ਮਹਾਵਿਦੇਹ ਖੇਤਰ ਵਿੱਚ ਸਿੱਧ ਬੁੱਧ ਤੇ ਮੁਕਤ ਹੋਵੇਗਾ। ਸਾਰੇ ਦੁਖਾਂ ਦਾ ਅੰਤ ਕਰੇਗਾ।

ਹੇ ਜੰਬੂ! ਮੁਕਤੀ ਨੂੰ ਪ੍ਰਾਪਤ ਹੋਏ ਸ਼੍ਰਮਣ ਭਗਵਾਨ ਮਹਾਵੀਰ ਨੇ ਦੂਸਰੇ ਅਧਿਐਨ ਦਾ ਇਹ ਅਰਥ ਫਰਮਾਇਆ ਹੈ।

# ਤੀਸਰਾ ਅਧਿਐਨ

ਆਰਿਆ ਜੰਬੂ ਸਵਾਮੀ ਆਖਦੇ ਹਨ, "ਜੇ ਮੁਕਤੀ ਨੂੰ ਪ੍ਰਾਪਤ ਭਗਵਾਨ ਮਹਾਵੀਰ ਨੇ ਦੂਸਰੇ ਅਧਿਐਨ ਦਾ ਪਹਿਲਾਂ ਵਾਲਾ ਅਰਥ ਫਰਮਾਇਆ ਹੈ ਤਾਂ ਤੀਸਰੇ ਅਧਿਐਨ ਦਾ ਅਰਥ ਦੱਸਣ ਦੀ ਕ੍ਰਿਪਾਲਤਾ ਕਰੋ?"

ਆਰਿਆ ਸੁਧਰਮਾ ਸਵਾਮੀ ਆਖਦੇ ਹਨ, "ਹੇ ਜੰਬੂ ਉਸ ਸਮੇਂ ਉਸ ਕਾਲ ਰਾਜਗ੍ਰਹਿ ਵਿਖੇ ਗੁਣਸ਼ੀਲ ਨਾਂ ਦਾ ਚੇਤਯ ਸੀ। ਸ਼੍ਰੇਣਿਕ ਨਾਂ ਦਾ ਰਾਜਾ ਸੀ। ਭਗਵਾਨ ਮਹਾਵੀਰ ਉਸ ਨਗਰੀ ਵਿਖੇ ਧਰਮ ਪ੍ਰਚਾਰ ਕਰਦੇ ਹੋਏ ਪਧਾਰੇ, ਧਰਮ ਸਭਾ ਹੋਈ। ਉਸ ਕਾਲ, ਉਸ ਸਮੇਂ ਸ਼ੁਕਰ ਨਾਂ ਦਾ ਮਹਾਗ੍ਰਹਿ, ਸ਼ੁਕਰ ਅਵੰਭਸ਼ਕ ਵਿਸਾਨ ਦੇ ਸ਼ੁਕਰ ਸਿੰਘਾਸਨ ਉਪਰ, ਚਾਰ ਹਜਾਰ ਸਮਾਨਿਕ (ਸਹਾਇਕ) ਦੇਵਤਿਆਂ ਨਾਲ ਬੈਠਾ ਸੀ। ਉਹ ਸ਼ੁਕਰ ਮਹਾਗ੍ਰਹਿ ਵੀ ਚੰਦਰ ਗ੍ਰਹਿ ਦੀ ਤਰ੍ਹਾਂ ਭਗਵਾਨ ਮਹਾਵੀਰ ਕੋਲ ਆਇਆ। ਦੇਵ ਨਾਟਕ ਵਿਖਾ ਕੇ ਉਸ ਨੇ ਵੀ ਸਾਰੀ ਧਰਮ ਸਭਾ ਨੂੰ ਅਚੰਬੇ ਵਿੱਚ ਪਾ ਦਿੱਤਾ।

ਭਗਵਾਨ ਮਹਾਵੀਰ ਨੇ ਸ਼੍ਰੀ ਸੰਘ ਦੇ ਮਨ ਦੀ ਗੱਲ ਜਾਣਦਿਆਂ ਹੋਏ ਫਰਮਾਇਆ, "ਹੇ ਗੋਤਮ! ਜਿਵੇਂ ਕੁਟ ਅਕਾਰ ਸ਼ਾਲ (ਪਹਾੜ) ਦੇ ਸ਼ਿਖਰ ਦੀ ਤਰ੍ਹਾਂ ਉੱਚੇ ਮਕਾਨ ਵਿੱਚ ਵਰਖਾ ਆਦਿ ਪੈ ਜਾਣ ਕਾਰਨ, ਵਿਸ਼ਾਲ ਇੱਕਠ ਅੰਦਰ ਆ ਜਾਂਦਾ ਹੈ, ਉਸੇ ਤਰ੍ਹਾਂ ਸ਼ੁਕਰ ਵੀ ਵੈਕਰਿਆ ਸ਼ਕਤੀ ਰਾਹੀਂ ਨਾਟਕ ਦਿਖਾ ਕੇ ਸਾਰੇ ਦੇਵਤੇ ਸ਼ੁਕਰ ਮਹਾਨ ਦੀ ਦੇਹ ਵਿੱਚ ਪ੍ਰਵੇਸ਼ ਕਰ ਗਏ।

ਗਨਧਰ ਗੋਤਮ ਸਵਾਮੀ ਨੇ ਪੁਛਿਆ, "ਹੇ ਭਗਵਾਨ! ਇਹ ਸ਼ੁਕਰ ਮਹਾਗ੍ਰਹਿ ਪਹਿਲੇ ਜਨਮ ਵਿੱਚ ਕੋਣ ਸੀ? ਭਗਵਾਨ ਮਹਾਵੀਰ ਨੇ ਸੰਕਾ ਨੂੰ ਹੱਲ ਕਰਦਿਆਂ ਕਿਹਾ, "ਹੇ ਗੋਤਮ! ਉਸ ਕਾਲ ਉਸ ਸਮੇਂ ਵਾਰਾਣਸੀ ਨਾਂ ਦੀ ਨਗਰੀ ਸੀ। ਉੱਥੇ ਸੋਮਿਲ ਨਾਂ ਦਾ ਬ੍ਰਾਹਮਣ ਰਹਿੰਦਾ ਸੀ। ਉਹ ਰਗਿਵੇਦ ਆਦਿ ਸਭ ਵੈਦਾਂ ਦਾ ਜਾਣਕਾਰ, ਅੰਗ ਅਤੇ

ਉਪਾਂਗ ਦਾ ਵੀ ਜਾਣਕਾਰ ਸੀ। ਉਸੇ ਨਗਰੀ ਵਿੱਚ ਭਗਵਾਨ ਪਾਰਸ਼ਨਾਥ ਪਧਾਰੇ, ਧਰਮ ਸਭਾ ਹੋਈ ਧਰਮ ਉਪਦੇਸ਼ ਸੁਨਣ ਤੋਂ ਬਾਅਦ ਧਰਮ ਸ਼ਭਾ ਚਲੀ ਗਈ। ॥3॥

ਭਗਵਾਨ ਪਾਰਸ਼ਨਾਥ ਦੇ ਆਉਣ ਦੀ ਖਬਰ ਸੁਣ ਕੇ ਵਾਰਾਣਸੀ ਨਦੀ ਵਿੱਚ ਰਹਿਣ ਵਾਲੇ, ਸੋਮਿਲ ਬ੍ਰਾਹਮਣ ਦੇ ਮਨ ਵਿੱਚ ਅਧਿਆਤਮਕ ਵਿਚਾਰ ਪੈਦਾ ਹੋਇਆ। ਗਿਆਨੀਆਂ ਦੇ ਸਹਾਰੇ, ਅਰਹੰਤ ਭਗਵਾਨ ਪਾਰਸ਼ਨਾਥ ਤੀਰਥੰਕਰ, ਤੀਰਥੰਕਰ ਪ੍ਰੰਪਰਾ ਦੀ ਮਰਿਆਦਾ ਪਾਲਣ ਕਰਦੇ ਹੋਏ ਆਮਰਸ਼ਾਲ ਬਣ ਬਗੀਚੇ ਵਿੱਚ ਪਧਾਰੇ ਹਨ। ਇਸ ਲਈ ਮੈਨੂੰ ਭਗਵਾਨ ਪਾਰਸ਼ਨਾਥ ਕੋਲੋਂ ਕਈ ਅਰਥਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਕਰਨੇ ਚਾਹਿਦੇ ਹਨ। ਅਜਿਹਾ ਸੋਚ ਕੇ ਉਹ ਇੱਕਲਾ ਹੀ ਭਗਵਾਨ ਪਾਰਸ਼ਨਾਥ ਕੋਲ ਆਇਆ। ॥4॥

ਉਸ ਨੇ ਇਸ ਪ੍ਰਕਾਰ ਪੁੱਛਿਆ, "ਹੇ ਭਗਵਾਨ! ਆਪ ਦੇ ਧਰਮ ਵਿੱਚ ਯਾਤਰਾ ਹੈ?", "ਹੇ ਭਗਵਾਨ! ਆਪ ਦੇ ਧਰਮ ਵਿੱਚ ਸਰਿਸਵਯਾ ਹੈ?", "ਹੇ ਭਗਵਾਨ! ਆਪ ਦੇ ਧਰਮ ਵਿੱਚ ਸਰਿਸਵਯਾ, ਮਾਸ ਅਤੇ ਕੁਲਥ ਹੈ" ਜੇ ਹੈ ਤਾਂ ਖਾਣ ਯੋਗ ਹੈ ਜਾਂ ਨਾ ਖਾਣ ਯੋਗ ਹੈ? (ਭਗਵਤੀ ਸੂਤਰ 18ਵਾਂ ਸਤਕ 18 ਉਦੇਸ) ਸੋਮਿਲ ਦੇ ਇਹਨਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਭਗਵਾਨ ਨੇ (ਸਿਆਦਵਾਦ ਰਾਹੀਂ) ਦਿੱਤਾ। ਇਸ ਪ੍ਰਕਾਰ ਪ੍ਰਸ਼ਨਾਂ ਦੇ ਉੱਤਰ ਪਾ ਕੇ ਉਸਨੇ ਸ਼੍ਰਾਵਕ ਧਰਮ ਅੰਗੀਕਾਰ ਕਰ ਲਿਆ। ॥5॥

ਇਸ ਤੋਂ ਬਾਅਦ ਭਗਵਾਨ ਪਾਰਸ਼ਨਾਥ ਫਿਰ ਕਿਸੇ ਸਮੇਂ ਵਾਰਾਣਸ਼ੀ ਨਗਰੀ ਦੇ ਆਮਰਸ਼ਾਲ ਬਨ ਨਾਮਕ ਬਾਗ ਵਿੱਚ ਪਧਾਰਦੇ ਹਨ ਅਤੇ ਫਿਰ ਕਈ ਜਨਪਦਾਂ ਵਿੱਚ ਵਿਹਾਰ ਕਰਦੇ ਹਨ। ਧਰਮ ਪਰਚਾਰ ਕਰਦੇ ਭਿੰਨ ਭਿੰਨ ਪਿੰਡਾ ਅਤੇ ਨਗਰਾਂ ਵਿੱਚ ਘੁੰਮਦੇ ਹਨ। ॥6॥

ਕਿਸੇ ਸਮੇਂ ਉਹ ਸੋਮਿਲ ਬ੍ਰਾਹਮਣ ਸਾਧੂਆਂ ਦੀ ਸੰਗਤ ਨਾ ਹੋਣ ਕਾਰਨ ਅਤੇ ਮਿਥੀਆਤਵ ਵਿੱਚ ਵਾਧਾ ਹੋਣ ਕਾਰਣ ਸਮਿਤਵ (ਸੱਚਾ ਧਰਮ) ਤੋਂ ਗਿਰ ਕੇ ਮਿਥੀਆਤਵ (ਝੂਠੇ ਧਰਮ) ਨੂੰ ਗ੍ਰਹਿਣ ਕਰਨ ਲੱਗਾ। ਇੱਕ ਸਮੇਂ ਮੱਧ ਰਾਤਰੀ ਨੂੰ

ਪਰਿਵਾਰ ਲਈ ਜਾਗਦੇ ਹੋਏ ਉਸ ਦੇ ਮਨ ਵਿੱਚ ਖਿਆਲ ਆਇਆ। ਮੈਂ ਵਾਰਾਣਸੀ ਨਗਰੀ ਦੇ ਉੱਚ ਕੁਲ ਵਿੱਚ ਪੈਦਾ ਹੋਇਆ ਬ੍ਰਾਹਮਣ ਹਾਂ। ਮੈ ਵਰਤ ਗ੍ਰਹਿਣ ਕੀਤੇ, ਵੇਦ ਪੜ੍ਹੇ, ਵਿਆਹ ਕੀਤਾ, ਪੁੱਤਰ ਦਾ ਪਿਤਾ ਬਣੀਆ, ਸਮਗਿੰਧਿਆ, ਇੱਕਠੀਆਂ ਕੀਤੀਆਂ, ਯੱਗ ਕੀਤੇ, ਦਖਣਾ ਦਿਤੀ ਅਤਿਥੀ ਪੂਜਾ ਕੀਤੀ, ਅੱਗ ਰਾਹੀਂ ਹਵਨ ਕੀਤੇ, ਯੱਗ ਦਾ ਖੰਬਾ ਲਗਵਾਇਆ।

ਹੁਣ ਮੈਨੂੰ ਇਹੋ ਠੀਕ ਹੈ ਕਿ ਮੈਂ ਸਵੇਰੇ ਹੀ ਵਾਰਾਣਸੀ ਨਗਰੀ ਦੇ ਅੰਬਾ ਦਾ ਬਾਗ ਲਗਾਵਾਂ। ਜਿਸ ਵਿੱਚ ਮਾਤੁਲਿੰਗ (ਬਜੋਰਾ), ਬੇਲ, ਕਪਿਥ, ਇਮਲੀ ਅਤੇ ਫੁਲਾਂ ਦੇ ਬੂਟੇ ਲਗਾਵਾਂ। ਅਗਲੀ ਸਵੇਰ ਉਸਨੇ ਆਪਣੀ ਯੋਜਨਾ ਅਨੁਸਾਰ ਵਾਰਾਣਸੀ ਨਗਰੀ ਦੇ ਅੰਬਾ ਦੇ ਬਾਗ ਵਿੱਚ ਉਪਰੋਕਤ ਕਿਸਮਾਂ ਦੇ ਫੁੱਲਾਂ ਦੇ ਬੂਟੇ ਲਗਵਾਏ ਜੋ ਵੱਧ ਫੁੱਲ ਕੇ ਬਗੀਚਾ ਬਣ ਗਏ। ਇਹ ਬੂਟੇ ਹਰੇ ਭਰੇ ਸਨ, ਬੱਦਲਾਂ ਦੀ ਤਰ੍ਹਾਂ ਨੀਲੇ ਪੱਤਿਆਂ, ਫੁੱਲਾਂ, ਫੁੱਲਾਂ ਵਾਲੇ ਹੋ ਕੇ ਹਰੇ ਭਰੇ ਰੂਪ ਵਿੱਚ ਸ਼ੌਭਾ ਰੂਪ ਵਿੱਚ ਸ਼ੋਭਾ ਦੇ ਰਹੇ ਸਨ। ॥7॥

ਉਸ ਤੋਂ ਬਾਅਦ ਕਿਸੇ ਹੋਰ ਸਮੇਂ ਪਰਿਵਾਰ ਲਈ ਜਾਗਦੇ ਹੋਏ ਉਹ ਸੋਮਿਲ ਬ੍ਰਾਹਮਣ ਦੇ ਮਨ ਵਿੱਚ ਅਧਿਆਤਮਕ ਵਿਚਾਰ ਉਤਪੰਨ ਹੋਣੇ ਸੂਰੁ ਹੋਏ। ਉਹ ਸੋਚਣ ਲੱਗਾ ਮੈਂ ਨਿਸ਼ਚੇ ਹੀ ਵਰਤ ਗ੍ਰਹਿਣ ਕੀਤੇ ਹਨ। ਵਾਰਾਣਸੀ ਨਗਰ ਬਹੁਤ ਉੱਚ ਕੁੱਲ ਦਾ ਬ੍ਰਾਹਮਣ ਹਾਂ ਮੈਂ ਵਾਰਾਣਸੀ ਤੋਂ ਬਾਹਰ ਅੰਬਾ ਬਗੀਚੇ ਵਿੱਚ ਬੂਟੇ ਲਗਵਾਏ। ਹੁਣ ਮੇਰੇ ਲਈ ਇਹੋ ਠੀਕ ਹੈ, ਕਿ ਸਵੇਰ ਹੋਣ ਸਾਰ ਮੈਂ ਬਹੁਤ ਸਾਰੀਆਂ ਲੋਹੇ ਦੀਆਂ ਕੜਾਹੀਆਂ ਅਤੇ ਕੜਛੀਆਂ (ਪਰਵਰਾਜਿਆ ਸਾਧੂਆ ਦੇ ਵਰਤੋਂ ਯੋਗ) ਲਈ ਤਾਂਬੇ ਦੇ ਭਾਂਡੇ ਬਣਵਾ ਕੇ ਸ਼ੁਧ ਭੋਜਨ ਪੀਣ ਯੋਗ ਅਤੇ ਸੁਗੰਧੀ ਯੋਗ ਪਦਾਰਥ ਬਣਾ ਕੇ ਆਪਣੇ ਮਿਤਰਾਂ ਨੂੰ ਵੀ ਉਸ ਭੋਜਣ ਤੇ ਬੁਲਾਵਾਂ।

ਉਸ ਤੋਂ ਬਾਅਦ ਉਸ ਨੇ ਉਪਰੋਕਤ ਕੀਸਮਾਂ ਦੇ ਭਾਂਡੇ ਅਤੇ ਭੋਜਨ ਤਿਆਰ ਕਰਵਾ ਕੇ ਮਿੱਤਰਾਂ ਅਤੇ ਕੁਲਾਂ ਦੇ ਲੋਕਾਂ ਨੂੰ ਭੋਜਨ ਖਿਲਾ ਕੇ ਸਨਮਾਨ ਕਰਕੇ ਉਨ੍ਹਾਂ

ਸਾਰੇ ਮਿੱਤਰਾਂ ਅਤੇ ਜਾਤੀ ਦੇ ਲੋਕਾਂ ਸਾਹਮਣੇ ਅਪਣੇ ਪੁੱਤਰ ਅਤੇ ਜਾਤੀ ਦੇ ਲੋਕਾਂ ਸਾਹਮਣੇ ਬੜੇ ਪੁੱਤਰ ਨੂੰ ਪਰਿਵਾਰ ਦਾ ਭਾਰ ਸੰਭਾਲ ਦਿੱਤਾ। ਫੇਰ ਉਹ ਬਹੁਤ ਲੋਹੇ ਦੀਆਂ ਕੜਾਹੀਆਂ, ਕੜਛੀਆਂ ਅਤੇ ਤਾਂਬੇ ਦੇ ਭਾਂਡੇ ਲੈਕੇ ਹੇਠ ਲਿਖੇ ਤਾਪਸਾਂ ਕੋਲ ਗਿਆ:

1. ਹੋਤਰੀ ਤਾਪਸ (ਅਗਨੀ ਹੋਤਰੀ) 2. ਪੋਤਰੀ ਬਾਨਪ੍ਰਸਥ 3. ਕੋਤਰੀਕ (ਜਮੀਨ ਤੇ ਸੋਣ ਵਾਲੇ) 4. ਯੱਗ ਜੀ (ਯੱਗ ਕਰਣ ਵਾਲੇ) 5. ਸ਼੍ਰਧਕੀ (ਸ਼ਰਾਧ ਕਰਨ ਵਾਲੇ) 6. ਸਖਾਕਲਿਨ (ਪਾਤਰ ਧਾਰਨ ਕਰਨ ਵਾਲੇ) 7. ਦੰਡਿਕਾ (ਬਾਨ ਪ੍ਰਸਥ) 8. ਉਨਮੰਜਕ (ਪਾਣੀ ਬਿੱਛਾ ਕੇ ਇਸ਼ਨਾਨ ਕਰਨ ਵਾਲੇ) 9. ਦੰਤਖਲੀਕ (ਦੰਦ ਨਾਲ ਚਬਾਉਣ ਵਾਲੇ) 10. ਨਿਮਜੋਕ (ਪਾਣੀ ਵਿੱਚ ਡੁੱਬ ਕੇ ਇਸ਼ਨਾਨ ਕਰਨ ਵਾਲੇ) 11. ਸੰਕਸਾਪਾਲਕ (ਮਿੱਟੀ ਮਲ ਕੇ ਨਹਾਉਣ ਵਾਲੇ) 12. ਦਕਸ਼ਨ ਕੁਲਾ (ਗੰਗਾ ਦੇ ਦੱਖਣ ਵਿੱਚ ਰਹਿਣ ਵਾਲੇ) 13. ਅੁੱਤਰਕੁਲ (ਗੰਗਾ ਦੇ ਉੱਤਰ ਕਿਨਾਰੇ ਤੇ ਰਹਿਣ ਵਾਲੇ) 14. ਸ਼ੰਖਮਜਮਾ (ਸ਼ੰਕ ਬਜਾ ਕੇ ਭੋਜਨ ਕਰਨ ਵਾਲੇ) 15. ਕੁਲਧਮਾ (ਕਿਨਾਰੇ ਤੇ ਖੜ੍ਹ ਕੇ ਭੋਜਨ ਲਈ ਆਵਾਜ ਲਗਾਉਣ ਵਾਲੇ) 16. ਮਿਰਗਲੁਬਧਕ (ਮਿਰਗ ਨੂੰ ਮਾਰ ਕੇ ਮਾਸ ਖਾ ਕੇ ਜੀਵਨ ਬਿਤਾਉਣ ਵਾਲੇ) 17. ਹਸਤੀਤਾਪਸ (ਹਾਥੀ ਮਾਰ ਕੇ ਜੀਵਨ ਬਿਤਾਉਣ ਵਾਲੇ) 18. ਅੁਦਰਿਡੇ (ਡੰਡੇ ਉੱਚੇ ਚੁੱਕ ਕੇ ਚਲਣ ਵਾਲੇ) 19. ਦਿਸ਼ਾ ਪਰਕੋਸ਼ੀ (ਦਿਸ਼ਾ ਨੂੰ ਜਲ ਨਾਲ ਸਿੰਜ ਕੇ ਉਸ ਉੱਪਰ ਫੱਲ ਫੁੱਲ ਰੱਖਣ ਵਾਲੇ) 20. ਬਲਕਲਤਾਪਸ (ਦਰਖਤਾਂ ਦੀ ਛਾਲ ਪਹਿਨਣ ਵਾਲੇ) 21. ਬਿਲਵਾਸੀ (ਭੂਮੀ ਦੇ ਹੇਠ ਭੌਰੇ ਵਿੱਚ ਰਹਿਣ ਵਾਲੇ) 22. ਜਲਵਾਸੀ (ਪਾਣੀ ਵਿੱਚ ਰਹਿਣ ਵਾਲੇ) 23. ਬਰਿਕਸ਼ ਮੁਲਕ (ਦਰਖਤਾਂ ਦੀਆਂ ਖੋਲ ਵਿੱਚ ਰਹਿਣ ਵਾਲੇ) 24. ਅੰਬੂ ਭਕਸ਼ (ਪਾਣੀ ਪੀਣ ਵਾਲੇ) 25. ਵਾਯੂਭਕਸ਼ੀ (ਹਵਾ ਦੇ ਸਹਾਰੇ ਜੀਉਣ ਵਾਲੇ) 26. ਸ਼ਵਾਲਭੋਜੀ (ਪਾਣੀ ਤੇ ਉੱਗੀ ਕਾਈ ਖਾਣ ਵਾਲੇ) 27. ਮੁਲਾਹਾਰ (ਮੂਲ ਖਾਣ ਵਾਲੇ) 28. ਕੰਦਾਹਰ (ਕੰਦ ਖਾਣ ਵਾਲੇ) 29. ਤੱਵਗਗਰ (ਨੀਮ ਦੀ ਛਾਲ ਖਾਣ ਵਾਲੇ) 30. ਪੱਤਰਾਹਾਰ (ਬੇਲ ਦੇ ਪੱਤੇ ਦਾ ਭੋਜਨ

ਕਰਨ ਵਾਲੇ) 31. ਪੁਸ਼ਪਾਹਾਰ (ਫੁਲਾਂ ਦਾ ਭੋਜਨ ਕਰਨ ਵਾਲੇ) 32. ਫਲਾਹਾਰ (ਫੱਲ ਖਾਣ ਵਾਲੇ) 33. ਬੀਜਾ ਹਾਰ (ਬੀਜ ਖਾਣ ਵਾਲੇ) 34. ਸੜੇ ਹੋਏ ਫਲ ਫੁੱਲ ਖਾਣ ਵਾਲੇ 35. ਜਲ ਅਭਿਸ਼ੇਕ ਤੇ ਕਠੋਰ ਸ਼ਰੀਰ ਵਾਲੇ 36. ਅਤਾਪਣਾ (ਸੂਰਜ ਦੀ ਗਰਮੀ ਲੈਣ ਵਾਲੇ) 37. ਪੰਜ ਅਗਨੀ ਤਪ ਕਰਨ ਵਾਲੇ 38. ਅੰਗਾਰੇ ਤੇ ਰੱਖੇ ਮਾਸ ਦੀ ਤਰ੍ਹਾਂ 39. ਕਦੂਸ਼ੌਲ (ਚੋਲ ਆਦਿ ਭਨਣ ਦੇ ਭਾਂਡੇ ਕਦੂੰ ਉਸ ਵਿੱਚ ਘੀ ਰਾਹੀਂ ਪਕਾਏ ਮਾਸ ਦੀ ਤਰ੍ਹਾਂ ਸ਼ਰੀਰ ਨੂੰ ਕਸ਼ਟ ਕਰਨ ਵਾਲੇ।

ਸੋਮਿਲ ਦਿਸ਼ਾ ਪਰੋਕਸ਼ ਦੀਖੀਆ ਲੈਣ ਦੀ ਇੱਛਾ ਕਰਦਾ ਹੈ। ਦੀਖੀਆ ਲੈਕੇ ਅਭਿਗ੍ਰਹਿ ਰਾਹੀਂ ਪਹਿਲਾਂ ਦੋ ਵਰਤ ਕਰਦਾ ਹੈ। ਇਸ ਪ੍ਰਕਾਰ ਸੋਮਿਲ ਤਾਪਸ ਜੀਵਨ ਵਿਤਾਉਣ ਲਗਾ। ॥8॥

1. ਇੱਥੇ ਦਿਨ ਚਕਰਵਾਲ ਸ਼ਬਦ ਆਇਆ ਹੈ। ਜਿਸ ਤੋਂ ਭਾਵ ਹੈ ਤਪਸਵੀ ਪਾਰਣੇ ਲਈ ਅਪਣੀ ਤਪੋ ਭੂਮੀ ਦੇ ਚਾਰੋਂ ਪਾਸੇ 2 - 2 ਵਰਤਾਂ ਦੀ ਤਪਸਿਆ ਕਰੇ। ਜਿਸ ਦਿਸ਼ਾ ਵੱਲ ਉਹ ਤੱਪ ਕਰੇ, ਉਸੇ ਦਿਸ਼ਾ ਦੇ ਵਰਤਾਂ ਨਾਲ ਵਰਤ ਖੋਲੇ।

ਇਸ ਤੋਂ ਬਾਅਦ ਸੋਮਿਲ ਬ੍ਰਾਹਮਣ ਰਿਸ਼ੀ ਦੋ ਵਰਤਾਂ ਨੂੰ ਖੋਲਣ ਵਾਲੇ ਦਿਨ ਸੂਰਜ ਦੀ ਗਰਮੀ ਲੈਣ ਲਈ ਅਤਾਪਨਾ ਭੂਮੀ ਵਿੱਚ ਪ੍ਰਵੇਸ਼ ਕਰਦਾ ਹੈ। ਉੱਥੇ ਆ ਕੇ ਉਹ ਬਲਕਲ ਧਾਰੀ ਤਾਪਸ ਅਪਣੀ ਕੁੱਟੀਆ ਵੱਲ ਆਉਂਦਾ ਹੈ। ਫੱਲ, ਫੁੱਲ ਇੱਕਠੇ ਕਰਨ ਵਾਲੀ ਬਾਂਸ ਦੀ ਟੋਕਰੀ ਲੈ ਆਉਂਦਾ ਹੈ।ਪੂਰਬ ਦਿਸ਼ਾ ਵੱਲ ਮੂੰਹ ਕਰਕੇ ਆਖਦਾ ਹੈ, "ਹੇ ਪੂਰਬ ਦਿਸ਼ਾ ਦੇ ਸਵਾਮੀ ਸੌਮ! ਮੈਂ ਸੋਮਿਲ ਬ੍ਰਾਹਮਣ ਰਿਸ਼ੀ ਪਰਲੋਕ ਦੇ ਰਾਹ ਉੱਪਰ ਚਲਣ ਲਈ ਹਾਜਰ ਹਾਂ, ਮੇਰੀ ਰੱਖਿਆ ਕਰੋ ਇਸ ਦਿਸ਼ਾ ਵਲੋਂ ਜੋ ਵੀ ਕੰਦ ਮੂਲ, ਛਾਲ, ਪੱਤੇ, ਫੁੱਲ, ਫਲ, ਬੀਜ ਅਤੇ ਹਰੀ ਬਨਾਸਪਤੀ ਹੈ। ਉਸ ਨੂੰ ਗ੍ਰਹਿਣ ਕਰਨ ਦੀ ਮੈਂ ਆਗਿਆ ਚਾਹੁੰਦਾ ਹਾਂ" ਅਜਿਹਾ ਆਖ ਕੇ ਉਹ ਪੂਰਬ ਦਿਸ਼ਾ ਦੇ ਕੰਦ ਮੂਲ਼ ਆਦਿ ਗ੍ਰਹਿਣ ਕਰਕੇ ਟੋਕਰੀ ਭਰਦਾ ਹੈ।

ਉਸ ਤੋਂ ਬਾਅਦ ਦੁੱਭ, ਕੁਸ਼ਾ, ਮੁੜੇ ਪੱਤੇ ਅਤੇ ਹਵਨ ਲਈ ਛੋਟੀਆਂ ਛੋਟੀਆਂ ਲਕੜੀਆਂ ਇੱਕਠੀਆਂ ਕਰਦਾ ਅਪਣੀ ਕੁੱਟੀ ਵੱਲ ਆਇਆ ਟੋਕਰੀ ਜਮੀਨ ਤੇ ਰੱਖੀ, ਬੇਦੀ ਬਨਾਉਣ ਲਈ ਦਿਸ਼ਾ ਨਿਸ਼ਚਿਤ ਕਰਦਾ ਹੈ। ਬੇਦੀ ਵਾਲੀ ਥਾਂ ਨੂੰ ਗੋਹੇ ਨਾਲ ਲਿਪਦਾ ਹੈ। ਉਸ ਥਾਂ ਨੂੰ ਕੀੜੇ ਮਕੋੜਿਆਂ ਤੋਂ ਸਾਫ ਕਰਦਾ ਹੈ। ਫਿਰ ਦੁੱਭ ਅਤੇ ਕਲਸ਼ ਨੂੰ ਹੱਥ ਵਿੱਚ ਲੈ ਕੇ ਗੰਗਾ ਦੇ ਕਿਨਾਰੇ ਆਉਂਦਾ ਹੈ। ਗੰਗਾ ਵਿੱਚ ਪ੍ਰਵੇਸ਼ ਕਰਕੇ ਇਸ਼ਨਾਨ ਕਰਦਾ ਹੈ। ਉਹ ਡੁਬਕੀ ਲਗਾਉਣਾ, ਪਾਣੀ ਵਿੱਚ ਤੈਰਨਾ ਅਤੇ ਜਲ ਅਭਿਸ਼ੇਕ ਆਦਿ ਕ੍ਰਿਆਵਾਂ ਕਰਦਾ ਹੈ। ਫਿਰ ਆਚਮਨ (ਚੂਲੀ ਨਾਲ ਪਾਣੀ ਪੀਣਾ) ਕਰਕੇ ਸਾਫ ਅਤੇ ਸ਼ੁਧ ਹੋ ਕੇ, ਦੇਵਤਾ ਅਤੇ ਪਿਤਰਾਂ ਦਾ ਕਰਮ ਕਰਕੇ ਦੁੱਭ ਅਤੇ ਕਲੱਸ਼ ਨੂੰ ਹੱਥ ਵਿੱਚ ਲੈ ਕੇ ਗੰਗਾ ਮਹਾਨਦੀ ਤੋਂ ਬਾਹਰ ਨਿਕਲਦਾ ਹੈ। ਕੁੱਟੀ ਵਿੱਚ ਪਹੁੰਚਿਆਂ ਉੱਥੇ ਆ ਕੇ ਦੁੱਭ ਅਤੇ ਕੁਸ਼ਾ ਇੱਕ ਪਾਸੇ ਰੱਖਦਾ ਹੈ ਅਤੇ ਮਿੱਟੀ ਦੀ ਬੇਦੀ ਬਨਾਉਦਾ ਹੈ। ਫਿਰ ਅਗਨੀ ਪੈਦਾ ਕਰਨ ਵਾਲੀ ਅਗਨੀ ਨਾਲ ਅਗਨੀ ਪੈਦਾ ਕਰਦਾ ਹੈ। ਅਗਨੀ ਤਿਆਰ ਕਰਕੇ ਅੱਗ ਸੁਲਘਾਉਂਦਾ ਹੈ। ਉਸ ਵਿੱਚ ਹਵਨ ਯੋਗ ਲਕੜਾਂ ਪਾਉਂਦਾ ਹੈ। ਅੱਗ ਦੇ ਸੱਜੇ ਪਾਸੇ ਸੱਤ ਵਸਤਾਂ ਸਥਾਪਤ ਕਰਦਾ ਹੈ:

1. ਸੱਕਥ 2. ਬਲਕਲ 3. ਸਥਾਨ 4. ਸ਼ੈਯਾ 5. ਕਮੰਡਲ 6. ਲਕੜੀ ਦਾ ਡੰਡਾ 7. ਖੁਦ ਅੱਗ ਦੇ ਸੱਜੇ ਪਾਸੇ ਬੈਠਦਾ ਹੈ।

ਫਿਰ ਸ਼ਹਿਦ, ਘੀ ਅਤੇ ਤਡੂੰਲ ਰਾਹੀਂ ਹਵਨ ਕਰਦਾ ਹੈ। ਫਿਰ ਹਵਨ ਦੇ ਲਈ ਘੀ ਰਾਹੀਂ ਪਕਾਉਂਦਾ ਹੈ, ਬਲੀ ਵਿਸ਼ਵਦੇਵ ਯੱਗ, ਮਿੱਤਯੱਗ ਕਰਦਾ ਹੈ। ਫਿਰ ਆਏ ਮਹਿਮਾਨ ਨੂੰ ਭੋਜਨ ਕਰਵਾ ਕੇ ਖੁਦ ਵੀ ਭੋਜਨ ਕਰਦਾ ਹੈ।॥9॥

ਉਸ ਤੋਂ ਬਾਅਦ ਸੋਮਿਲ ਬ੍ਰਾਹਮਣ ਰਿਸ਼ੀ ਨੇ ਦੂਸਰੀ ਵਾਰ ਦੋ ਵਰਤਾਂ ਨੂੰ ਖੋਲਣ ਸਮੇਂ ਉਪਰੋਕਤ ਸਾਰੇ ਕਰਮ ਕਰਕੇ ਭੋਜਨ ਕੀਤਾ। ਇੱਥੇ ਇਸ ਨੇ ਯਮ ਨੂੰ ਪ੍ਰਾਥਨਾ ਕੀਤੀ ਹੈ, ਦਖਣੀ ਦਿਸ਼ਾ ਦੇ ਦੇਵਤਾ ਮਹਾਰਾਜ ਯਮ, ਪ੍ਰਲੋਕ ਮਾਰਗ ਲਈ ਤਿਆਰ ਸੋਮਿਲ ਬ੍ਰਾਹਮਣ ਦੀ ਰੱਖਿਆ ਕਰੋ। ਉਸ ਦਿਸ਼ਾ ਵਿੱਚ ਜੋ ਕੰਦ, ਮੂਲ, ਫਲ,

ਫੁੱਲ ਆਦਿ ਹਨ, ਉਨ੍ਹਾਂ ਦੀ ਮੈਨੂੰ ਗ੍ਰਹਿਣ ਕਰਨ ਦੀ ਆਗਿਆ ਦੇਵੋ। ਅਜਿਹਾ ਆਖ ਕੇ ਉਹ ਦੱਖਣ ਦਿਸ਼ਾ ਵੱਲ ਜਾਂਦਾ ਹੈ। ਇਸ ਪ੍ਰਕਾਰ ਪੱਛਮੀ ਦਿਸ਼ਾ ਦੇ ਮਹਾਰਾਜ ਵਰੁਣ ਦੇਵ ਨੂੰ ਇਸ ਪ੍ਰਕਾਰ ਪ੍ਰਾਥਨਾ ਕਰਕੇ, ਉਸੇ ਤਰ੍ਹਾਂ ਵਿਧੀ ਵਿਧਾਨ ਰਾਹੀਂ ਉੱਤਰ ਦਿਸ਼ਾ ਨੂੰ ਜਾਂਦਾ ਹੈ। ਇਸ ਪ੍ਰਕਾਰ ਚਾਰੇ ਦਿਸ਼ਾਵਾਂ ਅਤੇ ਚਾਰ ਉਪਦਿਸ਼ਾਵਾਂ ਨੂੰ ਉਪਰੋਕਤ ਵਿਧੀ ਨਾਲ ਸੰਬੋਧਨ ਕਰਦਾ ਹੈ। ॥10॥

ਉਸ ਤੋਂ ਬਾਅਦ ਉਸ ਸੋਮਿਲ ਬ੍ਰਾਹਮਣ ਨੂੰ ਇਕ ਸਮੇਂ ਜਾਗਰਨ (ਰਾਤ ਸਮੇਂ ਆਤਮ ਚਿੰਤਨ ਕਰਦੇ) ਹੋਏ, ਉਸ ਨੂੰ ਅਧਿਆਤਮਕ ਵਿਚਾਰ ਉਤਪਨ ਹੋਇਆ, "ਮੈਂ ਵਾਰਾਣਸੀ ਨਗਰੀ ਦਾ ਰਹਿਣ ਵਾਲਾ, ਉੱਚ ਕੁੱਲ ਵਿੱਚ ਪੈਦਾ ਹੋਇਆ, ਸੋਮਿਲ ਨਾਉ ਦਾ ਬ੍ਰਾਹਮਣ ਜਾਤੀ ਦਾ ਰਿਸ਼ੀ ਹਾਂ। ਮੈਂ ਬਹੁਤ ਸਾਰੇ ਵਰਤ ਕੀਤੇ, ਯੱਗ ਕੀਤੇ, ਯੱਗ ਦੀ ਖੰਬੇ ਸਥਪਿਤ ਕੀਤੇ। ਮੈਂ ਵਾਰਾਣਸੀ ਦੇ ਬਾਹਰ ਅੰਬਾ ਦੇ ਬਾਗ ਤੋਂ ਲੈ ਕੇ ਫੁੱਲ ਲਗਵਾਏ ਹਨ। ਬਹੁਤ ਸਾਰੀਆਂ ਕੜਾਹੀਆਂ ਕੜਛਿਆਂ ਅਤੇ ਤਾਪਸਾਂ ਦੇ ਵਰਤਨ ਯੋਗ ਤਾਂਬੇ ਦੇ ਬਰਤਨ ਬਣਵਾਏ ਹਨ। ਰਿਸ਼ਤੇਦਾਰਾਂ ਦੇ ਬਰਾਦਰੀ ਵਾਲੀਆਂ ਨੇ ਭੋਜਨ ਕਰਵਾ ਕੇ, ਵੱਡੇ ਪੁੱਤਰ ਨੂੰ ਪਰਿਵਾਰ ਦੀ ਦੇਖ ਰੇਖ ਦਾ ਭਾਰ ਸੰਭਾਲ ਦਿੱਤਾ ਹੈ। ਫੇਰ ਸਾਰੇਆਂ ਦੀ ਇਜਾਜਤ ਨਾਲ ਕੜਾਹਿਆਂ ਲੈ ਕੇ ਸਿਰ ਮੁਨਾ ਕੇ, ਦੀਖਿਆ ਨੂੰ ਧਾਰਨ ਕੀਤਾ ਹੈ। ਸਮੇਂ ਸਮੇਂ ਦਿਕਵਾਲ ਤੱਪ ਕਰਦਾ ਰਹਾਂਗਾ। ਹੁਣ ਮੈਰੇ ਲਈ ਇਹੋ ਮੁਨਾਸਿਬ ਹੈ ਕਿ ਸੂਰਜ ਨਿਕਲਦੇ ਸਾਰ ਮੈਂ ਅਪਣੇ ਪੁਰਾਣੇ ਦੋਸਤ ਤਾਪਸ ਤੋਂ ਪੁੱਛ ਕੇ ਆਸਰਮ ਵਿੱਚ ਰਹਿਣ ਵਾਲੀਆਂ ਨੂੰ ਅਪਣੇ ਵਚਨਾਂ ਰਾਹੀਂ ਸ਼੍ਰੇਸ਼ਟ ਕਰਕੇ, ਬਲਕਲ ਕਪੜੀਆਂ ਤੇ ਧਾਰਮਿਕ ਉਪਕਰਨਾਂ (ਵਸਤਾਂ) ਨੂੰ ਲੈ ਕੇ ਲਕੜੀ ਦੀ ਮੁਹਪੱਟੀ ਮੂੰਹ ਤੇ ਬਣਕੇ ਉੱਤਰ ਦਿਸ਼ਾ ਵਲੋ ਮਹਾਪ੍ਰਸਥਾਨ ਲਈ ਜਾਵਾਂ।

ਉਹ ਸੋਮਿਲ ਬ੍ਰਾਹਮਣ ਇਸ ਪ੍ਰਕਾਰ ਵਿਚਾਰ ਕੇ ਅਪਣੇ ਸਾਥੀ ਤਾਪਸਾਂ ਨੂੰ ਪੁੱਛ ਕੇ, ਆਸ਼ਰਮ ਦੇ ਅਨੇਕਾਂ ਸੋ (ਹਜਾਰਾਂ) ਲੋਕਾਂ ਨੂੰ ਬਚਨ ਰਾਹੀਂ ਖੁਸ਼ ਕਰਦਾ ਹੈ ਅਤੇ ਵਿਚ ਲਕੜ ਦੀ ਫੱਟੀ ਮੂੰਹ ਉੱਤੇ ਬੰਨ੍ਹ ਕੇ ਇਹ ਪ੍ਰਤਿਗਿਆ ਧਾਰਨ ਕਰਦਾ ਹੈ,

ਚਾਹੇ ਜਲ ਹੋਵੇ ਜਾਂ ਥਲ, ਮੁਸ਼ਕਲ ਰਾਹ ਹੋਵੇ ਜਾਂ ਨੀਵਾ ਖੇਤਰ, ਖਤਰਨਾਕ ਜਗ੍ਹਾ ਹੋਵੇ, ਖੱਡ ਹੋਵੇ, ਗੁਫਾ ਹੋਵੇ, ਇਹਨਾਂ ਸਭ ਜਗ੍ਹਾ ਵਿਚੋਂ ਕਿਸੇ ਇੱਕ ਜਗ੍ਹਾ ਤੋਂ ਫਿਸਲ ਜਾਵਾ ਜਾਂ ਗਿਰ ਪਵਾਂ ਤਾ ਮੈਂ ਨਹੀਂ ਉਠਾਗਾ, ਇਸ ਪ੍ਰਕਾਰ ਪ੍ਰਤਿਗਿਆ ਧਾਰਨ ਕਰਕੇ ਉਹ ਸੋਮਿਲ ਬ੍ਰਾਹਮਣ ਰਿਸ਼ੀ ਉੱਤਰ ਦਿਸ਼ਾ ਵੱਲ ਜਾਂਦਾ ਹੈ। ਦਿਨ ਦੇ ਤੀਸਰੇ ਪਹਿਰ ਉਹ ਅਸ਼ੋਕ ਦਰਖਤ ਹੇਠ ਆਇਆ। ਉਸ ਨੇ ਅਪਣੇ ਧਾਰਮਿਕ ਉਪਕਰਨਾ ਦਾ ਟੋਕਰਾ ਹੇਠਾਂ ਰਖਿਆ ਬੇਦੀ ਤੇ ਬੈਠਣ ਵਾਲੀ ਥਾਂ ਨੂੰ ਸਾਫ ਕੀਤਾ। ਫਿਰ ਉਹ ਗੰਗਾ ਨਦੀ ਦੇ ਕੋਲ ਆਇਆ ਅਤੇ ਉਸ ਨੇ ਸ਼ਿਵ ਰਾਜ ਰਿਸ਼ੀ ਦੀ ਤਰ੍ਹਾਂ ਹੀ ਗੰਗਾ ਮਹਾਨਦੀ ਵਿਚ ਇਸ਼ਨਾਨ ਆਦਿ ਕ੍ਰਿਆਵਾਂ ਕੀਤੀਆਂ। ਫਿਰ ਅਸ਼ੋਕ ਦਰੱਖਤ ਹੇਠਾਂ ਆਇਆ ਅਤੇ ਅਪਣੀ ਬੈਹਨਗੀ ਨੂੰ ਹੇਠਾਂ ਰੱਖਿਆ, ਦੁੱਭ ਕੁਸਾ ਤੇ ਮਿਟੀ ਰਾਹੀਂ ਬੇਦੀ ਦੀ ਰਚਨਾ ਕੀਤੀ, ਯੱਗ ਬੇਦੀ ਦੀ ਰਚਨਾ ਕਰਕੇ ਸ਼ਰਕ ਤੇ ਅਗਨੀ ਰਾਹੀਂ ਅੱਗ ਜਲਾ ਕੇ ਬਲੀਸ਼ਵਰ ਦੇਵ (ਨਿੱਤਯਗ) ਕਰਦਾ ਹੈ। ਲਕੜੀ ਦੀ ਫੱਟੀ ਮੂੰਹ ਤੇ ਬੰਨ੍ਹਦਾ ਹੈ। ਮੋਨ ਧਾਰਨ ਕਰਦਾ ਹੈ। ॥ 11 ॥

ਉਸ ਤੋਂ ਬਾਅਦ ਸੋਮਿਲ ਬ੍ਰਾਹਮਣ ਰਿਸ਼ੀ ਦੇ ਸਾਹਮਣੇ ਅੱਧੀ ਰਾਤ ਨੂੰ ਇਕ ਦੇਵਤਾ ਪ੍ਰਗਟ ਹੋਇਆ। ਉਸ ਦੇਵਤੇ ਨੇ ਇਸ ਪ੍ਰਕਾਰ ਆਖਿਆ, "ਹੇ ਪ੍ਰਵਜਿਤ (ਦੀਖਿਅਤ) ਸੋਮਲ ਬ੍ਰਾਹਮਣ! ਤੇਰੀ ਇਹ ਪ੍ਰਵਜਿਆ (ਦੀਖਿਆ) ਗਲਤ ਹੈ" ਇਸ ਪ੍ਰਕਾਰ ਉਸ ਦੇਵਤੇ ਨੇ ਇਹ ਵਾਕ ਦੋ -ਤਿੰਨ ਵਾਰ ਆਖੇ। ਇਨ੍ਹਾਂ ਗੱਲਾਂ ਪਰ ਸੋਮਿਲ ਨੇ ਕੋਈ ਧਿਆਨ ਨਾ ਦੇ ਕੇ ਮੋਨ ਜਾਰੀ ਰੱਖਿਆ। ਦੇਵਤਾ ਵੀ ਜਿਸ ਦਿਸ਼ਾ ਤੋਂ ਆਇਆ ਸੀ, ਉਸ ਦਿਸ਼ਾ ਨੂੰ ਹੀ ਵਾਪਸ ਚਲਾ ਗਿਆ।

ਉਸ ਤੋਂ ਬਾਅਦ ਉਹ ਬਲਕਲ ਵਸਤਰ ਧਾਰੀ ਸੋਮਿਲ ਸੂਰਜ ਨਿਕਲਦੇ ਹੀ ਅਪਣੇ ਧਾਰਮਿਕ ਚਿੰਨ੍ਹ, ਚੁੱਕ ਕੇ, ਲਕੜੀ ਦੀ ਮੂੰਹ ਪਟੀ, ਮੂੰਹ ਉਪਰ ਧਾਰਨ ਕਰਕੇ ਉੱਤਰ ਦਿਸ਼ਾ ਵੱਲ ਜਾਂਦਾ ਹੈ।

ਉਸ ਤੋਂ ਬਾਅਦ ਸੋਮਿਲ ਬ੍ਰਾਹਮਣ ਦੂਸਰੇ ਦਿਨ ਦੇ ਦੁਪਿਹਰ ਦੇ ਆਖਰੀ ਸਮੇਂ ਸਪਤਪਰਨ ਨਾਉਂ ਦੇ ਦਰਖਤ ਕੋਲ ਆਉਂਦਾ ਹੈ। ਉਸ ਨੇ ਆਪਣੀ ਉਪਕਰਨਾ ਦੀ ਟੋਕਰੀ (ਬੈਹੰਗੀ) ਹੇਠ ਰੱਖੀ, ਬੇਦੀ ਬਣਾਈ ਉਸ ਨੇ ਉਹ ਸਾਰੇ ਕੰਮ ਕੀਤੇ, ਜੋ ਉਸ ਨੇ ਅਸ਼ੋਕ ਦਰਖਤ ਹੇਠ ਕੀਤੇ ਸਨ ਅੰਤ ਵਿੱਚ ਉਸ ਨੇ ਹਵਨ ਕੀਤਾ। ਲਕੜੀ ਦੀ ਮੂੰਹ ਪਟੀ ਧਾਰਨ ਕਰਕੇ ਓਸ ਨੇ ਮੋਨ ਧਾਰਨ ਕਰ ਲਿਆ। ॥12॥

ਉਸ ਤੋਂ ਬਾਅਦ ਅੱਧੀ ਰਾਤ ਨੂੰ ਇਕ ਦੇਵਤਾ ਪ੍ਰਗਟ ਹੋਇਆ। ਉਸ ਨੇ ਸੋਮਿਲ ਬ੍ਰਾਹਮਣ ਨੂੰ ਪਹਿਲਾਂ ਵਾਲੀ ਗੱਲ ਆਖੀ। ਸੋਮਿਲ ਬ੍ਰਾਹਮਣ ਫੇਰ ਚੁੱਪ ਰਿਹਾ। ਉਸਨੇ ਗੱਲ ਵੱਲ ਕੋਈ ਧਿਆਨ ਨਾ ਕੀਤਾ। ਦੇਵਤਾ ਜਿਥੋਂ ਆਇਆ ਸੀ ਉਸੇ ਦਿਸ਼ਾ ਵੱਲ ਵਾਪਸ ਚਲਾ ਗਿਆ। ਉਸ ਤੋਂ ਬਾਅਦ ਉਹ ਬਲਕਲ ਵਸਤਰ ਧਾਰੀ ਬ੍ਰਾਹਮਣ ਅਪਣੀ ਧਾਰਮਿਕ ਟੋਕਰੀ ਗ੍ਰਹਿਣ ਕਰਦਾ ਹੈ ਲਕੜੀ ਦੀ ਮੂੰਹ ਪਟੀ ਧਾਰਨ ਕਰਦਾ ਹੈ। ਉਹ ਉੱਤਰ ਦਿਸ਼ਾ ਵੱਲ ਮੂੰਹ ਕਰਕੇ ਚਲਾ ਜਾਂਦਾ ਹੈ। ॥13॥

ਉਸ ਤੋਂ ਬਾਅਦ ਸੋਮਿਲ ਬ੍ਰਾਹਮਣ ਤੀਸਰੇ ਦਿਨ, ਚੋਥੇ ਪਹਿਰ ਅਸ਼ੋਕ ਦਰਖਤ ਹੇਠ ਆਉਂਦਾ ਹੈ, ਧਾਰਮਿਕ ਉਪਕਰਨ ਹੇਠ ਰੱਖਦਾ ਹੈ, ਬੈਠਨ ਲਈ ਬੇਦੀ ਬਣਾਉਂਦਾ ਹੈ। ਧਾਰਮਿਕ ਵਿਸ਼ਵਾਸ਼ ਅਨੁਸਾਰ ਗੰਗਾ ਨਦੀ ਵਿੱਚ ਇਸ਼ਨਾਨ ਕਰਦਾ ਹੈ। ਫਿਰ ਉੱਥੇ ਆਉਂਦਾ ਹੈ ਜਿੱਥੇ ਅਸ਼ੋਕ ਦਾ ਦਰਖੱਤ ਸੀ। ਫਿਰ ਬੇਦੀ ਦਾ ਨਿਰਮਾਨ ਕਰਕੇ ਅਗਨੀਹੋਤਰ (ਹਵਨ) ਕਰਦਾ ਹੈ। ਪਹਿਲਾਂ ਵਾਲੀਆਂ ਸਾਰੀਆਂ ਧਾਰਮਿਕ ਕ੍ਰਿਆਵਾਂ ਕਰਦਾ ਹੈ। ਇੱਥੋਂ ਅੱਧੀ ਰਾਤ ਨੂੰ ਇਕ ਦੇਵਤਾ ਪ੍ਰਗਟ ਹੁੰਦਾ ਹੈ ਅਤੇ ਪਹਿਲੀ ਗੱਲ ਨੂੰ ਦੁਹਰਾਉਂਦਾ ਹੈ। ਅਗਲੇ ਦਿਨ ਸੋਮਿਲ ਬ੍ਰਾਹਮਣ ਧਾਰਮਿਕ ਕ੍ਰਿਆਵਾਂ ਦੀਆਂ ਵਸਤਾਂ ਚੁਕਦਾ ਹੈ ਲਕੜੀ ਦੀ ਮੂੰਹ ਪਟੀ ਬੰਨ੍ਹਕੇ ਉੱਤਰ ਦਿਸ਼ਾ ਵਲ ਆਉਂਦਾ ਹੈ। ॥14॥

ਉਸ ਤੋਂ ਬਾਅਦ ਉਹ ਸੋਮਿਲ ਬ੍ਰਾਹਮਣ ਚੋਥੇ ਦਿਨ ਚੋਥੇ ਪਹਿਰ ਬਰੋਟੇ ਦੇ ਦਰਖਤ ਹੇਠ ਆਉਂਦਾ ਹੈ। ਉਸ ਨੇ ਆਪਣੇ ਧਾਰਮਿਕ ਉਪਕਰਨ ਹੇਠ ਰੱਖੇ ਬੈਠਨ

ਲਈ ਬੇਦੀ ਬਣਾਈ। ਉਸ ਨੂੰ ਗੋਹੇ ਤੇ ਮਿੱਟੀ ਨਾਲ ਲਿਪਿਆ। ਫੇਰ ਮੋਨ ਧਾਰਨ ਕੀਤਾ, ਅੱਧੀ ਰਾਤ ਨੂੰ ਦੇਵਤਾ ਆਇਆ ਤੇ ਪਹਿਲਾਂ ਵਾਲੀ ਗੱਲ ਆਖ ਕੇ ਵਾਪਸ ਹੋ ਜਾਂਦਾ ਹੈ ਸਵੇਰ ਹੋਣ ਤੇ ਸੋਮਿਲ ਬ੍ਰਾਹਮਣ ਅਪਣੇ ਬਲਕਲ ਵਸਤਰ ਧਾਰਨ ਕਰਕੇ ਬੈਹੰਗੀ ਚੁੱਕਦਾ ਹੈ ਤੇ ਲੱਕੜੀ ਦੀ ਮੂੰਹ ਪੱਟੀ ਮੂੰਹ ਤੇ ਬੰਨ੍ਹ ਕੇ ਫਿਰ ਉੱਤਰ ਦਿਸ਼ਾ ਵੱਲ ਚਲਾ ਜਾਂਦਾ ਹੈ। ॥15॥

ਉਸ ਤੋਂ ਬਾਅਦ ਉਸ ਸੋਮਿਲ ਬ੍ਰਾਹਮਣ ਰਿਸ਼ੀ ਨੇ ਪੰਜਵੇਂ ਦਿਨ, ਚੋਥੇ ਪਹਿਰ ਗੁਲਰ ਦੇ ਦਰੱਖਤ ਹੇਠ ਆਈਆ। ਉਸ ਨੇ ਪਹਿਲਾਂ ਵਾਲੀਆਂ ਸਾਰੀਆਂ ਤਾਪਸੀ ਧਾਰਮਿਕ ਕ੍ਰਿਆਵਾਂ ਕੀਤੀਆਂ। ਫਿਰ ਲਕੜੀ ਦੀ ਮੂੰਹ ਪੱਟੀ ਧਾਰਨ ਕੀਤੀ ਅਤੇ ਮੋਨ ਧਾਰਨ ਕੀਤਾ॥16॥

ਉਸ ਤੋਂ ਬਾਅਦ ਸੋਮਿਲ ਨਾਮਕ ਬ੍ਰਾਹਮਣ ਰਿਸ਼ੀ ਕੋਲ ਅੱਧੀ ਰਾਤ ਨੂੰ ਇੱਕ ਦੇਵਤੇ ਨੇ ਪ੍ਰਗਟ ਹੋ ਕੇ ਉਸ ਨੂੰ ਆਖਿਆ, "ਹੇ ਸੋਮਿਲ! ਤੇਰੀ ਪ੍ਰਵਜਿਆ (ਸਾਧੂ ਜੀਵਨ) ਦੁਸ਼ਪ੍ਰਵਿਜਆ ਹੈ" ਇਹ ਗੱਲ ਸੁਣ ਕੇ ਸੋਮਿਲ ਪਹਿਲਾਂ ਦੀ ਤਰ੍ਹਾਂ ਚੁਪ ਹੋ ਜਾਂਦਾ ਹੈ। ਉਹ ਉਸ ਦੇਵਤਾ ਦੇ ਦੋ ਤਿੰਨ ਵਾਰ ਆਖਣ ਤੇ ਇਸ ਪ੍ਰਕਾਰ ਆਖਣ ਲੱਗਾ, "ਹੇ ਦੇਵਾਨੂਪ੍ਰਿਆ! ਮੇਰੀ ਪ੍ਰਵਜਿਆ ਦੁਸ਼ਪ੍ਰਵਜਿਆ ਕਿਉਂ ਹੈ?" ॥17॥

ਸੋਮਿਲ ਬ੍ਰਾਹਮਣ ਰਿਸ਼ੀ ਦੇ ਇਸ ਪ੍ਰਕਾਰ ਪੁੱਛਣ ਤੇ ਦੇਵਤੇ ਨੇ ਇਸ ਪ੍ਰਕਾਰ ਆਖਣਾ ਸ਼ੁਰੂ ਕੀਤਾ, "ਹੇ ਦੇਵਾਨੂਪ੍ਰਿਆ! ਤੂੰ ਗਿਆਨੀਆਂ ਰਾਹੀਂ ਸੇਵਨ ਯੋਗ ਭਗਵਾਨ ਪਾਰਸ਼ਨਾਥ ਦੀ ਪ੍ਰੰਪਰਾ ਦੇ 5 ਅਣੂਵਰਤ ਤੇ 7 ਸਿੱਖਿਆ ਵਰਤ, ਇਸ ਪ੍ਰਕਾਰ ਦੇ 12 ਵਰਤਾਂ ਰੂਪੀ ਸ਼੍ਰਾਵਕ ਧਰਮ ਨੂੰ ਸਵਿਕਾਰ ਕੀਤਾ। ਫੇਰ ਪਾਖੰਡੀ ਸਾਧੂਆਂ ਦੀ ਚਾਲ ਵਿੱਚ ਫੱਸ ਕੇ ਸ਼ੁਧ ਧਰਮ ਨੂੰ ਛੱਡ ਦਿੱਤਾ। ਇੱਕ ਵਾਰ ਅੱਧੀ ਰਾਤ ਸਮੇਂ ਤੇਰੇ ਮਨ ਵਿਚ ਵਿਚਾਰ ਪੈਦਾ ਹੋਇਆ ਗੰਗਾ ਕਿਨਾਰੇ ਤੱਪ ਕਰਨ ਵਾਲੇ ਭਿੰਨ ਭਿੰਨ ਪ੍ਰਕਾਰ ਦੇ ਤਾਪਸ ਹਨ, ਉਨ੍ਹਾਂ ਵਿਚੋ ਜੋ ਦਿਸ਼ਾ ਪਰੋਕਸ਼, ਤਾਪਸ ਹਨ, ਉਨ੍ਹਾਂ ਨੂੰ ਲੋਹੇ ਦੀਆਂ ਕੜਾਹੀਆਂ ਤੇ ਤਾਂਬੇ ਦੇ ਤਾਪਸ ਪਾਤਰ (ਬਰਤਨ) ਬਣਵਾ ਕੇ ਦੇਵਾਂ ਅਤੇ ਦਿਸ਼ਾ

ਪਰੋਕਸ਼ ਤਾਪਸ ਬਣਾ। ਇਸ ਪ੍ਰਕਾਰ ਦੇਵਤੇ ਨੇ ਸਾਰੀ ਗੱਲ ਦੱਸੀ। ਫੇਰ ਤੂੰ ਦਿਸ਼ਾ ਪਰਕੋਸ਼ ਤਾਪਸ ਬਣ ਗਿਆ। ਤੂੰ ਅਸ਼ੋਕ ਦਰਖਤ ਹੇਠਾਂ ਆਇਆ ਸਾਰੇ ਤਾਪਸ ਧਰਮ ਦੇ ਕ੍ਰਿਆ ਕਾਂਡ ਕੀਤੇ। ਮੇਰੇ ਆਖਣ ਤੇ ਤੂੰ (ਪਹਿਲਾਂ) ਕੋਈ ਧਿਆਨ ਨਹੀਂ ਦਿਤਾ, ਤੂੰ ਚੁੱਪ ਹੀ ਰਿਹਾ। ਚਾਰ ਦਿਨ ਤੈਨੂੰ ਸਮਝਾਇਆ ਤੂੰ ਮੇਰੀ ਗੱਲ ਤੇ ਕੋਈ ਧਿਆਨ ਨਹੀਂ ਦਿਤਾ। ਪੰਜਵੇਂ ਦਿਨ ਤੂੰ ਬਰੋਟੇ ਹੇਠ ਆ ਕੇ ਬੈਠ ਗਿਆ, ਲਕੜੀ ਦੀ ਮੂੰਹਪਟੀ ਬੰਨ੍ਹ ਮੋਨ ਧਾਰਨ ਕੀਤਾ, ਹਵਨ ਕੀਤਾ। ਇਸ ਲਈ ਤੇਰੀ ਪ੍ਰਵਜਿਆ ਦੁਸ਼ਪ੍ਰਵਿਜਆ ਹੈ" ॥18॥

ਸੋਮਿਲ ਬ੍ਰਾਹਮਣ ਰਿਸ਼ੀ ਨੇ ਕਿਹਾ, "ਹੇ ਦੇਵਾਨੂਪ੍ਰਿਆ! ਤੁਸੀ ਦਸੋ ਕਿ ਮੈਂ ਠੀਕ ਤਰ੍ਹਾਂ ਨਾਲ ਕਿਸ ਤਰ੍ਹਾਂ ਪ੍ਰਵਿਜਆ ਗ੍ਰਹਿਣ ਕਰਾਂ?"

ਪ੍ਰਗਟ ਦੇਵਤੇ ਨੇ ਕਿਹਾ, "ਹੇ ਦੇਵਾਨੂਪ੍ਰਿਆ! ਪਹਿਲਾਂ ਤੂੰ ਗ੍ਰਹਿਣ ਕੀਤੇ 5 ਅਣੂਵਰਤ, 7 ਸਿੱਖਿਆ ਵਰਤਾਂ ਨੂੰ ਮੁੱੜ ਸਵਿਕਾਰ ਕਰੋ। ਇਨ੍ਹਾਂ ਵਰਤਾਂ ਦੇ ਪਾਲਨ ਨਾਲ ਹੀ ਤੇਰੀ ਪ੍ਰਵਜਿਆ, ਸ਼ੁੱਧ ਪ੍ਰਵਜਿਆ ਹੋਵੇਗੀ" ਦੇਵਤਾ ਨੇ ਇਹ ਆਖ ਕੇ ਸੋਮਿਲ ਬ੍ਰਾਹਮਣ ਨੂੰ ਨਮਸਕਾਰ ਕੀਤਾ ਅਤੇ ਅਪਣੀ ਦਿਸ਼ਾ ਵੱਲ ਚਲਾ ਗਿਆ। ॥19॥

ਉਸ ਦੇਵਤਾ ਦੇ ਚਲੇ ਜਾਣ ਤੋਂ ਬਾਅਦ ਸੋਮਿਲ ਬ੍ਰਾਹਮਣ ਨੇ 5 ਅਣੂਵਰਤ, 7 ਸਿੱਖਿਆ ਵਰਤ ਰੂਪੀ ਸ਼੍ਰਾਵਕ ਧਰਮ ਗ੍ਰਹਿਣ ਕੀਤਾ। ਕਾਫੀ ਸਮੇਂ ਸ਼੍ਰਾਵਕ ਧਰਮ ਪਾਲਨ ਕਰਦਾ ਹੋਇਆ ਅਪਣੀ ਆਤਮਨ ਨੂੰ ਪਵਿਤਰ ਬਣਾਉਨ ਲੱਗਾ। ॥20॥

ਇਸ ਤੋਂ ਬਾਅਦ ਸੋਮਿਲ ਬ੍ਰਾਹਮਣ ਰਿਸ਼ੀ ਨੇ ਬਹੁਤ ਸਾਰੇ 4 - 4, 6 - 6, 8 - 8, 15 - 15 ਅਤੇ ਇੱਕ ਇੱਕ ਮਹੀਨੇ ਦੇ ਤੱਪ ਕੀਤੇ ਅਤੇ ਬਹੁਤ ਲੰਬਾ ਸਮਾ ਸੰਜਮ ਧਰਮ ਦਾ ਪਾਲਨ ਕੀਤਾ। ਅੰਤਮ ਸਮੇਂ 15 ਦਿਨ ਦਾ ਸਮਾਧੀ ਮਰਨ ਗ੍ਰਹਿਣ ਕਰਕੇ ਪਾਪਾਂ ਦੀ ਆਲੋਚਨਾ ਨਾ ਕਰਨ ਕਾਰਣ, ਸਮਿਅਕਤੱਵ (ਗਿਆਨ-ਦਰਸ਼ਨ-ਚਰਿੱਤਰ) ਦਾ ਪਾਲਨ ਅਤੇ ਦੇਵ-ਗੁਰੂ ਧਰਮ ਪ੍ਰਤਿ ਸ਼ਰਧਾ ਦਾ ਠੀਕ ਪਾਲਨ ਨਾ ਕਰਨ ਕਾਰਣ ਮੋਤ ਸਮੇਂ ਸ਼ੁਕਰ ਅਵੰਤਸਕ ਵਿਮਾਨ ਦੀ ਉਪਪਾਤ ਸਭਾ ਅੰਦਰ ਦੇਵ ਸੱਯਾ

(ਆਸਨ) ਤੇ ਉਸੇ ਅਕਾਰ ਵਾਲਾ ਸ਼ੁਕਰ ਮਹਾਗ੍ਰਹਿ ਦੇ ਰੂਪ ਵਿੱਚ ਪੈਦਾ ਹੋਇਆ। ਉਸ ਮਹਾਗ੍ਰਹਿ ਵਿਚ ਪੈਦਾ ਹੋਕੇ ਉਸ ਕੋਲ ਭਾਸ਼ਾ, ਮਨ ਆਦਿ 5 ਪਰਿਆਪਤੀਆ ਹਾਸਲ ਹੋਇਆਂ। ॥21॥

"ਹੇ ਗੋਤਮ! ਸ਼ੁਕਰ ਮਹਾਗ੍ਰਹਿ ਨੇ ਇਸ ਪ੍ਰਕਾਰ ਉਹ ਦੇਵ ਰਿੱਧੀ ਹਾਸਲ ਕੀਤੀ ਹੈ। ਸ਼ੁਕਰ ਗ੍ਰਹਿ ਦੀ ਸਥਿਤੀ ਇਕ ਪਲਯੱਪਮ ਹੈ। ਗੋਤਮ ਸਵਾਮੀ ਪੁੱਛਦੇ ਹਨ, ਕਿ ਇਹ ਸ਼ੁਕਰ ਗ੍ਰਹਿ ਦੇਵ ਲੋਕ ਦੀ ਉਮਰ ਪੂਰੀ ਕਰਕੇ ਕਿੱਥੇ ਪੈਦਾ ਹੋਵੇ ਗਾ?

ਭਗਵਾਨ ਮਹਾਵੀਰ, ਉੱਤਰ ਦਿੰਦੇ ਹਨ, "ਹੇ ਗੋਤਮ! ਇਹ ਮਹਾਂਗ੍ਰਹਿ ਮਹਾਂਵਿਦੇਹ ਖੇਤਰ ਵਿੱਚ ਜਨਮ ਲੈ ਕੇ ਸੁੱਧ ਬੁੱਧ ਮੁਕਤ ਹੋਵੇਗਾ ਅਤੇ ਮੋਕਸ਼ ਨੂੰ ਪ੍ਰਾਪਤ ਕਰੇਗਾ"। ਸੁਧਰਮਾ ਸਵਾਮੀ ਆਖਦੇ ਹਨ, "ਹੇ ਜੰਬੂ! ਭਗਵਾਨ ਮਹਾਵੀਰ ਨੇ ਪੁਸ਼ਪਿਤਾ ਦੇ ਤੀਸਰੇ ਅਧਿਐਨ ਦਾ ਇਸ ਪ੍ਰਕਾਰ ਵਰਨਣ ਕੀਤਾ ਹੈ।

# ਬਹੁਪੁੱਤਰਿਕਾ ਚੋਥਾ ਅਧਿਐਨ

ਆਰੀਆ ਜੰਬੂ ਸਵਾਮੀ ਪੁੱਛਦੇ ਹਨ, "ਹੇ ਭਗਵਾਨ! ਜੇ ਮੋਕਸ਼ ਨੂੰ ਪ੍ਰਾਪਤ ਭਗਵਾਨ ਮਹਾਵੀਰ ਨੇ ਪੁਸ਼ਪਿਤਾ ਦੇ ਤੀਸਰੇ ਅਧਿਐਨ ਵਿੱਚ ਭਗਵਾਨ ਮਹਾਵੀਰ ਨੇ ਇਹ ਭਾਵ ਪ੍ਰਗਟ ਕੀਤੇ ਹਨ ਤਾਂ ਫਿਰ ਉਸਦੇ ਬਾਅਦ ਚੋਥੇ ਅਧਿਐਨ ਦਾ ਭਾਵ ਉਹਨਾਂ ਕਿਸ ਪ੍ਰਕਾਰ ਆਖਿਆ?"

ਸ਼੍ਰੀ ਸੁਧਰਮਾ ਸਵਾਮੀ ਆਖਦੇ ਹਨ, "ਹੇ ਜੰਬੂ! ਉਸ ਕਾਲ ਉਸ ਸਮੇਂ ਰਾਜਗ੍ਰਹਿ ਨਾਂ ਦਾ ਨਗਰ ਸੀ। ਉਸ ਨਗਰ ਦਾ ਰਾਜਾ ਸ਼੍ਰੇਣਿਕ ਸੀ। ਉਸ ਨਗਰ ਵਿੱਚ ਭਗਵਾਨ ਮਹਾਵੀਰ ਪਧਾਰੇ, ਪਰਿਸ਼ਧ (ਧਾਰਮਿਕ ਪ੍ਰਵਚਨ ਦੇ ਸ਼ਰਧਾਲੂ) ਉਹਨਾਂ ਦੇ ਦਰਸ਼ਨਾਂ ਲਈ ਨਿਕਲੀ। ਉਸ ਕਾਲ ਉਸ ਸਮੇਂ ਬਹੁਪੁੱਤਰੀਕਾ ਦੇਵੀ ਸੋਧਰਮ ਕਲਪ ਦੇ ਬਹੁਪੁੱਤਰੀਕਾ ਵਿਮਾਨ ਵਿੱਚ, ਸੁਧਰਮ ਸਭਾ ਦੇ ਅੰਦਰ ਬਹੁਪੁੱਤਰੀਕਾ ਸਿੰਘਾਸਨ ਤੇ 4000 ਸਾਮਾਨਿਕ ਦੇਵੀਆਂ, ਚਾਰ ਮਹਤਰੀਆਂ ਤੁਲ ਕੁਮਾਰੀਆਂ, ਜਿਨ੍ਹਾਂ ਦੇ ਵਚਨ ਦੀ ਉਲੰਘਨਾ ਨਹੀਂ ਕੀਤੀ ਜਾ ਸਕਦੀ ਅਜਿਹੀ ਚਾਰ ਦਿਸ਼ਾ ਕੁਮਾਰੀਆਂ ਨਾਲ ਘਿਰੀ, ਸੁਰਿਆਭ ਦੇਵ ਦੀ ਤਰ੍ਹਾਂ ਗੀਤ, ਬਾਜੇ ਦਾ ਆਨੰਦ ਮਾਨਦੀ, ਦਿਵਯਭੋਗ ਭੋਗਦੀ ਘੁੰਮ ਰਹੀ ਸੀ। ਉਹ (ਦੇਵੀ) ਇਸ ਸੰਪੂਰਨ ਜੰਬੂ ਦੀਪ ਨੂੰ ਵਿਸ਼ਾਲ ਅਵਧੀ ਗਿਆਨ ਦੇ ਉਪਯੋਗ ਨਾਲ ਵੇਖਦੀ ਹੋਈ, ਰਾਜਗ੍ਰਹਿ ਵਿਖੇ ਭਗਵਾਨ ਮਹਾਵੀਰ ਨੂੰ ਸਮੋਸਰਨ ਵਿੱਚ ਘਿਰੇ ਵੇਖਦੀ ਹੈ। ਫਿਰ ਸੁਰਿਆਭ ਦੇਵ ਦੀ ਤਰ੍ਹਾਂ ਨਮਸਕਾਰ ਕਰਕੇ ਅਪਣੇ ਸ਼੍ਰੇਸ਼ਟ ਆਸਨ ਤੇ ਪੂਰਵ ਦਿਸ਼ਾ ਵੱਲ ਮੂੰਹ ਕਰਕੇ ਬੈਠਦੀ ਹੈ। ਸੁਰਿਆਭ ਦੇਵ ਦੀ ਤਰ੍ਹਾਂ ਸਮਾਨਿਕ ਦੇਵ ਨੂੰ ਬੁਲਾ ਕੇ ਸੁਸਵਰ ਨਾ ਦਾ ਘੰਟਾ ਵਜਾ ਕੇ ਭਗਵਾਨ ਮਹਾਵੀਰ ਦੇ ਦਰਸ਼ਨ ਦੇ ਲਈ ਜਾਣ ਵਾਸਤੇ ਸਾਰੇ ਦੇਵਤੀਆਂ ਨੂੰ ਸੂਚਿਤ ਕੀਤਾ।

ਉਸ ਦਾ ਵਿਮਾਨ ਹਜ਼ਾਰ ਯੋਜਨ ਵਿਸਥਾਰ ਵਾਲਾ ਅਤੇ 62 ½ ਯੋਜਨ ਉੱਚਾ ਸੀ। ਉਸ ਤੇ ਲਗਿਆ ਮਹਿੰਦਰ ਯਵੱਜ 25 ਯੋਜਨ ਉੱਚਾ ਸੀ। ਫਿਰ ਉਹ

ਬਹੁਪੁੱਤਰੀਕਾ ਦੇਵੀ ਉੱਤਰ ਦਿਸ਼ਾ ਵਾਲੇ ਹਾਰ ਤੋਂ ਸੁਰਿਆਭ ਦੇਵ ਦੀ ਤਰ੍ਹਾਂ ਹਜਾਰ ਯੋਜਨ ਦਾ ਵੈਕਰਿਆ ਸ਼ਰੀਰ ਬਣਾ ਕੇ ਆਈ। ਉਹ ਭਗਵਾਨ ਮਹਾਵੀਰ ਕੋਲ ਪਹੁੰਚੀ, ਧਰਮ ਕਥਾ ਸੁਣੀ। ਜਨਤਾ ਨੇ ਸਮਿਅਕ ਗਿਆਨ ਸਮਿਅਕ ਦਰਸ਼ਨ ਅਤੇ ਸਮਿਅਕ ਚਰਿਤੱਰ ਨੂੰ ਧਾਰਨ ਕੀਤਾ। ॥1॥

ਉਸ ਤੋਂ ਬਾਅਦ ਉਹ ਬਹੁਪੁੱਤਰੀਕਾ ਦੇਵੀ ਆਪਣੀ ਸੱਜੀ ਭੁਜਾ ਫੈਲਾਉਂਦੀ ਹੈ ਅਤੇ ਇੱਕ ਸੋ ਅੱਠ ਦੇਵ ਕੁਮਾਰਾਂ ਦੀ ਰਚਨਾ ਕਰਦੀ ਹੈ। ਫਿਰ ਖੱਬੀ ਭੁਜਾ ਫੈਲਾ ਕੇ ਇੱਕ ਸੋ ਅੱਠ ਦੇਵ ਕੁਮਾਰੀਆਂ ਦੀ ਰਚਨਾ ਕਰਦੀ ਹੈ। ਫਿਰ ਦਾਰਕ ਦਾਰੀਕਾ ਉਮਰ ਵਾਲੇ ਬੱਚੇ, ਬੱਚਿਆਂ ਨੂੰ ਡਿੰਬ - ਡਿੰਬ ਉਮਰ ਵਾਲੇ ਬੱਚੇ ਬੱਚਿਆਂ ਨੂੰ ਆਪਣੀ ਵੈਕਰੀਆਂ ਸ਼ਕਤੀ ਨਾਲ ਬਣਾਉਂਦੀ ਹੈ ਅਤੇ ਸੁਰਆਿਭ ਦੇਵ ਦੀ ਤਰ੍ਹਾਂ ਨਾਟਕ ਵਿਖਾ ਕੇ ਚਲੀ ਜਾਂਦੀ ਹੈ।

ਉਸ ਦੇ ਜਾਣ ਤੋਂ ਬਾਅਦ ਭਗਵਾਨ ਗੋਤਮ ਪੁੱਛਦੇ ਹਨ, “ਹੇ ਭੰਦਤ! (ਮਹਾਵੀਰ) ਇਹ ਬਹੁਪੁੱਤਰੀਕਾ ਦੇਵੀ ਇਹ ਦਿੱਵ ਨਾਟਕ ਕਿੱਥੇ ਸਮਾ ਗਿਆ” ਭਗਵਾਨ ਮਹਾਵੀਰ ਆਖਦੇ ਹਨ, “ਹੇ ਗੋਤਮ! ਇਹ ਦੇਵ ਰਿੱਧੀ ਦੇ ਸ਼ਰੀਰ ਵਿਚੋਂ ਹੀ ਨਿਕਲੀ ਅਤੇ ਇਸ ਦੇ ਸ਼ਰੀਰ ਵਿੱਚ ਹੀ ਸਮਾ ਗਈ” ਭਗਵਾਨ: ਹੇ ਗੋਤਮ! ਜਿਵੇਂ ਕਿਸੇ ਉਤਸਵ ਆਦਿ ਕਾਰਨ ਫੈਲੀਆ ਲੋਕਾਂ ਦਾ ਇੱਕਠ ਬਾਰਸ਼ ਆਉਣ ਤੇ ਉੱਚੇ ਪਰਵਤ ਸਥਿਤ ਵਿਸ਼ਾਲ ਘਰ ਵਿੱਚ ਸਮਾ ਜਾਂਦਾ ਹੈ। ਇਸ ਪ੍ਰਕਾਰ ਦੇਵੀ ਰਾਹੀਂ ਪ੍ਰਗਟ ਦੇਵ ਦੇਵੀ ਅਤੇ ਰਿੱਧੀ ਇਸ ਵਿੱਚ ਸਮਾਂ ਗਏ।

ਗਨਧਰ ਗੋਤਮ, “ਹੇ ਭਗਵਾਨ! ਇਸ ਦੇਵੀ ਨੂੰ ਕਿਸ ਪ੍ਰਕਾਰ ਇਹ ਦੇਵ ਰਿੱਧੀ ਪ੍ਰਾਪਤ ਹੋਈ? ਕਿਸ ਪੁੰਨ ਦੇ ਉਪਯੋਗ ਵਿੱਚ ਆਈ? ਕਿਵੇਂ ਇਹ ਰਿੱਧੀ ਭੋਗਨ ਵਿੱਚ ਸਮਰਥ ਹੋਈ?” ॥2॥

ਭਗਵਾਨ ਮਹਾਵੀਰ ਗਨਧਰ ਗੋਤਮ ਨੂੰ ਆਖਦੇ ਹਨ, “ਉਸ ਕਾਲ ਉਸ ਸਮੇਂ ਵਾਰਾਣਸੀ ਨਾਂ ਦੀ ਨਗਰੀ ਸੀ। ਉਸ ਨਗਰ ਵਿੱਚ ਆਮਰ ਸ਼ਾਲਬਨ ਨਾਂ ਦਾ ਬਾਗ

ਸੀ। ਉਸ ਨਗਰੀ ਵਿੱਚ ਭੱਦਰ ਨਾਂ ਦਾ ਸਾਰਥਵਾਹ ਰਹਿੰਦਾ ਸੀ। ਜੋ ਧਨ ਧਾਨਯ (ਅਨਾਜ) ਨਾਲ ਸਮਰਿਧ ਸੀ। ਲੋਕਾਂ ਦਾ ਸਹਾਰਾ ਸੀ। ਉਸ ਸਾਰਥਵਾਹ ਦੇ ਸੁਭੱਦਰਾਂ ਨਾਂ ਦੀ ਪਤਨੀ ਸੀ। ਜੋ ਕੋਮਲ ਹੱਥ ਪੈਰ ਵਾਲੀ ਸੀ। ਉਹ ਵਾਂਝ ਸੀ ਉਸ ਦੀ ਗੋਦ ਖਾਲੀ ਸੀ, ਸੰਤਾਨ ਉਤਪੰਨ ਕਰਨ ਤੋਂ ਆਯੋਗ ਸੀ, ਉਹ ਜਾਣੂਕੁਪਰਮਾਤਾ ਸੀ ਭਾਵ ਸੋਂਦੇ ਸਮੇਂ ਉਸ ਦੇ ਪੇਟ ਦੇ ਨਾਲ ਪੱਟ ਹੀ ਸੀ ਕੋਈ ਬੱਚਾ ਨਹੀਂ।

ਇਸ ਤੋਂ ਬਾਅਦ ਇਕ ਸਮੇਂ ਪਿਛਲੀ ਰਾਤ ਕੁਟੰਬ ਜਾਗਰਨ ਸਮੇਂ ਸੁਭੱਦਰਾ ਸਾਰਥਵਾਹੀ ਨੂੰ ਇਹ ਮਾਨਸਿਕ ਚਿੰਤਨ ਹੋਇਆ, “ਮੈਂ ਭਦਰ ਸਾਰਥਵਾਹ ਦੇ ਨਾਲ ਲੰਬੇ ਸਮੇਂ ਤੋਂ ਅਨੇਕਾਂ ਪ੍ਰਕਾਰ ਦੇ ਸ਼ਬਦ ਆਦਿ ਵਿਸ਼ੇਆਂ ਦੇ ਭੋਗ ਭੋਗਦੀ ਆ ਰਹੀ ਹਾਂ, ਮੇਰੇ ਹੁਣ ਤੱਕ ਇੱਕ ਵੀ ਸੰਤਾਨ ਪੈਦਾ ਨਹੀਂ ਹੋਈ। ਉਹ ਮਾਤਾਵਾਂ ਧਨ ਹਨ, ਪੁਨਸ਼ੀਲ ਹਨ ਪੁਨ ਕਮਾਈ ਵਾਲੀਆਂ ਹਨ, ਇਸਤਰੀਆਂ ਪੁਨ ਅਤੇ ਸੁਖ ਵਾਲੀਆਂ ਹਨ। ਉਹਨਾਂ ਮਾਨਵ ਦੇਹ ਦੇ ਫਲ ਨੂੰ ਪ੍ਰਾਪਤ ਕੀਤਾ ਹੈ, ਜਿਨ੍ਹਾਂ ਮਾਵਾਂ ਦੇ ਪੇਟ ਤੋਂ ਸੰਤਾਨ ਉਤਪੰਨ ਹੋਈ ਹੈ। ਜਿਹਨਾ ਨੇ ਅਪਣੀ ਛਾਤੀ ਤੋਂ ਸਨਤਾਨ ਨੂੰ ਅਪਣਾ ਦੁੱਧ ਪਲਾਇਆ ਹੈ। ਜੋ ਬੱਚਿਆਂ ਦੇ ਲੁਭਾਬਨੇ ਸ਼ਬਦ ਸੁਣਦਿਆਂ ਹਨ। ਬੱਚੇ ਨੂੰ ਛਾਤੀ ਨਾਲ ਲਗਾ ਕੇ ਘੁਮਾਉਂਦੀਆਂ ਹਨ ਫਿਰ ਬੱਚਿਆਂ ਦੇ ਕਮਲ ਦੇ ਸਮਾਨ ਕੋਮਲ ਹੱਥਾਂ ਨੂੰ ਫੜਕੇ ਬੱਚੇ ਨੂੰ ਗੋਦ ਵਿੱਚ ਬਿਠਾਉਂਦੀਆਂ ਹਨ। ਅਪਣੇ ਮਿੱਠੇ ਮਿੱਠੇ ਵਚਨ ਨਾਲ ਬੱਚੇ ਨੂੰ ਲੋਰੀਆਂ ਦਿੰਦੀਆਂ ਹਨ। ਮੈਂ ਨਾਭਾਗ, ਪੁੰਨ ਹੀਨ ਹਾਂ, ਪਿਛਲੇ ਜਨਮ ਦੀ ਸ਼ੁਭ ਕਮਾਈ ਤੋਂ ਰਹਿਤ ਹਾਂ, ਮੈਂ ਇੱਕ ਵੀ ਸੰਤਾਨ ਦਾ ਸੁੱਖ ਨਾਂ ਪਾ ਸਕੀ। ਕਿਉਂ ਕਿ ਮੈਂ ਇਕ ਵੀ ਸੰਤਾਨ ਨਹੀਂ ਹੋਈ” ਇਸ ਪ੍ਰਕਾਰ ਸੋਚ ਵਿਚਾਰ ਕਰਦੇ ਹੋਏ, ਉਹ ਬਹੁਤ ਹੀ ਨੀਚ ਮਹਿਸੂਸ ਕਰਨ ਲੱਗੀ ਅਤੇ ਹੇਠਾਂ ਨੂੰ ਮੂੰਹ ਕਰਕੇ ਪਛਤਾਵਾ ਕਰਦੀ ਹੈ। ॥3॥

ਉਸ ਕਾਲ ਉਸ ਸਮੇਂ ਵਿੱਚ ਈਰੀਆ, ਭਾਸ਼ਾ, ਏਸ਼ਨਾ, ਆਦਾਨ ਭੰਡ, ਮਾਤਰ ਨਿਕਸ਼ੇਪ, ਉੱਚਾਰ, ਪ੍ਰਸਤਰਵਨ, ਸ਼ਲੇਸੁਪ ਸਿੰਘਾਨ ਪ੍ਰਤੀਸ਼ਠਾਪਨਾ ਆਦਿ ਪੰਜ

ਸਮਿਤਿ ਧਾਰਕ, ਮਨ, ਵਚਨ ਕਾਈਆ, ਤਿੰਨ ਗੁਪਤੀ ਨੂੰ ਇੰਦਰੀਆਂ ਕਾਬੂ ਕਰਨ ਵਾਲੀ, ਗੁਪਤ ਬ੍ਰਹਮਚਾਰਨੀ, ਬਹੁਤ ਸ਼ਾਸ਼ਤਰਾਂ ਦੀ ਜਾਨਕਾਰ, ਬਹੁਤ ਸਾਧਵੀ ਪਰਿਵਾਰ ਵਾਲੀ ਸੁਵਰਤਾ ਨਾਂ ਦੀ ਸਾਧਵੀ ਪਿੰਡ ਧਰਮ ਪ੍ਰਚਾਰ ਕਰਦੀ ਵਾਰਾਣਸੀ ਨਗਰ ਵਿੱਚ ਆਈ। ਉੱਥੇ ਸਾਧਵੀ ਨੇ ਨਿਯਮਾਨੁਸਾਰ ਆਗਿਆ ਲੈ ਕੇ ਉਪਾਸਰਾ ਗ੍ਰਹਿਣ ਕੀਤਾ। ਸੰਜਮ ਤਪ ਰਾਹੀਂ ਆਤਮਾ ਨੂੰ ਪੱਵਿਤਰ ਕਰਕੇ ਸਾਧਵੀ ਜੀਵਨ ਗੁਜਾਰ ਰਹੀ ਸੀ।

ਉਸ ਤੋਂ ਬਾਅਦ ਸੁਵਰਤਾ ਸਾਧਵੀ ਦੀ ਇੱਕ ਸ਼ਿੱਸ਼ ਮੰਡਲੀ ਭਿੱਖਿਆ ਲਈ ਵਾਰਾਣਸੀ ਨਗਰ ਦੇ ਉੱਚ, ਨੀਚ ਅਤੇ ਮੱਧਮ ਕੁਲਾਂ ਵਿੱਚ ਘੁੰਮਦੀ ਭੱਦਰ ਸਾਰਥਵਾਹ ਦੇ ਘਰ ਪਹੁੰਚੀ। ਸ਼ੁਭਦਰਾ ਸਾਰਥਵਾਹੀ ਨੇ ਆਉਂਦੀਆਂ ਸਾਧਵੀਆਂ ਨੂੰ ਵੇਖਿਆ ਦਿਲੋਂ ਖੁਸ਼ੀ ਹੋਈ। ਬਿਨੇ ਨਾਲ ਆਸਨ ਤੋਂ ਉੱਠੀ, ਸੱਤ ਅੱਠ ਕਦਮ ਸਾਹਮਣੇ ਆਈ, ਸਾਹਮਣੇ ਆ ਕੇ ਬੰਦਨਾ ਨਮਸਕਾਰ ਕੀਤਾ, ਫਿਰ ਸ਼ੁਧ ਭੋਜਨ ਦੇ ਦਾਨ ਦਾ ਲਾਭ ਪ੍ਰਾਪਤ ਕੀਤਾ। ਫਿਰ ਸੁਭੱਦਰਾ ਨੇ ਸਾਧਵੀਆਂ ਨੂੰ ਪੁੱਛਿਆ, "ਹੇ ਦੇਵਾਨੂਪ੍ਰਿਆ! ਮੈਂ ਭੱਦਰ ਸਾਰਥਵਾਹ ਦੇ ਨਾਲ ਅਨੇਕਾਂ ਭੋਗ ਭੋਗਦੀ ਜੀਵਨ ਗੁਜਾਰ ਰਹੀ ਹਾਂ। ਪਰ ਅੱਜ ਤੱਕ ਮੇਰੇ ਇੱਕ ਵੀ ਸੰਤਾਨ ਨਹੀਂ ਹੋ ਪਾਈ ਉਹ ਮਾਤਾਵਾਂ ਧਨ ਹਨ, ਪੁੰਨਸ਼ੀਲ ਹਨ ਜਿਹੜੀਆਂ ਪਿਛਲੇ ਜਨਮਾਂ ਦਾ ਪੁੰਨ ਭੋਗਦੀਆਂ ਹਨ। ਜਿਨ੍ਹਾਂ ਦੇ ਪੇਟ ਤੋਂ ਬੱਚੇ ਉਤਪੰਨ ਕਰਦੀਆਂ ਹਨ। ਮੈਂ ਭਾਗਹੀਨ, ਪੁੰਨਹੀਨ, ਪੁੰਨ ਆਚਰਨ ਤੋਂ ਰਹਿਤ ਹਾਂ। ਇਸ ਲਈ ਮੈਂ ਇਹਨਾਂ ਵਿੱਚੋਂ ਕੋਈ ਵੀ ਸ਼ੁੱਖ ਪ੍ਰਾਪਤ ਨਹੀਂ ਕਰ ਸਕਦੀ। ਹੇ ਦੇਵਾਨੂਪ੍ਰਿਆ! ਤੁਸੀਂ ਲੋਕ ਬਹੁਤ ਗਿਆਨ ਵਾਲੇ ਹੋ, ਬਹੁਤ ਗੱਲਾਂ ਨੂੰ ਜਾਣਦੇ ਹੋ, ਬਹੁਤ ਪਿੰਡਾਂ, ਸ਼ਹਿਰਾਂ ਵਿੱਚ ਵਿਚਰਦੇ ਹੋ, ਬਹੁਤ ਸਾਰੇ ਰਾਜੇ ਈਸ਼ਵਰ ਤਲਵਰ ਆਦਿ ਤੋਂ ਲੈ ਕੇ ਸਾਰਥਵਾਹ ਦੇ ਘਰਾਂ ਵਿੱਚ ਭਿੱਖਿਆ ਲਈ ਜਾਂਦੇ ਹੋ। ਮੈਨੂੰ ਕੋਈ ਵਿਦਿਆ ਪ੍ਰਯੋਗ, ਮੰਤਰ ਪ੍ਰਯੋਗ, ਵਮਨ, ਵਿਰੇਚਨ, ਵਸਤੀ ਕਰਮ ਜਾਂ ਦਵਾਈ, ਭਸਮ ਦਾ ਗਿਆਨ ਦੇਵੋ। ਜਿਸ ਨਾਲ ਮੇਰੇ ਲੜਕਾ ਜਾਂ ਲੜਕੀ ਹੋ ਸਕੇ"। ॥4॥

ਉਸ ਤੋਂ ਬਾਅਦ ਸਾਧਵੀ ਉਸ ਸੁਭੱਦਰਾ ਸਾਰਥਵਾਹੀ ਨੂੰ ਇਸ ਪ੍ਰਕਾਰ ਉੱਤਰ ਦਿੰਦੀ ਹੈ, "ਹੇ ਦੇਵਾਨੂਪ੍ਰਿਆ! ਅਸੀਂ ਲੋਕ ਈਰੀਆ ਆਦਿ ਪੰਜ ਸਮਿਤੀ ਤਿੰਨ ਗੁਪਤੀ, ਇੰਦਰੀਆਂ ਨੂੰ ਵੱਸ ਵਿੱਚ ਕਰਨ ਵਾਲੀਆਂ ਗੁਪਤ ਬ੍ਰਹਮਚਾਰਨੀ ਨਿਰਗ੍ਰੰਥ ਸ਼੍ਰਮਣਿਆਂ ਹਾਂ। ਸਾਨੂੰ ਅਜਿਹੀ ਗੱਲ ਕੰਨਾਂ ਨਾਲ ਸੁਨਣਾ ਵੀ ਪਾਪ ਹੈ। ਫਿਰ ਅਸੀਂ ਅਜਿਹੀ ਗੱਲ ਦਾ ਉਪਦੇਸ਼ ਤੇ ਆਚਰਨ ਕਿਵੇਂ ਦੇ ਸਕਦੇ ਹਾਂ"।

ਅਸੀਂ ਲੋਕ ਕੇਵਲੀ (ਵੀਤਰਾਗ) ਭਗਵਾਨ ਰਾਹੀਂ ਆਖੇ ਦਾਨ, ਸ਼ੀਲ, ਤੱਪ ਅਤੇ ਭਾਵਨਾ ਆਦਿ ਭਿੰਨ ਭਿੰਨ ਪ੍ਰਕਾਰ ਦੇ ਧਰਮ ਦਾ ਹੀ ਉਪਦੇਸ਼ ਕਰਦੇ ਹਾਂ। ॥5॥

ਇਸ ਤੋਂ ਬਾਅਦ ਉਸ ਸੁਭੱਦਰਾ ਸਰਥਵਾਹੀ ਨੇ ਉਹਨਾਂ ਸਾਧਵੀਆਂ ਦੇ ਧਰਮ ਨੂੰ ਸੁਣ ਕੇ ਹਿਰਦੇ ਵਿੱਚ ਧਾਰਨ ਕੀਤਾ। ਖੁਸ਼ੀ ਨਾਲ ਤਿੰਨ ਵਾਰ ਸਾਧਵੀਆਂ ਨੂੰ ਬੰਦਨ ਨਮਸਕਾਰ ਕਰਕੇ ਇਸ ਪ੍ਰਕਾਰ ਆਖਿਆ, "ਹੇ ਦੇਵਾਨੂਪ੍ਰਿਆ! ਮੈਂ ਨਿਰਗ੍ਰੰਥ ਪ੍ਰਵਚਨ ਤੇ ਸ਼ਰਧਾ ਕਰਦੀ ਹਾਂ, ਵਿਸ਼ਵਾਸ ਕਰਦੀ ਹਾਂ, ਨਿਰਗ੍ਰੰਥ ਪ੍ਰਵਚਨ ਪ੍ਰਤੀ ਮੇਰੀ ਰੁੱਚੀ ਹੋ ਗਈ ਹੈ। ਆਪਨੇ ਜੋ ਉਪਦੇਸ਼ ਕੀਤਾ ਹੈ ਉਹ ਸੱਚ ਹੈ, ਮੈਂ ਸ਼੍ਰਾਵਕ (ਉਪਾਸਕ) ਵਰਤ ਸਵੀਕਾਰ ਕਰਦੀ ਹਾਂ"

ਸਾਧਵੀਆਂ ਨੇ ਕਿਹਾ, "ਹੇ ਦੇਵਾਨੂਪ੍ਰਿਆ! ਜਿਵੇਂ ਤੇਰੀ ਆਤਮਾ ਨੂੰ ਸੁੱਖ ਹੋਵੇ ਉਸੇ ਪ੍ਰਕਾਰ ਕਰੋ, ਪਰ ਧਰਮ ਆਚਰਨ ਦੇ ਕੰਮ ਵਿੱਚ ਅਣਗਹਿਲੀ ਨਾ ਕਰੋ"

ਉਸ ਸੁਭੱਦਰਾ ਸਾਰਥਵਾਹੀ ਨੇ ਉਨ੍ਹਾਂ ਸਾਧਵੀਆਂ ਤੋਂ ਨਿਰਗ੍ਰੰਥ ਧਰਮ ਸਵੀਕਾਰ ਕੀਤਾ। ਫਿਰ ਸਾਧਵੀਆਂ ਨੂੰ ਬੰਦਨ ਨਮਸਕਾਰ ਕਰਕੇ ਸਤਿਕਾਰ ਨਾਲ ਵਿਦਾ ਕੀਤਾ। ॥6॥

ਸਭੱਦਰਾ ਸਾਰਥਵਾਹੀ ਨੇ ਲੰਬਾ ਸਮਾਂ ਸ਼੍ਰਾਵਕ ਧਰਮ ਦਾ ਪਾਲਨ ਕੀਤਾ। ਇੱਕ ਰਾਤ ਕਟੁੰਬ ਜਾਗਰਣ ਸਮੇਂ ਸੁਭੱਦਰਾ ਦੇ ਮਨ ਵਿੱਚ ਵਿਚਾਰ ਆਇਆ "ਮੈਂ ਭੱਦਰ ਸਾਰਥਵਾਹ ਦੇ ਨਾਲ ਭੋਗ ਭੋਗਦੀ ਆ ਰਹੀ ਹਾਂ। ਮੇਰੇ ਹੁਣ ਤੱਕ ਇੱਕ ਵੀ

ਸੰਤਾਨ ਪੈਦਾ ਨਹੀਂ ਹੋਈ। ਮੇਰੇ ਲਈ ਇਹੋ ਉਚਿਤ ਹੈ ਕਿ ਮੈਂ ਸੂਰਜ ਨਿਕਲਦੇ ਹੀ ਭੱਦਰ ਸਾਰਥਵਾਹ (ਪਤੀ) ਦੀ ਇਜ਼ਾਜਤ ਲੈ ਕੇ ਸੁਵਰਤਾ ਆਰਿਆ ਸਾਧਵੀ ਕੋਲ ਸਾਧਵੀ ਜੀਵਨ ਅੰਗੀਕਾਰ ਕਰਾਂ"।

ਅਜਿਹਾ ਵਿਚਾਰ ਕਰਕੇ ਭੱਦਰ ਸਾਰਥਵਾਹ ਕੋਲ ਆਈ ਅਤੇ ਕਿਹਾ, "ਹੇ ਦੇਵਾਨੂਪ੍ਰਿਆ! ਮੈਂ ਕਾਫੀ ਸਮੇਂ ਤੋਂ ਤੁਹਾਡੇ ਨਾਲ ਭੋਗ ਭੋਗਦੀ ਆ ਰਹੀ ਹਾਂ, ਮੇਰੇ ਇੱਕ ਵੀ ਸੰਤਾਨ ਨਹੀਂ ਹੋਈ। ਇਸ ਲਈ ਮੈਂ ਚਾਹੁੰਦੀ ਹਾਂ ਕਿ ਤੁਹਾਡੀ ਆਗਿਆ ਨਾਲ ਮੈਂ ਸੁਵਰਤਾ ਸਾਧਵੀ ਪਾਸ ਦਿੱਖਿਆ ਲੈ ਲਵਾਂ" ॥7॥

ਸੁਭੱਦਰਾ ਸਾਰਥਵਾਹੀ ਦੀ ਗੱਲ ਸੁਣ ਕੇ ਭੱਦਰ ਸਾਰਥਵਾਹ ਨੇ ਉੱਤਰ ਦਿੱਤਾ, "ਹੇ ਦੇਵਾਨੂਪ੍ਰਿਆ! ਤੂੰ ਅਜੇ ਸੁਵਰਤਾ ਸਾਧਵੀ ਪਾਸ ਦਿੱਖਿਆ ਨਾ ਲੈ, ਭੱਦਰ ਸਾਰਥਵਾਹ ਰਾਹੀਂ ਆਖੀ ਗੱਲ ਨੂੰ ਸੁਭੱਦਰਾ ਸਾਰਥਵਾਹੀ ਨੇ ਸਤਿਕਾਰ ਨਾ ਦਿਤਾ, ਵਿਚਾਰ ਨਾ ਕੀਤਾ, ਦੂਸਰੀ ਅਤੇ ਤਿਸਰੀ ਪ੍ਰਕਾਰ ਸੁਭੱਦਰਾ ਸਾਰਥਵਾਹੀ ਨੇ ਇਹ ਆਖਿਆ, ਹੇ ਦੇਵਾਨੂਪ੍ਰਿਆ! ਤੁਸੀਂ ਮੈਨੂੰ ਸਾਧਵੀ ਬਨਣ ਦੀ ਆਗਿਆ ਦੇਵੋ"

ਉਸ ਭੱਦਰ ਸਾਰਥਵਾਹ ਨੇ ਆਪਣੀ ਪਤਨੀ ਨੂੰ ਬਹੁਤ ਵਾਰ ਸਮਝਾਇਆ ਅਤੇ ਕਿਹਾ ਘਰ ਵਿੱਚ ਰਹਿਣਾ ਹੀ ਫਾਇਦੇਮੰਦ ਹੈ। ਪ੍ਰੀਖੀਆ ਹਿੱਤ ਉਸਨੇ ਕਿਹਾ ਸੰਜਮ ਬਹੁਤ ਮੁਸ਼ਕਿਲ ਹੈ। ਭੋਗ ਭੋਗਨ ਤੋਂ ਬਾਅਦ ਸੰਜਮ ਗ੍ਰਹਿਣ ਕਰਨਾ ਠੀਕ ਨਹੀਂ ਹੈ। ਇਸ ਪ੍ਰਕਾਰ ਭਿੰਨ ਭਿੰਨ ਪ੍ਰਕਾਰ ਸਮਝਾਉਣ ਤੇ ਸੁਭੱਦਰਾ ਸਾਰਥਵਾਹ ਨਾਂ ਮਨੀ। ਫਿਰ ਨਾ ਚਾਹੁੰਦੇ ਭੱਦਰ ਸਾਰਥਵਾਹ ਨੇ ਸੁਭੱਦਰਾ ਨੂੰ ਦੀਖਿਆ ਦੀ ਆਗਿਆ ਪ੍ਰਦਾਨ ਕੀਤੀ। ॥8॥

ਉਸ ਤੋਂ ਬਾਅਦ ਉਸ ਭੱਦਰ ਸਾਰਥਵਾਹ ਨੇ ਵਿਪੁਲ ਅਸ਼ਨ, ਪਾਣ ਖਾਦਯ, ਸਵਾਦਯ ਭੋਜਨ ਤਿਆਰ ਕਰਵਾਏ, ਅਪਣੀ ਸਾਰੀ ਜਾਤੀ ਦੇ ਲੋਕਾਂ ਮਿੱਤਰਾਂ ਅਤੇ ਰਿਸ਼ਤੇਦਾਰਾਂ ਦਾ ਆਦਰ ਸਤਿਕਾਰ ਕੀਤਾ। ਉਹਨਾਂ ਨੂੰ ਭੋਜਨ ਕਰਵਾਇਆ। ਬਾਅਦ ਵਿੱਚ ਉਹ ਸੁਭੱਦਰਾ ਇਸ਼ਨਾਨ ਆਦਿ ਕਰਕੇ, ਮੰਗਲ ਰੂਪੀ ਤਿਲਕ ਦਾ ਸ਼ਗਨ ਕਰਕੇ

ਗਹਿਣੇ, ਕਪੜੇ ਪਾ ਕੇ ਆਈ। ਫਿਰ ਸੁਭਦਰਾ 1000 ਪੁਰਸ਼ਾ ਦੇ ਯੋਗ ਉਠਾਈ ਜਾਣ ਵਾਲੀ ਪਾਲਕੀ ਵਿੱਚ ਬੈਠ ਗਈ। ਫਿਰ ਰਿਸ਼ਤੇਦਾਰਾਂ, ਸੰਬਧੀਆਂ ਨਾਲ ਘਿਰੀ, ਬਾਜਿਆਂ ਗਾਜਿਆਂ ਨਾਲ ਵਾਰਾਣਸੀ ਨਗਰੀ ਦੇ ਚੋਕਾਂ ਬਜਾਰਾਂ ਵਿੱਚੋਂ ਹੁੰਦੀ ਹੋਈ, ਸਾਧਵੀਆਂ ਦੇ ਉਪਾਸ਼ਰੇ ਵਿੱਚ ਪਾਲਕੀ ਤੋਂ ਬਾਹਰ ਆਈ। ॥9॥

ਪਾਲਕੀ ਤੋਂ ਉਤਰ ਕੇ ਫਿਰ ਉਸ ਭੱਦਰ ਸਾਰਥਵਾਹ ਨੇ ਸੁਭੱਦਰਾ ਸਾਰਥਵਾਹੀ ਨੂੰ ਅੱਗੇ ਕਰਕੇ ਸੁਵਰਤਾ ਸਾਧਵੀ ਨੂੰ ਬੰਦਨ ਨਮਸਕਾਰ ਕੀਤਾ। ਫਿਰ ਇਸ ਪ੍ਰਕਾਰ ਕਿਹਾ, "ਹੇ ਦੇਵਾਨੂਪ੍ਰਿਆ! ਇਹ ਮੇਰੀ ਪਤਨੀ ਸੁਭੱਦਰਾ ਮੇਰੀ ਬਹੁਤ ਹੀ ਪਿਆਰੀ ਸੁੰਦਰ ਇਸਤਰੀ ਹੈ। ਇਸ ਨੂੰ ਵਾਤ, ਪਿਤ, ਕਫ ਆਦਿ ਰੋਗ ਅਤੇ ਠੰਡਾ ਗਰਮ ਆਦਿ ਦਾ ਦੁੱਖ ਛੋਹ ਨਾ ਸਕੇ। ਮੈਂ ਅਜਿਹਾ ਯਤਨ ਹਮੇਸ਼ਾ ਕਰਦਾ ਆਇਆ ਹਾਂ ਸੋ ਇਹ ਸਾਰਥਵਾਹੀ ਜਨਮ ਮਰਨ ਦੇ ਚੱਕਰ ਤੋਂ ਡਰ ਕੇ ਆਪ ਕੋਲ ਮੁੰਡਿਤ (ਸਾਧਵੀ) ਹੋਣਾ ਚਾਹੁੰਦੀ ਹੈ। ਮੈਂ ਆਪ ਨੂੰ ਚੈਲੀ ਦੀ ਭਿੱਖਿਆ ਦੇ ਰਿਹਾ ਹਾਂ। ਆਪ ਇਸ ਭਿੱਖਿਆ ਨੂੰ ਸਵਿਕਾਰ ਕਰੋ"।

ਭੱਦਰ ਸਾਰਥਵਾਹ ਦੇ ਇਸ ਪ੍ਰਕਾਰ ਦੇ ਆਖਣ ਦੇ ਸੁਵਰਤਾ ਸਾਧਵੀ ਨੇ ਕਿਹਾ, "ਹੇ ਦੇਵਾਨੂਪ੍ਰਿਆ! ਜਿਵੇਂ ਤੇਰੀ ਆਤਮਾ ਨੂੰ ਸੁੱਖ ਹੈ। ਉਸ ਪ੍ਰਕਾਰ ਕਰੋ ਪਰ ਸ਼ੁਭ ਕੰਮ ਵਿੱਚ ਪ੍ਰਮਾਦ (ਆਲਸ ਜਾਂ ਅਣਗਿਹਲੀ) ਨਾ ਕਰੋ" ॥10॥

ਇਸ ਤੋਂ ਬਾਅਦ ਸ਼ੁਵਰਤਾ ਸਾਧਵੀ ਦੇ ਇਹ ਆਖਣ ਤੇ ਸੁਭੱਦਰਾ ਸਾਰਥਵਾਹੀ ਨੇ ਸਾਰੇ ਗਹਿਣੇ ਉਤਾਰ ਦਿੱਤੇ। ਅਪਣੇ ਹੱਥ ਨਾਲ ਪੰਜ ਮੁਠੀ ਲੋਚ (ਮੁੰਡਨ) ਕੀਤੀ। ਫਿਰ ਆਪਣੀ ਗੁਰਨੀ ਸੁਵਰਤਾ ਸਾਧਵੀ ਦੀ ਤਿੰਨ ਵਾਰ ਪ੍ਰਤਿਖਿਨਾ ਕਰਕੇ ਬੰਦਨਾ ਕਰਦੀ ਹੈ ਅਤੇ ਇਸ ਪ੍ਰਕਾਰ ਆਖਦੀ ਹੈ, "ਸੰਸਾਰ ਲੋਕਾਂ ਦੀ ਅੱਗ ਵਿੱਚ ਜਲ ਰਿਹਾ ਹੈ (ਜਿਵੇਂ ਦੇਵਾਨੰਦਾ ਬ੍ਰਾਹਮਣੀ) ਨੇ ਆਖਿਆ (ਭਗਵਤੀ ਸੂਤਰ) ਸੀ। ਇਸ ਲਈ ਮੈਂ ਆਪ ਕੋਲ ਦਿੱਖਿਆ ਗ੍ਰਹਿਣ ਕਰਦੀ ਹਾਂ। ਪੰਜ ਸਮਿਤੀ, ਤਿੰਨ ਗੁਪਤੀ ਨੂੰ ਇੰਦਰੀ ਨੂੰ ਕਾਬੂ ਕਰਕੇ ਉਹ ਗੁਪਤ ਬ੍ਰਹਮਚਾਰਨੀ ਬਣ ਗਈ। ॥11॥

ਉਸ ਤੋਂ ਬਾਅਦ ਉਹ ਸੁਭੱਦਰਾ ਆਪਣੀ ਇਕ ਸਮੇਂ ਗ੍ਰਹਿਸਥਾਂ ਲਈ ਬੱਚਿਆ ਨਾਲ ਪ੍ਰੇਮ ਕਰਨ ਲਗੀ। ਪ੍ਰੇਮ (ਮਮਤਾ) ਵੱਸ ਉਹ ਬੱਚਿਆਂ ਦੇ ਤੇਲ, ਵਟਨਾ, ਪੀਣ ਲਈ ਪ੍ਰਾਸ਼ੁਕ ਜਲ (ਕੱਚਾ ਪਾਣੀ), ਮੇਹੰਦੀ, ਕੜੇ, ਕਜਲ, ਚੰਦਨ, ਸੁਗੰਧਤ ਦਰਵ, ਖਿਲੋਨੇ, ਖਾਣ ਵਾਲੀਆਂ ਮਿਠਾਇਆਂ ਇੱਕਠੀਆਂ ਕਰਨ ਲੱਗੀ। ਉਹ ਸੁਭੱਦਰਾ ਗ੍ਰਹਿਸਥੀ ਦੇ ਕੁਮਾਰ, ਕੁਮਾਰੀਆਂ, ਬੱਚੇ, ਬੱਚੀਆਂ ਵਿੱਚੋਂ ਕਿਸੇ ਦੇ ਤੇਲ ਮਾਲਿਸ ਕਰਦੀ ਕਿਸੇ ਦੇ ਵਟਨਾ ਮਲਦੀ, ਕਿਸੇ ਨੂੰ ਪ੍ਰਾਸ਼ਕ ਪਾਣੀ ਨਾਲ ਨਹਲਾਉਂਦੀ, ਸੁਰਮਾ ਲਗਾਉਂਦੀ, ਮੱਥੇ ਤੇ ਬਾਣ ਦੀ ਤਰ੍ਹਾਂ ਕੇਸਰ ਦਾ ਤਿਲਕ ਕਰਦੀ। ਬੱਚਿਆਂ ਨੂੰ ਝੂਲਾ ਝੂਲਾਉਂਦੀ। ਬੱਚਿਆਂ ਨੂੰ ਕਤਾਰ ਵਿੱਚ ਖੜ੍ਹਾ ਕੇ ਸਾਰੀਆਂ ਦੇ ਚੰਦਨ ਦਾ ਤਿਲਕ ਲਗਾਉਂਦੀ। ਕਿਸੇ ਬੱਚੇ ਦੇ ਸ਼ਰੀਰ ਨੂੰ ਸੁਗੰਧਿਤ ਵਟਨੇ ਨਾਲ ਸ਼ਿੰਗਾਰਦੀ ਕਿਸੇ ਨੂੰ ਖਿਲੋਣੇ ਦਿੰਦੀ। ਕਿਸੇ ਨੂੰ ਮਿਠਾਈ ਦੁੱਧ ਦਿੰਦੀ, ਕਿਸੇ ਲਈ ਕਾਗਜ ਦੇ ਫੁੱਲਾਂ ਦੀ ਮਾਲਾ ਤਿਆਰ ਕਰਦੀ ਹੈ।

ਕਿਸੇ ਬੱਚੇ ਨੂੰ ਅਪਣੇ ਪੈਰਾਂ ਤੇ, ਪੱਟ ਤੇ ਪੀਠ ਤੇ ਲਗਾਉਂਦੀ। ਕਿਸੇ ਨੂੰ ਛਾਤੀ ਨਾਲ ਵੀ ਲਗਾਉਂਦੀ। ਕਿਸੇ ਨੂੰ ਮੋਡੇ ਤੇ ਕਿਸੇ ਨੂੰ ਸਿਰ ਤੇ ਰੱਖਦੀ ਕਿਸੇ ਦੇ ਹੱਥ ਨੂੰ ਫੜ ਕੇ ਹੋਲੀ ਜਾਂ ਉੱਚੀ ਆਵਾਜ ਵਿੱਚ ਗਾਉਂਦੀ। ਪੁੱਤਰ, ਪੁੱਤਰੀ, ਪੋਤੇ, ਦੋਹਤੇ, ਪੋਤੀ, ਦੋਹਤੀ ਦੀ ਇੱਛਾ ਪੂਰੀ ਕਰਦੀ ਉਹ ਸੁਭੱਦਰਾ ਇਹ ਕੰਮ ਕਰਦੀ ਸੀ। ॥12॥

ਸੁਭੱਦਰਾ ਸਾਧਵੀ ਦੇ ਅਜਿਹੇ ਸਾਧੂ ਪ੍ਰੰਪਰਾ ਰਹਿਤ ਆਚਰਨ ਨੂੰ ਵੇਖ ਕੇ ਸੁਵਰਤਾ ਗੁਰਨੀ ਸਾਧਵੀ ਬੋਲੀ, "ਹੇ ਦੇਵਾਨੂਪ੍ਰਿਆ! ਅਸੀਂ ਸੰਸਾਰਕ ਵਿਸ਼ੇਆਂ ਤੋਂ ਰਹਿਤ, ਈਰੀਆ, ਸਮਿਤੀ ਯੁੱਕਤ ਗੁਪਤ ਬ੍ਰਹਮਚਾਰਨੀ ਹਾਂ। ਸਾਨੂੰ ਅਜਿਹੇ ਕੰਮ ਕਰਨੇ ਸ਼ੋਭਾ ਨਹੀਂ ਦਿੰਦੇ। ਤੂੰ ਆਪਣੇ ਕੰਮ ਦਾ ਵਿਚਾਰ ਕਰੋ। ਪਾਪ ਦੀ ਸ਼ੁਧੀ ਲਈ ਅਲੋਚਨਾ ਤੇ ਪ੍ਰਾਸ਼ਚਿਤ ਕਰੋ"

ਸੁਭੱਦਰਾ ਸਾਰਥਵਾਹੀ ਨੇ ਗੁਰਨੀ ਦੀ ਆਗਿਆ ਵੱਲ ਕੋਈ ਧਿਆਨ ਨਾ ਦਿੱਤਾ। ਸਗੋਂ ਪਹਿਲਾਂ ਵਾਲੇ ਗ੍ਰਹਿਸਥੀ ਕੰਮਾਂ ਵਿੱਚ ਉਲਝੀ ਰਹੀ। ॥13॥

ਫਿਰ ਸੁਵਰਤਾ ਸਾਧਵੀ ਨੇ ਇਹਨਾਂ ਵਿਧੀਆਂ ਨਾਲ ਸਮਝਾਇਆ:

1. ਹੀਲਨਾ (ਚੰਗੇ ਕੁਲ ਦਾ ਹੋ ਉੱਤਮ ਸੰਜਮ ਤੇਰੇ ਕੋਲ ਹੈ ਫਿਰ ਤੁੱਛ ਕੰਮ ਕਿਉਂ ਕਰਦੀ ਹੈਂ)
2. ਨਿੰਦਨਾ (ਬੁਰੇ ਸ਼ਬਦਾਂ ਰਾਹੀਂ ਦੋਸ਼ ਪ੍ਰਗਟ ਕਰਨਾ)
3. ਖਿਸਨਾ (ਮੂੰਹ, ਹੱਥ, ਵਿਗਾੜ ਕੇ ਅਪਮਾਨ ਕਰਨਾ)
4. ਗ੍ਰਹਿਣਾ (ਗੁਰੂ ਜਨਾਂ ਕੋਲ ਉਸਦੇ ਦੋਸ਼ ਪ੍ਰਗਟ ਕਰਨਾ)

ਉਸ ਤੋਂ ਬਾਅਦ ਉਸ ਸੁਵਰਤਾ ਸਾਧਵੀ ਦੇ ਵਾਰ ਵਾਰ ਇਸ ਪ੍ਰਕਾਰ ਵਿਵਹਾਰ ਕਰਨ ਤੇ ਵੀ ਸਾਧਵੀ ਸੁਭੱਦਰਾ ਨੇ ਇਹ ਵਰਤਾਓ ਨਾ ਛੱਡਿਆ। ਸੁਭੱਦਰਾ ਸਾਧਵੀ ਦੇ ਮਨ ਵਿੱਚ ਵਿਚਾਰ ਉਤਪੰਨ ਹੋਇਆ ਕਿ ਜਦੋਂ ਮੈਂ ਆਪਣੇ ਘਰ ਵਿੱਚ ਸੀ ਤਾਂ ਅਜਾਦ ਸੀ। ਜਦ ਤੋਂ ਮੈਂ ਸਿਰ ਮੁਨਾ ਕੇ ਸਾਧਵੀ ਬਣੀ ਹਾਂ ਮੈਂ ਗੁਲਾਮ ਬਣ ਗਈ ਹਾਂ। ਇਹ ਸ਼੍ਰਮਣੀਆਂ ਨਿਰਗ੍ਰੰਥਣੀਆਂ ਮੇਰਾ ਆਦਰ ਕਰਦੀਆਂ ਸਨ। ਪਿਆਰ ਦਾ ਵਰਤਾਉ ਕਰਦੀਆਂ ਸਨ। ਪਰ ਹੁਣ ਨਾ ਪਿਆਰ ਕਰਦੀਆਂ ਹਨ ਨਾ ਹੀ ਆਦਰ। ਮੇਰੀ ਹਮੇਸ਼ਾ ਨਿੰਦਿਆ ਹੀ ਕਰਦੀਆਂ ਹਨ। ਸੋ ਮੇਰੇ ਲਈ ਇਹੋ ਉਚਿਤ ਹੈ ਕਿ ਮੈਂ ਸਵੇਰੇ ਇਨ੍ਹਾਂ ਸੁਵਰਤਾ ਗੁਰਨੀ ਨੂੰ ਛੱਡ ਕੇ ਅਲੱਗ ਉਪਾਸਰੇ ਵਿੱਚ ਜਾ ਕੇ ਰਹਾਂ।

ਇਹ ਵਿਚਾਰ ਕੇ ਸੁਵਰਤਾ ਸਾਧਵੀ ਨੂੰ ਛੱਡ ਕੇ ਸੁਭੱਦਰਾ ਇੱਕਲੀ ਰਹਿਣ ਲੱਗੀ। ਉੱਥੇ ਉਸ ਨੂੰ ਗੁਰਨੀ ਦੀ ਕੋਈ ਰੁਕਾਵਟ ਨਹੀਂ ਸੀ। ਇਹ ਫਿਰ ਬੱਚਿਆਂ ਨਾਲ ਪਹਿਲਾਂ ਦੀ ਤਰ੍ਹਾਂ ਵਿਵਹਾਰ ਕਰਨ ਲੱਗੀ। ॥14॥

ਉਸ ਤੋਂ ਬਾਅਦ ਸੁੱਭਦਰਾ, ਆਰਿਆ ਪਾਰਸ਼ਨਾਥ ਸਾਧੂ ਦੇ ਗੁਣਾ ਤੋਂ ਦੂਰ ਹੋ ਕੇ, ਸਮਾਚਾਰੀ ਤੋੜ ਕੇ ਘੁੰਮਣ ਲੱਗੀ। ਉੱਤਰ ਗੁਣ ਵਿੱਚ ਦੋਸ਼ ਲਗਾਉਣ ਕਾਰਨ। ਸੰਜਵਲਨਕਸ਼ਾਏ ਪ੍ਰਗਟ ਹੋਣ ਕਾਰਨ ਗ੍ਰਹਿਸੱਥਾਂ ਦੇ ਬੰਧਨਾ ਵਿੱਚ ਫੰਸ ਗਈ। ਕਲਪਨਾ ਵਾਲਾ ਰਾਹ ਅਪਨਾ ਕੇ ਸਾਧੂ ਸਮਾਚਾਰੀ ਦੀ ਉਲੰਘਨਾ ਕਰਨ ਲੱਗੀ।

ਲੰਬਾ ਸਮਾਂ ਸਾਧਵੀ ਧਰਮ ਪਾਲਣ ਕੀਤਾ। ਫਿਰ 15 ਦਿਨ ਦਾ ਸਮਾਧੀ ਮਰਨ ਗ੍ਰਹਿਣ ਕੀਤਾ। ਆਤਮਾ ਨੂੰ 30 ਵੈਲ਼ੇ ਵਰਤਾਂ ਰਾਹੀਂ ਪਾਪਾਂ ਦੇ ਸਥਾਨਾਂ ਦੀ ਅੰਤ ਸਮੇ ਆਲੋਚਨਾ ਨਾ ਕੀਤੀ।ਪਰ ਪ੍ਰਤੀਕ੍ਰਮਣ ਨਾ ਕਰਨ ਕਾਰਨ ਅਤੇ ਸਮੇਂ ਸੋਧਰਮ ਕਲਪ ਦੇ ਬਹੁਪੁੱਤਰੀਕਾ ਵਿਮਾਨ ਦੀ ਉਪਾਪਾਤ ਸਭਾ ਵਿੱਚ ਦੇਵ ਦੁਸ਼ਯ ਰਾਹੀਂ ਢੱਕੀ ਦੇਵ ਸ਼ੈਯਾ ਵਿੱਚ ਉਤਪੰਨ ਹੋਈ। ਇਸ ਦਾ ਆਕਾਰ ਜਘੰਨਯ ਅੰਗੁਲ ਦੇ ਅਸੰਖਿਆਂਤਵਾ ਭਾਗ ਹੈ। ਇਹ ਬਹੁਪੁੱਤਰੀਕਾ ਦੇਵੀ ਪੈਦਾ ਹੋਈ। ਫਿਰ ਉਹ ਬਹੁਪੁੱਤਰੀਕਾ ਦੇਵੀ ਭਾਸ਼ਾ ਪਰਿਆਪਤੀ ਆਦਿ 5 ਪਰਿਆਪਤੀਆਂ ਪ੍ਰਾਪਤ ਕਰਕੇ ਸੱਤ ਹੱਥ ਆਕਾਰ ਵਾਲੀ ਦੇਵੀ ਬਣੀ। ॥15॥

ਹੇ ਗੋਤਮ! ਭਹੁਪੁੱਤਰੀਕਾ ਦੇਵੀ ਆਪਣੇ ਦਿਵ ਰਿੱਧੀ ਨਾਲ ਭਰਪੂਰ ਹੈ।

ਗਨਧਰ ਗੋਤਮ, “ਹੇ ਭਗਵਾਨ! ਕਿਸ ਕਾਰਨ ਇਸ ਦਾ ਨਾਂ ਬਹੁਪੁੱਤਰੀਕਾ ਹੋਇਆ” ਭਗਵਾਨ, “ਹੇ ਗੋਤਮ! ਭਹੁਪੁੱਤਰੀਕਾ ਦੇਵੀ ਜਦ ਜਦ ਦੇਵ ਰਾਜ ਇੰਦਰ ਕੋਲ ਜਾਂਦੀ ਹੈ। ਤੱਦ ਤੱਦ ਉਹ ਬਹੁਤ ਸਾਰੇ ਲੜਕੇ ਲੜਕੀਆਂ ਦੀ ਰਚਨਾ (ਵਿਕੁਰਵਨਾ) ਕਰਦੀ ਹੈ। ਵਿਕੁਰਵਨਾ ਕਰਕੇ ਦੇਵ ਰਾਜ ਇੰਦਰ ਕੋਲ ਆਉਂਦੀ ਹੈ। ਇੰਦਰ ਨੂੰ ਅਪਣੇ ਰਿੱਧੀ, ਦਿਵਜਯੋਤੀ ਤੇਜ ਵਿਖਾਉਂਦੀ ਹੈ। ਹੇ ਗੋਤਮ! ਇਸ ਲਈ ਇਸ ਨੂੰ ਬਹੁਪੁੱਤਰਿਕਾ ਦੇਵੀ ਆਖਦੇ ਹਨ” ॥16॥

ਹੇ ਭਗਵਾਨ! ਬਹੁਪੁੱਤਰੀਕਾ ਦੀ ਸਥਿਤੀ (ਉਮਰ) ਕਿੰਨੇ ਸਾਲ ਹੈ?

ਹੇ ਗੋਤਮ! ਬਹੁਪੁੱਤਰੀਕਾ ਦੀ ਸਵਰਗ ਵਿੱਚ ਸਥਿਤੀ ਚਾਰ ਪਲਯੋਪਮ ਹੈ। ਹੇ ਭਗਵਾਨ! ਇਹ ਬਹੁਪੁੱਤਰੀਕਾ ਉਮਰ ਪੂਰੀ ਕਰਕੇ, ਦੇਵ ਗਤੀ ਪੂਰੀ ਕਰਕੇ, ਸਥਿਤੀ ਦਾ ਖਾਤਮਾ ਕਰਕੇ ਦੇਵ ਲੋਕ ਤੋਂ ਚੱਲ ਕੇ ਫਿਰ ਕਿੱਥੇ ਉਤਪੰਨ ਹੋਵੇਗੀ? ਹੇ ਗੋਤਮ! ਇਹ ਬਹੁਪੁੱਤਰਿਕਾ ਦੇਵੀ ਜੰਬੂ ਦੀਪ ਨਾਂ ਦੇ ਦੀਪ ਅੰਦਰ ਵਿੰਧਯ ਪਰਵਤ ਦੇ ਵਿਭਿਲ ਸਨਿਵੇਸ਼ ਵਿੱਚ ਬ੍ਰਾਹਮਣ ਕਨਿਆ ਬਣੇਗੀ। ਮਾਂ ਪਿਉ ਗਿਆਰਾਂ ਦਿਨ ਉਤਪੰਨ ਹੋਣ ਤੋਂ ਬਾਅਦ ਇਸ ਦਾ ਨਾਂ ਸੋਮਾ ਰੱਖਨਗੇ। ਬਚਪਨ ਪਾਰ ਕਰਕੇ ਉਹ ਜਵਾਨੀ ਅੰਦਰ ਇਹ ਲੜਕੀ ਬਹੁਤ ਹੀ ਖੂਬਸ਼ੁਰਤ ਰੂਪ ਦੀ ਮਾਲਕ ਹੋਵੇਗੀ।

ਉਸ ਤੋਂ ਬਾਅਦ ਮਾਂ ਪਿਉ ਉਸ ਨੂੰ ਭੋਗ ਭੋਗਣ ਦੇ ਯੋਗ ਸਮਝ ਕੇ ਇਸ ਦਾ ਵਿਆਹ ਕਰ ਦੇਣਗੇ। ਮਾਂ ਪਿਉ ਯੋਗ ਵਸਤਾਂ ਦੇ ਕੇ ਮਿੱਠੇ ਬਚਨ ਬੋਲ ਕੇ ਰਾਸ਼ਟਰ ਕੂਟ ਨਾਂ ਦੇ ਭਾਣਜੇ ਨਾਲ ਸੋਮਾ ਦੀ ਸ਼ਾਦੀ ਕਰ ਦੇਣਗੇ।

ਇਹ ਸੋਮਾ ਇਸ਼ਟ ਕਾਂਤਾ ਤੇ ਬੱਲਭ ਹੋਵੇਗੀ, ਸੋਮਾ ਦਾ ਪਤੀ ਸੋਮਾ ਦੀ ਗਹਿਣੀਆਂ ਦੀ ਤਰ੍ਹਾਂ, ਤੇਲ ਦੇ ਵਰਤਨ ਦੀ ਤਰ੍ਹਾਂ, ਰੱਖਿਆ ਕਰਕੇ, ਕਪੜੇ ਦੀ ਪੇਟੀ ਦੀ ਤਰ੍ਹਾਂ ਉਸ ਦੀ ਦੇਖਭਾਲ ਕਰੇਗਾ। ਇੰਦਰ ਨੀਲ ਮਣੀ ਆਦਿ ਰਤਨ ਕਰਨ ਤਕ ਦੀ ਤਰ੍ਹਾਂ ਪ੍ਰਾਣ ਤੋਂ ਵੱਧ ਮਹੱਤਵ ਦੇਵੇਗਾ ਉਸ (ਸੋਮਾ) ਦੀ ਵਾਤ ਪਿਤ ਆਦਿ ਰੋਗ ਉਸ ਨੂੰ ਛੋਹ ਨਾ ਸਕੇ ਭਾਵ ਲਾਲ ਰਖਿਆ ਕਰਦਾ ਉਸ ਦੀ ਚਿੰਤਾ ਕਰੇਗਾ।॥17॥

ਉਸ ਤੋਂ ਬਾਅਦ ਸੋਮਾ ਪਤਨੀ ਰਾਸ਼ਟ ਕੂਟ ਦੇ ਨਾਲ ਵਿਸ਼ਾਲ ਭੋਗ ਭੋਗਦੀ ਹਰ ਸਾਲ ਇਕ ਜੋੜਾ ਬੱਚਾ ਉਤਪੰਨ ਕਰੇਗੀ। ਉਹ 16 ਸਾਲ ਵਿੱਚ 32 ਬੱਚੇ ਪੈਦਾ ਕਰੇਗੀ।

ਉਹ ਸੋਮਾ ਬ੍ਰਾਹਮਣੀ ਜਿਆਦਾ ਬੱਚਿਆਂ ਤੋਂ ਤੰਗ ਆ ਜਾਵੇਗੀ। ਇਸ ਉਮਰ ਦੇ ਇੱਕ ਇੱਕ ਸਾਲ ਦੇ ਫਰਕ ਵਾਲੇ ਬੱਚੇ ਸੋਮਾ ਦੀ ਦੁਰਦਸ਼ਾ ਕਰ ਦੇਣਗੇ। ਕੋਈ ਉਸ

ਦੇ ਉਪਰ ਛਾਤੀ ਨਾਲ ਲੱਗ ਕੇ ਸੋਏਗਾ, ਕੋਈ ਵਿਹੜੇ ਵਿੱਚ ਘੁਮੇਗਾ, ਕੋਈ ਬੱਚਾ ਉਤਸ਼ਾਹ ਵਾਲਾ ਹੋਵੇਗਾ, ਕੋਈ ਗਿਰੇਗਾ, ਕੋਈ ਛਾਤੀ ਦਾ ਦੁੱਧ ਮੰਗੇਗਾ, ਕੋਈ ਖਾਣਾ ਮੰਗੇਗਾ, ਕੋਈ ਬਾਲ ਹੱਠ ਕਰੇਗਾ, ਕੋਈ ਪਾਣੀ ਮੰਗੇਗਾ, ਕੋਈ ਰੁਸੇਗਾ, ਕੋਈ ਕਰੋਧ ਕਰੇਗਾ, ਕੋਈ ਬੱਚਾ ਅਪਣੀ ਅਪਣੀ ਚੀਜ਼ ਲਈ ਲੜੇਗਾ, ਕੋਈ ਛੋਟਾ ਬੜੇ ਤੋਂ ਮਾਰ ਖਾਵੇਗਾ, ਕੋਈ ਬੱਚਾ ਬਕਵਾਸ ਕਰੇਗਾ, ਕੋਈ ਸ਼ੋਰ ਸ਼ਰਾਬਾ ਕਰੇਗਾ, ਕੋਈ ਇੱਕ ਦੁਸਰੇ ਦੇ ਪਿੱਛੇ ਭੱਜੇਗਾ, ਕੋਈ ਰੋਏਗਾ, ਕੁਰਲਾਏਗਾ, ਕੋਈ ਸੋਂਦਾ ਰਹੇਗਾ, ਕੋਈ ਕਪੜੇ ਫੜ ਕੇ ਲਟਕੇਗਾ, ਕੋਈ ਅੱਗ ਨਾਲ ਜਲ ਜਾਵੇਗਾ, ਕੋਈ ਦੰਦੀਆ ਵਡੇਗਾ, ਕੋਈ ਉਲਟੀਆਂ ਕਰੇਗਾ।

ਇਸ ਪ੍ਰਕਾਰ ਬੱਚਿਆਂ ਦਾ ਟੱਟੀ ਪਿਸ਼ਾਬ ਸਾਫ ਕਰਦੀ ਹੋਈ ਡਰੀ ਹੋਈ, ਦੁਰਗੰਧ ਵਾਲੀ ਸੋਮਾ ਅਪਣੇ ਪਤੀ ਰਾਸ਼ਟਰ ਕੁਟ ਨਾਲ ਭੋਗ ਭੋਗਣ ਤੋਂ ਅਸਮਰਥ ਹੋ ਜਾਵੇਗੀ। ॥18॥

(ਇਸ ਤੋਂ ਬਾਅਦ ਸਾਰਾ ਵਰਤਾਂਤ ਬਹੁਪੁੱਤਰੀਕਾ ਦੀ ਦੀਖਿਆ ਤੋਂ ਪਹਿਲਾਂ ਵਾਲਾ ਹੀ ਹੈ। ਫਰਕ ਇਨ੍ਹਾਂ ਹੈ ਕਿ ਇੱਥੇ ਉਹ ਉਨ੍ਹਾਂ ਮਾਤਾਵਾਂ ਨੂੰ ਧਨ ਮੰਨਦੀ ਹੈ ਜੋ ਵਾਂਝ ਹਨ। ਪਹਿਲਾਂ ਉਹ ਉਹਨਾਂ ਮਾਤਾਵਾਂ ਨੂੰ ਧਨ ਮੰਨਦੀ ਸੀ ਜੋ ਪੁੱਤਰਾਂ ਵਾਲੀਆਂ ਸਨ। ਦੁਸਰਾ ਫਰਕ ਇਹ ਹੈ ਕਿ ਸੋਮਾ ਬ੍ਰਾਹਮਣੀ ਉਸੇ ਪ੍ਰਕਾਰ ਉਪਦੇਸ਼ ਸੁਣੇਗੀ। ਬਾਕੀ ਦਾ ਪਾਠ ਬਹੁਪੁੱਤਰੀਕਾ ਦੇ ਸ਼ੁਰੂ ਵਿੱਚ ਆ ਚੁਕਾ ਹੈ ਉਸੇ ਤਰ੍ਹਾਂ ਇਹਨਾਂ ਪਾਠਾਂ ਦਾ ਅਰਥ ਸਮਝਨਾ ਚਾਹਿਦਾ ਹੈ) ॥19-20॥

ਉਸ ਤੋਂ ਬਾਅਦ ਸੁਵਰਤਾ ਸਾਧਵੀ ਧਰਮ ਪ੍ਰਚਾਰ ਕਰਦੀ ਵਿਭਿਲ ਸ਼ਨਿਵੇਸ਼ ਆਵੇਗੀ। ਜਗ੍ਹਾ ਦੀ ਆਗਿਆ ਲੈ ਕੇ ਤੱਪ ਸੰਜਮ ਨਾਲ ਆਤਮਾ ਨੂੰ ਸ਼ੁਧ ਕਰੇਗੀ।

ਉਸ ਤੋਂ ਬਾਅਦ ਸੋਮਾ ਬ੍ਰਾਹਮਣੀ ਉਸ ਸਾਧਵੀ ਦੇ ਆਉਣ ਦੀ ਖਬਰ ਤੋਂ ਖੁਸ਼ ਹੋਵੇਗੀ। ਇਸ਼ਨਾਨ ਕਰਕੇ ਹਾਰ ਸ਼ਿੰਗਾਰ ਕਰਕੇ ਬੰਦਨ ਨਮਸਕਾਰ ਲਈ ਜਾਵੇਗੀ। ਬੰਦਨ ਕਰਕੇ, ਧਰਮ ਸੁਣ ਕੇ ਉਹਨਾਂ ਸਾਧਵੀਆਂ ਨੂੰ ਕਹੇਗੀ, "ਹੇ ਦੇਵਾਨੂਪ੍ਰਿਆ! ਮੈਂ ਰਾਸ਼ਟਰ ਕੁਟ ਤੋਂ ਪੁੱਛ ਕੇ ਆਪ ਪਾਸ ਸਾਧਵੀ ਬਨਣਾ ਚਾਹੁੰਦੀ ਹਾਂ" ਉਹ ਸਾਧਵੀਆਂ ਆਖਣਗੀਆਂ ਜਿਸ ਤਰ੍ਹਾਂ ਤੇਰੀ ਆਤਮਾ ਨੂੰ ਸੁੱਖ ਹੈ, ਉਸ ਪ੍ਰਕਾਰ ਕਰੋ। ਸ਼ੁਭ ਕੰਮ ਵਿੱਚ ਆਲਸ ਨਹੀਂ ਵਰਤਨਾ ਚਾਹੀਦਾ। ॥21॥

ਫਿਰ ਸੋਮਾ ਸਾਧਵੀਆਂ ਨੂੰ ਨਮਸਕਾਰ ਕਰਕੇ ਆਪਣੇ ਪਤੀ ਰਾਸ਼ਟਰਕੁਟ ਕੋਲ ਆਵੇਗੀ ਅਤੇ ਆਖੇਗੀ, "ਹੇ ਦੇਵਾਨੂਪ੍ਰਿਆ! ਮੈਂ ਸਾਧਵੀਆਂ ਤੋਂ ਧਰਮ ਤੱਤਵ ਸੁਣੀਆ ਹੈ ਉਸੇ ਨੂੰ ਮੈਂ ਗ੍ਰਹਿਣ ਕਰਨਾ ਚਾਹੁੰਦੀ ਹਾਂ ਕਿਉਂਕਿ ਇਸ ਵਿੱਚ ਹੀ ਮੇਰੀ ਰੁਚੀ ਹੈ। ਇਸ ਲਈ ਮੈਂ ਤੁਹਾਡੀ ਇਜ਼ਾਜਤ ਨਾਲ ਸੁਵਰਤਾ ਸਾਧਵੀ ਪਾਸ ਸਾਧਵੀ ਬਨਣਾ ਚਾਹੁੰਦੀ ਹਾਂ"

ਇਹ ਸੁਣ ਕੇ ਰਾਸ਼ਟਰ ਕੁਟ ਕਹੇਗਾ ਕਿ, "ਹੇ ਦੇਵਾਨੂਪ੍ਰਿਆ! ਤੂੰ ਅਜੇ ਸੰਜਮ ਗ੍ਰਹਿਣ ਨਾ ਕਰੋ ਪਹਿਲਾਂ ਸੰਸਾਰ ਦੇ ਭੋਗ ਭੋਗ ਲਵੋਂ ਇਸ ਤੋਂ ਬਾਅਦ ਸਾਧਵੀ ਬਣ ਜਾਣਾ" ਲੰਬਾ ਸਮਝਾਉਣ ਤੋਂ ਬਾਅਦ ਉਹ ਮੰਨ ਜਾਵੇਗਾ ਅਤੇ ਆਖੇਗਾ, ਜਿਵੇਂ ਤੇਰੀ ਆਤਮਾ ਨੂੰ ਸੁੱਖ ਹੈ, ਕਰ ਸ਼ੁਭ ਕੰਮ ਵਿੱਚ ਪ੍ਰਮਾਦ (ਅਣਗਿਹਲੀ) ਠੀਕ ਨਹੀਂ" ॥22-24॥

ਉਸ ਤੋਂ ਬਾਅਦ ਉਹ ਰਾਸ਼ਟਰ ਕੁਟ ਵਿਪੁਲ ਅਸ਼ਨ, ਪਾਣ, ਖਾਦਯ, ਸਵਾਦਯ ਚਾਰ ਪ੍ਰਕਾਰ ਦੇ ਭੋਜਣ ਬਨ੍ਹਾ ਕੇ ਅਪਣੇ ਮਿੱਤਰਾਂ ਨੂੰ ਬੁਲਾਵੇਗਾ ਆਦਰ ਸਤਿਕਾਰ ਕਰੇਗਾ।

ਇਸ ਤਰ੍ਹਾਂ ਸੋਮਾ ਵੀ ਪਹਿਲਾਂ ਦੱਸੀ ਸੁਭੱਦਰਾ ਦੀ ਤਰ੍ਹਾਂ ਗੁਪਤ ਬ੍ਰਹਮਚਾਰਣੀ ਸਾਧਵੀ ਬਣੇਗੀ। ਉਹ ਉਸ ਸੁਵਰਤਾ ਸਾਧਵੀ ਤੋਂ ਸਮਾਇਕ ਆਦਿ 11 ਅੰਗਾਂ ਦਾ ਅਧਿਐਨ ਕਰੇਗੀ। ਫਿਰ 6, 8, 10, 12 ਆਦਿ ਵਰਤਾਂ ਦੇ ਤਪਾਂ ਨਾਲ ਮਹਿਨੇ ਦਾ ਸਮਾਧੀ ਮਰਨ ਸਥਾਰਾ ਕਰੇਗੀ। ਪਾਪਾਂ ਦੀ ਅਲੋਚਨਾ ਪ੍ਰਤਿਕ੍ਰਮਣ ਕਰਕੇ ਇੱਕ ਮਹੀਨੇ ਦੀ ਸ਼ੰਥਾਰਾ ਕਰਕੇ ਦੇਵਇੰਦਰ ਸ਼ਕਰ ਦੇ ਸੌਮ ਨਾਮਕ ਸਮਾਨਿਕ ਦੇਵ ਦੇ ਰੂਪ ਵਿੱਚ ਪੈਦਾ ਹੋਵੇਗੀ। ਉੱਥੇ ਦੇਵ ਦੀ ਸਥਿਤੀ (ਉਮਰ) 2 ਸਾਗਰੋਪਮ ਹੈ। ਉੱਥੇ ਸੋਮਾ ਵੀ ਦੋ ਸਾਗਰੋਪਮ ਵਾਲਾ ਦੇਵ ਬਣੇਗੀ।॥25॥

ਗੋਤਮ, "ਹੇ ਭਗਵਾਨ! ਇਹ ਸੋਮਾ ਨਾਂ ਦਾ ਦੇਵ ਸਥਿਤੀ, ਜਾਤੀ ਦਾ ਖਾਤਮਾ ਕਰਕੇ ਦੇਵ ਲੋਕ ਤੋਂ ਚਲ ਕੇ ਕਿੱਥੇ ਉਤਪੰਨ ਹੋਵੇਗਾ"

ਭਗਵਾਨ, "ਹੇ ਗੋਤਮ! ਮਹਾਂਵਿਦੇਹ ਖੇਤਰ ਵਿੱਚ ਉਤਪੰਨ ਹੋ ਕੇ ਸਾਰੇ ਦੁਖਾਂ ਦਾ ਖਾਤਮਾ ਕਰੇਗੀ ਅਤੇ ਸਿੱਧ ਬੁੱਧ ਤੋਂ ਮੁਕਤ ਹੋ ਕੇ ਮੋਕਸ਼ ਨੂੰ ਪ੍ਰਾਪਤ ਕਰੇਗੀ"

ਆਰੀਆ ਸੁਧਰਮਾ ਸਵਾਮੀ ਅਪਣੇ ਚੈਲੇ ਆਰੀਆ ਜੰਬੂ ਸਵਾਮੀ ਨੂੰ ਆਖਦੇ ਹਨ, "ਹੇ ਜੰਬੂ! ਇਸ ਪ੍ਰਕਾਰ ਭਗਵਾਨ ਮਹਾਵੀਰ ਨੇ ਪੁਸ਼ਪਿਤਾ ਨਾਂ ਦੇ ਤੀਸਰੇ ਉਪਾਂਗ ਦੇ ਚੋਥੇ ਅਧਿਐਨ ਦਾ ਵਰਨਣ ਕੀਤਾ।॥26॥

# ਪੰਜਵਾਂ ਅਧਿਐਨ

ਆਰਿਆ ਸੁਧਰਮਾ ਸੁਵਾਮੀ ਪੁੱਛਦੇ ਹਨ, “ਹੇ ਭਗਵਾਨ! ਜੇ ਮੋਕਸ਼ ਨੂੰ ਪ੍ਰਾਪਤ ਸ਼੍ਰਮਣ ਭਗਵਾਨ ਮਹਾਵੀਰ ਨੇ ਚੋਥੇ ਅਧਿਐਨ ਦਾ ਇਹ ਵਰਨਣ ਕੀਤਾ ਹੈ ਤਾਂ ਪੰਜਵੇਂ ਅਧਿਐਨ ਦਾ ਕੀ ਵਰਨਣ ਕੀਤਾ ਹੈ। ਆਰਿਆ ਸੁਧਰਮਾ ਬੋਲੇ, “ਹੇ ਜੰਬੂ! ਉਸ ਕਾਲ ਉਸ ਸਮੇਂ ਰਾਜਗ੍ਰਹਿ ਨਾਂ ਦਾ ਨਗਰ ਸੀ। ਗੁਣਸ਼ੀਲ ਨਾਂ ਦਾ ਚੇਤਯ ਸੀ, ਉਸ ਨਗਰ ਦਾ ਰਾਜਾ ਸ਼੍ਰੇਣਿਕ ਸੀ। ਉਸ ਕਾਲ, ਉਸ ਸਮੇਂ ਉਸ ਨਗਰ ਵਿੱਚ ਭਗਵਾਨ ਮਹਾਵੀਰ ਪਧਾਰੇ, ਭਗਵਾਨ ਦੇ ਦਰਸ਼ਨ ਲਈ ਧਰਮ ਪਰਿਸ਼ਧ ਨਿਕਲੀ। ॥1॥

ਉਸ ਕਾਲ, ਉਸ ਸਮੇਂ ਸੁਧਰਮ ਕਲਪ ਦੇ ਪੂਰਨਭੱਦਰ ਨਾਂ ਦਾ ਵਿਮਾਨ ਸੀ। ਉਹ ਦੇਵ ਸੁਧਰਮ ਸਭਾ ਅੰਦਰ ਪੂਰਨਭੱਦਰ ਸਿੰਘਾਸਨ ਦੇ ਉੱਪਰ 4 ਹਜ਼ਾਰ ਸਮਾਨਿਕ ਦੇਵਤਿਆਂ ਦੇ ਪਰਿਵਾਰ ਨਾਲ ਬੈਠਾ ਸੀ।

ਉਹ ਪੂਰਨਭੱਦਰ ਦੇਵਤਾ ਸੁਰਿਆਭ ਦੇਵ ਦੀ ਤਰ੍ਹਾਂ ਭਗਵਾਨ ਸਾਹਮਣੇ 32 ਪ੍ਰਕਾਰ ਦੇ ਨਾਟਕ ਵਿਖਾ ਕੇ, ਜਿਸ ਦਿਸ਼ਾ ਵੱਲੋਂ ਆਇਆ ਸੀ ਉਸ ਦਿਸ਼ਾ ਵੱਲ ਚੱਲਾ ਗਿਆ।

ਇੰਦਰ ਭੂਤੀ ਗੋਤਮ ਨੇ ਇਸ ਦੇਵਤੇ ਦੀ ਇਨ੍ਹਾਂ ਵਿਸ਼ਾਲ ਰਿੱਧੀ ਬਾਰੇ ਭਗਵਾਨ ਮਹਾਵੀਰ ਤੋਂ ਪੁੱਛਿਆ, ਭਗਵਾਨ ਮਹਾਵੀਰ ਨੇ ਪਹਿਲਾਂ ਦੀ ਤਰ੍ਹਾਂ ਹੀ ਉੱਤਰ ਦਿੱਤਾ।

ਫਿਰ ਭਗਵਾਨ ਮਹਾਵੀਰ ਤੋਂ ਇਸ ਦੇਵਤਾ ਦਾ ਪਿਛਲਾ ਜਨਮ ਪੁੱਛਿਆ, ਭਗਵਾਨ ਨੇ ਉੱਤਰ ਦਿੱਤਾ, “ਉਸ ਕਾਲ, ਉਸ ਸਮੇਂ ਜੰਬੂ ਦੀਪ ਦੇ ਭਰਤ ਖੇਤਰ ਵਿੱਚ ਮਣੀਪਾਦਿਕਾ ਨਾਂ ਦੀ ਨਗਰੀ ਸੀ। ਜੋ ਬੜੇ ਬੜੇ ਮਹਿਲਾਂ ਨਾਲ ਸਿੰਗਾਰੀ ਹੋਈ ਸੀ।

ਬਾਹਰੀ ਤੇ ਅੰਦਰਲੇ ਦੁਸ਼ਮਨਾਂ ਤੋਂ ਰਹਿਤ ਸੀ। ਧਨ ਅਨਾਜ ਨਾਲ ਭਰਪੂਰ ਸੀ। ਉੱਥੇ ਦਾ ਰਾਜਾ ਚੰਦਰ ਸੀ। ਉਸ ਦਾ ਤਾਰਾਕੀਰਣ ਨਾਂ ਦਾ ਚੇਤਯ ਸੀ। ਉੱਥੇ ਪੂਰਨਭੱਦਰ ਗਾਥਾਪਤਿ ਧਨ ਅਨਾਜ ਨਾਲ ਭਰਪੂਰ ਹੋ ਕੇ ਵਸਦਾ ਸੀ।

ਉਸ ਕਾਲ ਉਸ ਸਮੇਂ ਉੱਥੇ ਜਾਤੀ, ਕੁਲ, ਸਥਵਿਰ ਸੰਪੰਨ ਜੀਵਨ ਅਤੇ ਮੌਤ ਦੇ ਭੈ ਤੋਂ ਰਹਿਤ ਬਹੁਸ਼ਰੂਤ ਮੁਨੀ ਅਪਣੇ ਧਰਮ ਪਰਿਵਾਰ ਨਾਲ ਮਣੀਪਾਦਕਾ ਨਗਰੀ ਪਧਾਰੇ। ਲੋਕਾਂ ਦਾ ਇੱਕਠ ਦਰਸ਼ਨ ਕਰਨ ਆਇਆ ਪੂਰਨਭੱਦਰ ਵੀ ਇਹ ਖਬਰ ਸੁਣ ਕੇ ਬਹੁਤ ਖੁਸ਼ ਹੋਇਆ। ਫਿਰ ਈਰੀਆ ਸਮਿਤੀ ਵਾਲਾ, ਗੁਪਤ ਬ੍ਰਹਮਚਾਰੀ ਮੁਨੀ ਬਨ ਗਿਆ, ਸਮਾਇਕ ਆਦਿ 11 ਅੰਗਾ ਦਾ ਅਧਿਐਨ ਕਰਨ ਕਾਰਣ ਕਾਫੀ ਸਮਾਂ ਸਾਧੂ ਜੀਵਨ ਗੁਜਾਰਿਆ। ਫੇਰ ਸੰਲੇਖਨਾ ਰਾਹੀਂ 60 ਵੇਲੇ ਵਰਤਾਂ ਰਾਹੀਂ ਪਾਪ ਸਥਾਨਾਂ ਦੀ ਆਲੋਚਨਾ ਤੇ ਪ੍ਰਤਿਕ੍ਰਮਨ ਕਰਕੇ, ਸਮਾਧੀ ਮਰਨ ਰਾਹੀਂ, ਸੋਧਰਮ ਕਲਪ ਦੇ ਪੂਰਨਭੱਦਰ ਵਿਮਾਨ ਵਿੱਚ ਉਤਪੰਨ ਹੋ ਕੇ ਭਾਸ਼ਾ, ਮਨ ਪਰਿਗਿਆਪਤੀ ਵਾਲਾ ਦੇਵਤਾ ਬਣਿਆ।

ਗੋਤਮ, "ਹੇ ਭਗਵਾਨ! ਪੂਰਨਭੱਦਰ ਦੇਵ ਦੀ ਸਥਿਤੀ ਕਿੰਨੇ ਕਾਲ (ਸਮੇਂ) ਦੀ ਹੈ?"

ਭਗਵਾਨ ਮਹਾਵੀਰ, "ਹੇ ਗੋਤਮ! ਪੂਰਨਭੱਦਰ ਦੇਵ ਦੀ ਉਮਰ ਤੇ (ਦੇਵਲੋਕ ਵਿਚ) ਸਥਿਤੀ ਦੋ ਸਾਗਰੋਪਮ ਹੈ"

ਗੋਤਮ, "ਹੇ ਭਗਵਾਨ! ਇੱਥੋਂ (ਦੇਵਲੋਕ) ਚਲ ਕੇ ਪੂਰਨਭੱਦਰ ਦੇਵਤਾ ਕਿੱਥੇ ਪੈਦਾ ਹੋਵੇਗਾ?"

ਭਗਵਾਨ ਮਹਾਵੀਰ, “ਹੇ ਗੋਤਮ! ਇਹ ਪੂਰਨਭੱਦਰ ਦੇਵ ਮਹਾਵਿਦੇਹ ਖੇਤਰ ਵਿੱਚ ਉਤਪਨ ਹੋਕੇ ਸਿਧ ਬੁੱਧ ਮੁਕਤ ਹੋਵੇਗਾ। ਸਾਰੇ ਦੁੱਖ ਦਾ ਨਾਸ ਕਰਕੇ ਮੁਕਤੀ ਪ੍ਰਾਪਤ ਕਰੇਗਾ”

ਸ਼੍ਰੀ ਸੁਧਰਮਾ ਸਵਾਮੀ ਆਖਦੇ ਹਨ, “ਹੇ ਜੰਬੂ! ਮੋਕਸ਼ ਨੂੰ ਪ੍ਰਾਪਤ ਸ਼੍ਰਮਣ ਭਗਵਾਨ ਮਹਾਵੀਰ ਤੋਂ ਮੈਂ ਜਿਸ ਪ੍ਰਕਾਰ ਪੰਜਵਾ ਅਧਿਐਨ ਸੁਣਿਆ ਸੀ ਉਸ ਦਾ ਅਰਥ ਤੈਨੂੰ ਦੱਸ ਦਿੱਤਾ ਹੈ” ॥2॥

# ਛੇਵਾਂ ਅਧਿਐਨ

ਆਰੀਆ ਜੰਬੂ ਸਵਾਮੀ ਪੁੱਛਦੇ ਹਨ, "ਹੇ ਭਗਵਾਨ! ਮੋਕਸ਼ ਨੂੰ ਪ੍ਰਾਪਤ ਹੋਏ ਭਗਵਾਨ ਮਹਾਵੀਰ ਨੇ ਪੰਜਵੇਂ ਅਧਿਐਨ ਦਾ ਜੇ ਇਹ ਅਰਥ ਫਰਮਾਇਆ ਹੈ ਤਾਂ ਇਸ ਸੂਤਰ ਦੇ 6ਵੇਂ ਅਧਿਐਨ ਦਾ ਕੀ ਅਰਥ ਹੈ?"

ਭਗਵਾਨ ਮਹਾਵੀਰ ਆਖਦੇ ਹਨ, "ਉਸ ਕਾਲ ਉਸ ਸਮੇਂ ਰਾਜਗ੍ਰਹਿ ਨਾਂ ਦਾ ਨਗਰ ਸੀ। ਉੱਥੇ ਗੁਣਸ਼ੀਲ ਨਾਂ ਦਾ ਚੇਤਯ ਸੀ। ਉੱਥੇ ਸ਼੍ਰੇਣਿਕ ਰਾਜਾ ਰਾਜ ਕਰਦਾ ਸੀ।

ਉਸ ਕਾਲ ਉਸ ਸਮੇਂ ਉੱਥੇ ਸ਼੍ਰਮਣ ਭਗਵਾਨ ਮਹਾਵੀਰ ਪਧਾਰੇ। ਧਰਮ ਪਰਿਸ਼ਧ ਹੋਈ। ਉਸ ਕਾਲ ਉਸ ਸਮੇਂ ਮਣੀਭੱਦਰ ਨਾਂ ਦਾ ਦੇਵ ਮਣੀ ਭੱਦਰ ਸਿੰਘਾਸਨ ਤੇ ਚਾਰ ਹਜ਼ਾਰ ਸਮਾਨਿਕ ਦੇਵਤੀਆਂ ਨਾਲ ਬੈਠਾ ਸੀ। ਉਹ ਮਣੀਭੱਦਰ ਦੇਵ ਪੂਰਨ ਭੱਦਰ ਦੀ ਤਰ੍ਹਾਂ ਭਗਵਾਨ ਕੋਲ ਆਇਆ। ਨਾਟਕ ਵਿਖਾ ਕੇ ਚਲਾ ਗਿਆ ਗਨਧਰ ਗੋਤਮ ਨੇ ਮਣੀ ਭੱਦਰ ਦੀ ਦਿਵ ਰਿੱਧੀ ਬਾਰੇ ਪ੍ਰਸ਼ਨ ਕੀਤਾ ਤਾਂ ਭਗਵਾਨ ਮਹਾਵੀਰ ਨੇ ਕੁਟਾਗਾਰਸ਼ਾਲਾ ਦੇ ਦਰਿਸ਼ਾਂਤ ਨਾਲ ਸਮਝਾਇਆ। ਗਨਧਰ ਗੋਤਮ ਨੇ ਮਣੀ ਭੱਦਰ ਦੇ ਪਿਛਲੇ ਜਨਮ ਬਾਰੇ ਪੁੱਛਿਆ।

ਭਗਵਾਨ ਮਹਾਵੀਰ ਨੇ ਕਿਹਾ, "ਉਸ ਕਾਲ ਉਸ ਸਮੇਂ ਮਣੀ ਪਾਦਿਕਾ ਨਾਂ ਦੀ ਨਗਰੀ ਸੀ। ਉੱਥੇ ਮਣੀ ਭੱਦਰ ਨਾਂ ਦਾ ਗਾਥਾ ਪਤੀ ਰਹਿੰਦਾ ਸੀ। ਉਸਨੇ ਵੀ ਸਥਿਵਰ ਮੁਨੀਆਂ ਕੋਲ ਦੀਖਿਆ ਗ੍ਰਹਿਣ ਕਰਕੇ ਸਮਾਇਕ ਆਦਿ 11 ਅੰਗਾਂ ਦਾ ਅਧਿਐਨ ਕੀਤਾ। ਬਹੁਤ ਸਮੇਂ ਸਾਧੂ ਜੀਵਨ ਪਾਲ ਕੇ ਮਾਸਕ ਸੰਲੇਖਨਾ ਕੀਤਾ। 60 ਵੇਲੇ ਵਰਤਾਂ ਨਾਲ ਪਾਪ ਸਥਾਨ ਦੀ ਅਲੋਚਨਾ ਕੀਤੀ ਪ੍ਰਤੀਖਆਣ ਕਰਕੇ ਮਣੀਭੱਦਰ ਵਿਮਾਨ ਵਿੱਚ ਉਤਪੰਨ ਹੋਇਆ। ਇਸ ਦੀ ਸਥਿਤੀ ਦੋ ਸਾਗਰੋਪਮ ਹੈ। ਇਹ ਵੀ ਦੇਵ

ਲੋਕ ਤੋਂ ਚੱਲ ਕੇ ਮਹਾਵਿਦੇਹ ਖੇਤਰ ਵਿੱਚ ਪੈਦਾ ਹੋਵੇਗਾ। ਸਿੱਧ ਬੁੱਧ ਹੋ ਕੇ ਦੁੱਖਾਂ ਦਾ ਨਾਸ਼ ਕਰੇਗਾ। ਇਸ ਪ੍ਰਕਾਰ ਹੇ ਜੰਬੂ ਇਹ ਛੇਵੇਂ ਅਧਿਐਨ ਦਾ ਵਰਨਣ ਹੈ। ॥1॥

# 7 ਤੋਂ 10 ਤੱਕ ਅਧਿਐਨ

ਜਿਸ ਤਰ੍ਹਾਂ ਪੂਰਨ ਭੱਦਰ ਦਾ ਵਰਨਣ ਹੈ ਉਸੇ ਤਰ੍ਹਾਂ ਦੱਤ, ਸਿਵ, ਬਲ, ਅਣਆਦਿਤ ਇਹਨਾਂ ਸਾਰੇ ਦੇਵਤੀਆਂ ਦਾ ਵਰਨਣ ਪੂਰਨਭੱਦਰ ਦੀ ਤਰ੍ਹਾਂ ਹੀ ਸਮਝਣਾ ਚਾਹਿਦਾ ਹੈ। ਸਭ ਦੀ ਉਮਰ ਦੋ ਸਾਗਰੋਪਮ ਹੈ। ਵਿਮਾਨਾ ਦੇ ਨਾਂ ਵੀ ਉਹਨਾਂ ਦੇ ਨਾਂ ਤੇ ਹਨ। ਇਨ੍ਹਾ ਵਿਸ਼ੇਸ਼ ਹੈ ਕਿ ਪਿਛਲੇ ਜਨਮ ਵਿੱਚ ਦੱਤ, ਚੰਦਨ ਨਗਰੀ ਵਿੱਚ, ਸਿਵ ਮਿਥਲਾ ਵਿੱਚ, ਬਲ ਹਸਤੀਨਾਪੁਰ ਵਿੱਚ ਅਤੇ ਅਣਆਦਿਤ ਕਾਕੰਦੀ ਨਗਰੀ ਵਿੱਚ ਪੈਦਾ ਹੋਇਆ। ਇਹਨਾਂ ਬਗਿਚਿਆਂ ਦੇ ਨਾਂ ਸੰਗ੍ਰਹਿਣੀ ਗਾਥਾ ਅਨੁਸਾਰ ਜਾਣ ਲੈਣੇ ਚਾਹਿਦੇ ਹਨ। ॥1॥

# ਪੁਸ਼ਪਚੁਲਿਕਾ ਚੌਥਾ ਉਪਾਂਗ

ਇਸ ਪੁਸ਼ਪਚੁਲਿਕਾ ਨਾਮਕ ਉਪਾਂਗ ਵਿੱਚ ਦੇਵ ਲੋਕ ਦੀਆਂ ਦੇਵੀਆਂ ਦਾ ਵਰਨਣ ਹੈ। ਇਸ ਦੇ 10 ਅਧਿਐਨ ਹਨ, ਇਨ੍ਹਾਂ ਦੇਵੀਆਂ ਦਾ ਸੰਬਧ 23ਵੇਂ ਤੀਰਥੰਕਰ ਭਗਵਾਨ ਪਾਰਸ਼ਨਾਥ ਦੇ ਸਮੇਂ ਨਾਲ ਹੈ। ਉਸ ਜਮਾਨੇ ਦੀਆਂ ਸਾਧਵੀਆਂ ਨੇ ਅਜਿਹੇ ਕਿਹੜੇ ਸ਼ੁਭ ਕਰਮ ਕੀਤੇ ਸਨ, ਜਿਸ ਦੇ ਸਿੱਟੇ ਵਜੋਂ ਉਹਨਾਂ ਨੂੰ ਦੇਵ ਲੋਕ ਵਿੱਚ ਜਨਮ ਮਿਲੀਆਂ। ਜਿਸ ਦਾ ਇਸ ਵਿੱਚ ਵਿਸ਼ਥਾਰ ਨਾਲ ਵਰਨਣ ਕੀਤਾ ਗਿਆ ਹੈ। ਪਹਿਲੇ ਅਧਿਐਨ ਦੀ ਪਾਤਰ ਸ਼ੁਧਰਮ ਕਲਪ ਦੇਵੀ ਲੋਕ ਦੀ ਸ਼੍ਰੀਦੇਵੀ ਦਾ ਪਿਛਲਾ ਜਨਮ ਦੱਸਿਆ ਗਿਆ ਹੈ ਨਾਲ ਹੀ ਸਾਧੂ ਜੀਵਨ ਵਿੱਚ ਕੀਤੀ ਅਣਗਹਿਲੀ ਦਾ ਵਰਨਣ ਹੈ। ਇਸੇ ਅਣਗਹਿਲੀ ਦੇ ਸਿੱਟੇ ਵਜੋਂ ਇਹ ਸਾਰੀਆਂ ਦੇਵੀਆਂ ਮੋਕਸ਼ ਪ੍ਰਾਪਤ ਨਹੀਂ ਕਰ ਸਕੀਆਂ। ਇਸ ਵਰਗ ਤੋਂ ਸਾਨੂੰ ਸਿੱਖਿਆ ਮਿਲਦੀ ਹੈ ਕਿ ਸਾਨੂੰ ਸਾਧੂ ਜੀਵਨ ਅੰਗੀਕਾਰ ਕਰਕੇ ਕਦੀ ਵੀ ਅਣਗਹਿਲੀ ਨਹੀਂ ਕਰਨੀ ਚਾਹਿਦੀ।

## ਪਹਿਲਾ ਅਧਿਐਨ

ਆਰੀਆ ਜੰਬੂ ਸਵਾਮੀ ਅਪਣੇ ਗੁਰੂ ਸ਼੍ਰੀ ਸੁਧਰਮਾ ਸਵਾਮੀ ਤੋਂ ਪੁੱਛਦੇ ਹਨ, "ਹੇ ਭਗਵਾਨ! ਜੇ ਮੁਕਤੀ ਨੂੰ ਪ੍ਰਾਪਤ ਭਗਵਾਨ ਮਹਾਵੀਰ ਨੇ ਪੁਸਪਿਕਾ ਉਪਾਂਗਾ ਦਾ ਇਸ ਪ੍ਰਕਾਰ ਵਰਨਣ ਕੀਤਾ ਹੈ ਤਾਂ ਚੋਥੇ ਉਪਾਂਗ ਪੁਸ਼ਪਚੁਲਿਕਾ ਦਾ ਕਿ ਅਰਥ ਫਰਮਾਇਆ ਹੈ, ਇਹ ਦੱਸਣ ਦੀ ਕ੍ਰਿਪਾਲਤਾ ਕਰੋ?"

ਆਰੀਆ ਸੁਧਰਮਾ ਸਵਾਮੀ ਆਖਦੇ ਹਨ, "ਹੇ ਜੰਬੂ! ਮੁਕਤੀ ਨੂੰ ਪ੍ਰਾਪਤ ਹੋਏ ਸ਼੍ਰਮਣ ਭਗਵਾਨ ਮਹਾਵੀਰ ਨੇ ਪੁਸ਼ਪਚੁਲਿਕਾ ਨਾਂ ਦੇ ਉਪਾਂਗ ਦੇ 10 ਅਧਿਐਨ ਫਰਮਾਏ ਹਨ। ਇਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ:

1. ਸ਼੍ਰੀ ਦੇਵੀ 2. ਹਰੀਗ ਦੇਵੀ 3. ਧ੍ਰੀ ਦੇਵੀ 4. ਕੀਰਤੀ ਦੇਵੀ 5. ਬੁੱਧੀ ਦੇਵੀ 6. ਲਕਸਮੀ ਦੇਵੀ 7. ਇਲਾ ਦੇਵੀ 8. ਸੂਰਾ ਦੇਵੀ 9. ਰਸ ਦੇਵੀ 10. ਗੰਧ ਦੇਵੀ।

ਆਰੀਆ ਜੰਬੂ ਸਵਾਮੀ ਨੇ ਫੇਰ ਪ੍ਰਸ਼ਨ ਕੀਤਾ, ਜੇ ਮੁਕਤੀ ਨੂੰ ਪ੍ਰਾਪਤ ਸ਼੍ਰਮਣ ਭਗਵਾਨ ਮਹਾਵੀਰ ਇਸ ਸ਼ਾਸਤਰ ਦੇ 10 ਅਧਿਐਨ ਫਰਮਾਏ ਹਨ ਤਾਂ ਪਹਿਲੇ ਅਧਿਐਨ ਦਾ ਕਿ ਅਰਥ ਫਰਮਾਇਆ ਹੈ?

ਸ਼੍ਰੀ ਸੁਧਰਮਾ ਸਵਾਮੀ ਫਰਮਾਉਂਦੇ ਹਨ, "ਹੇ ਜੰਬੂ! ਉਸ ਕਾਲ, ਉਸ ਸਮੇਂ ਵਿੱਚ ਰਾਜਗ੍ਰਹਿ ਨਾਂ ਦਾ ਨਗਰ ਸੀ। ਗੁਣਸ਼ੀਲ ਨਾਂ ਦਾ ਚੇਤਯ ਸੀ। ਰਾਜਾ ਸ਼੍ਰੇਣਿਕ ਰਾਜ ਕਰਦਾ ਸੀ।

ਇੱਕ ਵਾਰ ਉਸ ਨਗਰ ਵਿਚ ਨਿਰਗ੍ਰੰਥ ਸ਼੍ਰਮਣ ਭਗਵਾਨ ਮਹਾਵੀਰ ਪਧਾਰੇ, ਧਰਮ ਪਰਿਸ਼ਧ ਜੁੜੀ। ਉਪਦੇਸ਼ ਸੁਣਨ ਲਈ ਨਾਗਰਿਕਾਂ ਦੀਆਂ ਟੋਲੀਆਂ ਆਇਆਂ।

ਉਸ ਕਾਲ ਉਸ ਸਮੇਂ, ਸ਼੍ਰੀ ਦੇਵੀ ਸੁਧਰਮਾ ਦੇਵ ਲੋਕ ਵਿਚ ਸ਼੍ਰੀ ਅਵਤੰਸਕ ਵਿਮਾਨ ਦੀ ਸੁਧਰਮ ਸੁਭਾ ਦੇ ਸ਼੍ਰੀ ਨਾਮਕ ਸਿੰਘਾਸਨ ਤੇ ਅਪਣੇ 4 ਹਜ਼ਾਰ ਸਾਮਾਨਿਕ ਦੇਵਤਿਆਂ, ਚਾਰ ਹਜ਼ਾਰ ਮਹੱਤਰਾਵਾਂ ਦੇ ਦੇਵੀ ਪਰਿਵਾਰ ਨਾਲ ਬੈਠੀ ਸੀ।

ਜਿਸ ਪ੍ਰਕਾਰ ਬਹੁਪੁੱਤਰੀਕਾ ਦਾ ਵਰਨਣ ਕੀਤਾ ਗਿਆ ਹੈ, ਉਸੇ ਪ੍ਰਕਾਰ ਸ਼੍ਰੀ ਦੇਵੀ ਵੀ ਭਗਵਾਨ ਮਹਾਵੀਰ ਨੂੰ ਬੰਦਨ ਨਮਸਕਾਰ ਕਰਨ ਆਈ। ਨਾਟਕ ਵਿਖਾ ਕੇ ਚਲੀ ਗਈ। ਮੁੱਖ ਫਰਕ ਇਹ ਹੈ ਕਿ ਇਸ ਨੇ ਮਾਈਆ ਰਾਹੀਂ ਬੱਚੇ ਬੱਚਿਆਂ ਨਹੀਂ ਬਣਾਏ। ॥1॥

ਫੇਰ ਗੋਤਮ ਸਵਾਮੀ ਨੇ ਸ਼੍ਰੀ ਦੇਵੀ ਦੇ ਪਿਛਲੇ ਜਨਮ ਸੰਬਧੀ ਪ੍ਰਸ਼ਨ ਪੁੱਛਿਆ?

ਭਗਵਾਨ ਮਹਾਵੀਰ ਨੇ ਉੱਤਰ ਦਿੱਤਾ, ਉਸ ਕਾਲ ਉਸ ਸਮੇਂ ਰਾਜਗ੍ਰਹਿ ਨਾਂ ਦੀ ਨਗਰੀ ਸੀ। ਗੁਣਸ਼ੀਲ ਨਾਂ ਦਾ ਚੇਤਯ ਸੀ, ਉੱਥੇ ਜਿਤਸੁਤਰੂ ਨਾਂ ਦਾ ਰਾਜਾ ਰਾਜ ਕਰਦਾ ਸੀ। ਉਸੇ ਸ਼ਹਿਰ ਵਿਚ ਸੁਦਰਸ਼ਨ ਨਾਂ ਦਾ ਗਾਥਾਪਤਿ ਰਹਿੰਦਾ ਸੀ। ਜੋ ਰਿੱਧੀ ਵਾਨ ਤੇ ਪ੍ਰਸਿਧ ਸੀ। ਉਸ ਦੀ ਪ੍ਰਿਆ ਨਾਂ ਦੀ ਸੋਹਨੀ ਤੇ ਕੋਮਲ ਅੰਗਾਂ ਵਾਲੀ ਪਤਨੀ ਸੀ।

ਉਸ ਸੁਦਰਸ਼ਨ ਗਾਥਾਪਤਿ ਦੀ ਪਤਨੀ ਤੋਂ ਭੁਤਾਂ ਨਾਂ ਦੀ ਕੰਨਿਆ ਪੈਦਾ ਹੋਈ। ਉਹ ਲੜਕੀ ਛੋਟੀ ਉਮਰ ਵਿੱਚ ਹੀ ਬੁੱਢੀ ਲਗਦੀ ਸੀ। ਕੁਆਰੀ ਉਮਰ ਵਿੱਚ ਹੀ ਉਸ ਦਾ ਸ਼ਰੀਰ ਟੁੱਟ ਚੁਕਾ ਸੀ, ਛਾਤੀਆਂ ਮਾਸ ਰਹਿਤ ਲਟਕੀਆਂ ਹੋਈਆਂ ਸਨ। ਉਸ ਲੜਕੀ ਦੇ ਸਾਰੇ ਅੰਗ ਢਿੱਲੇ ਵਿਖਾਈ ਦੇ ਰਹੇ ਸਨ। ਕੋਈ ਪੁਰਸ਼ ਵੀ ਉਸ ਨੂੰ ਸਵੀਕਾਰ ਕਰਨ ਲਈ ਤਿਆਰ ਸੀ। ਇਸ ਲਈ ਉਹ ਪਤੀ ਰਹਿਤ ਭਾਵ ਕੁਆਰੀ ਸੀ।

ਉਸ ਕਾਲ, ਉਸ ਸਮੇਂ ਭਗਵਾਨ ਪਾਰਸ਼ਨਾਥ ਪੁਰਸ਼ਾਦਾਨੀਆ ਤੀਰਥੰਕਰ ਉਸ ਨਗਰੀ ਵਿੱਚ ਪਧਾਰੇ। ਭਗਵਾਨ ਪਾਰਸ਼ਨਾਥ ਦਾ ਸ਼ਰੀਰ 9 ਹੱਥ ਉੱਚਾ ਸੀ। ਧਰਮ ਪਰਿਸ਼ਧ ਜੁੜੀ। ਭੂਤਾਂ ਨੂੰ ਭਗਵਾਨ ਪਾਰਸ਼ਨਾਥ ਦੇ ਪਹੁੰਚਨ ਦਾ ਸਮਾਚਾਰ ਪਤਾ ਲੱਗਾ। ਉਹ ਬਹੁਤ ਖੁਸ਼ ਹੋਈ।

ਫੇਰ ਉਹ ਮਾਂ ਪਿਉ ਕੋਲ ਆ ਕੇ ਆਖਣ ਲੱਗੀ, "ਹੇ ਸਤਿਕਾਰ ਯੋਗ ਮਾਤਾ ਜੀ ਤੇ ਪਿਤਾ ਜੀ। ਅਰਿਹੰਤ, ਪੁਰਸ਼ਾਦਾਨੀ, ਭਗਵਾਨ ਪਾਰਸ਼ਨਾਥ ਪਿੰਡ ਪਿੰਡ ਧਰਮ ਪ੍ਰਚਾਰ ਕਰਦੇ ਹੋਏ, ਬਹੁਤ ਸਾਰੇ ਸਾਧੂ ਸਾਧਵੀਆਂ ਇਸ ਨਗਰ ਵਿੱਚ ਪਧਾਰੇ ਹਨ। ਮੇਰੀ ਇਹ ਪ੍ਰਵਲ ਇੱਛਾ ਹੈ ਕਿ ਮੈਂ ਆਪ ਦੋਹਾਂ ਦੀ ਆਗਿਆ ਲੈ ਕੇ ਭਗਵਾਨ ਪਾਰਸ਼ਨਾਥ ਨੂੰ ਬੰਦਨ ਨਮਸਕਾਰ ਕਰਨ ਜਾਵਾਂ ਧਰਮ ਰੂਪੀ ਸੇਵਾ ਭਗਤੀ ਕਰਾਂ"

ਉਸ ਦੀ ਗੱਲ ਸੁਣਕੇ ਮਾਤਾ ਪਿਤਾ ਨੇ ਕਿਹਾ, "ਹੇ ਪੁੱਤਰੀ! ਜਿਵੇਂ ਤੇਰੀ ਆਤਮਾ ਨੂੰ ਸੁਖ ਹੋਵੇ, ਉਸ ਪ੍ਰਕਾਰ ਕਰ। ਪਰ ਚੰਗੇ ਕੰਮ ਵਿੱਚ ਅਣਗਹਿਲੀ ਠੀਕ ਨਹੀਂ" ॥2॥

ਇਸ ਤੋਂ ਬਾਅਦ ਭੂਤਾਂ ਨੇ ਇਸ਼ਨਾਨ ਕੀਤਾ। ਮੰਗਲ ਸ਼ਗਨ ਕੀਤੇ। ਗਹਿਣੇ ਕਪੜੇ ਪਹਿਨ ਕੇ ਧਾਰਮਿਕ ਰੱਥ ਤੇ ਸਵਾਰ ਹੋ ਗਈ। ਉਹ ਦਾਸ ਦਾਸੀਆਂ ਨੂੰ ਨਾਲ ਲੈ ਕੇ ਗੁਣਸ਼ੀਲ ਚੇਤਯ ਵਿੱਚ ਪਹੁੰਚੀ। ਉੱਥੇ ਉਸ (ਤੀਰਥੰਕਰ) ਅਸ਼ਟ ਪ੍ਰਤਿਹਾਰੇ ਵੇਖੇ।

ਰੱਥ ਬਾਹਰ ਖੜ੍ਹਾ ਕੀਤਾ ਦਾਸ ਦਾਸੀਆਂ ਨਾਲ ਘਿਰੀ ਉਹ ਉਸ ਸਥਾਨ ਤੇ ਆਈ ਜਿੱਥੇ ਪੁਰਸ਼ਾਦਾਨੀ ਭਗਵਾਨ ਪਾਰਸ਼ਨਾਥ ਬਿਰਾਜਮਾਨ ਸਨ ਵਿਧੀ ਨਾਲ (ਤਿਖਤੋਂ ਪਾਠ ਪੜ੍ਹਕੇ) ਭਗਵਾਨ ਪਾਰਸ਼ਨਾਥ ਨੂੰ ਬੰਦਨਾ ਨਮਸਕਾਰ ਕੀਤਾ।

ਇਸ ਤੋਂ ਬਾਅਦ ਭਗਵਾਨ ਪਾਰਸ਼ਨਾਥ ਨੇ ਭੂਤਾਂ ਤੇ ਹੋਰ ਲੋਕਾਂ ਨੂੰ ਧਰਮ ਕਥਾ ਸੁਣਾਈ।

ਭੂਤਾਂ ਕਨਿਆਂ ਨੇ ਧਰਮ ਕਥਾ ਸੁਣਕੇ ਮਨ ਵਿੱਚ ਪ੍ਰਸ਼ਨਤਾ ਪ੍ਰਗਟ ਕੀਤੀ। ਇਸ ਤੋਂ ਬਾਅਦ ਭਗਵਾਨ ਪਾਰਸ਼ਨਾਥ ਨੂੰ ਬੰਦਨਾ ਨਮਸਕਾਰ ਕਰਕੇ ਅਰਜ ਕੀਤੀ, "ਹੇ ਭਗਵਾਨ! ਮੈਂ ਨਿਰਗ੍ਰੰਥ ਪ੍ਰਵਚਨ (ਜੈਨ ਧਰਮ) ਨੂੰ ਸੁਣ ਲਿਆ ਹੈ। ਉਸ (ਧਰਮ) ਤੇ ਵਿਸ਼ਵਾਸ਼ ਕਰਦੀ ਹਾਂ। ਨਿਰਗ੍ਰੰਥ ਪ੍ਰਵਚਨ ਪ੍ਰਤੀ ਸਾਵਧਾਨੀ ਨਾਲ ਚਲਣ ਦਾ ਪ੍ਰਣ ਕਰਦੀ ਹਾਂ। ਆਪ ਜੋ ਵੀ ਆਖਦੇ ਹੋ ਇਹੋ ਸੱਚ ਹੈ"।

"ਹੇ ਦੇਵਾਨੂਪ੍ਰਿਆ! ਮੈਂ ਮਾਤਾ ਪਿਤਾ ਦੀ ਇਜ਼ਾਜਤ ਮਿਲਨ ਤੇ ਸਾਧਵੀ ਜੀਵਨ ਗ੍ਰਹਿਣ ਕਰਨਾ ਚਾਹੁੰਦੀ ਹਾਂ"

ਭਗਵਾਨ ਪਾਰਸ਼ਨਾਥ ਨੇ ਕਿਹਾ, "ਹੇ ਦੇਵਾਨੂਪ੍ਰਿਆ! ਜਿਵੇਂ ਤੇਰੀ ਆਤਮਾ ਨੂੰ ਸੁੱਖ ਹੋਵੇ, ਉਸੇ ਤਰ੍ਹਾਂ ਕਰੋ, ਪਰ ਸ਼ੁਭ ਕੰਮ ਵਿੱਚ ਅਣਗਹਿਲੀ ਕਰਨਾ ਚੰਗਾ ਨਹੀਂ" ॥3॥

ਇਸ ਤੋਂ ਬਾਅਦ ਉਹ ਭੂਤਾਂ ਲੜਕੀ ਧਾਰਮਿਕ ਰੱਥ ਤੇ ਸਵਾਰ ਹੋ ਕੇ ਵਾਪਸ ਰਾਜਗ੍ਰਹਿ ਦੇ ਵਿੱਚਕਾਰ ਹੁੰਦੇ ਹੋਏ ਘਰ ਪਹੁੰਚੀ। ਰੱਥ ਤੋਂ ਉੱਤਰ ਕੇ ਮਾਤਾ ਪਿਤਾ ਕੋਲ ਪੁਜੀ। ਬਾਕੀ ਦਾ ਵਰਨਣ ਜਮਾਲੀ ਕੁਮਾਰ ਮੁਨੀ ਦੇ ਵਰਨਣ ਦੀ ਤਰ੍ਹਾਂ ਹੈ, ਜੋ ਭਗਵਤੀ ਸੂਤਰ ਵਿੱਚ ਵੇਖ ਲੈਣਾ ਚਾਹਿਦਾ ਹੈ (ਭਾਵ ਮਾਤਾ ਪਿਤਾ ਮਮਤਾ ਵੱਸ ਇਸ ਕਨਿਆ ਨੂੰ ਵੀ ਸੰਜਮ ਤੋਂ ਰੋਕਦੇ ਹਨ)

ਉਸ ਤੋਂ ਬਾਅਦ ਮਾਤਾ ਪਿਤਾ ਨੇ ਆਗਿਆ ਦਿੰਦੇ ਹੋਏ ਕਿਹਾ, "ਹੇ ਦੇਵਾਨੂਪ੍ਰਿਆ! ਜਿਵੇ ਤੇਰੀ ਆਤਮਾ ਨੂੰ ਸੁੱਖ ਹੋਵੇ, ਉਸੇ ਪ੍ਰਕਾਰ ਕਰ। ਪਰ ਸ਼ੁਭ ਕੰਮ ਵਿੱਚ ਕਿਸੇ ਪ੍ਰਕਾਰ ਦੀ ਅਣਗਹਿਲੀ ਠੀਕ ਨਹੀ।

ਉਸ ਤੋਂ ਬਾਅਦ ਸੁਦਰਸ਼ਨ ਗਾਥਾਪਤਿ ਨੇ ਵਿਸ਼ਾਲ ਭੋਜਨ ਸਾਮਗਰੀ ਤਿਆਰ ਕਰਵਾਈ। ਉਸ ਤੋਂ ਬਾਅਦ ਰਿਸ਼ਤੇਦਾਰਾਂ, ਮਿੱਤਰਾਂ ਤੇ ਜਾਤ ਵਾਲੀਆਂ ਨੂੰ ਭੋਜਣ ਕਰਵਾਈਆ। ਸੱਭ ਨੇ ਰੱਜ ਕੇ ਖਾਣਾ ਖਾਦਾ।

ਇਸ ਤੋਂ ਬਾਅਦ ਸੁਦਰਸ਼ਨ ਗਾਥਾਪਤਿ ਨੇ ਅਪਣੇ ਕੋਟਬਿੰਕ ਪੁਰਸ਼ (ਘਰੇਲੂ ਨੋਕਰ) ਨੂੰ ਬੁਲਾ ਕੇ ਕਿਹਾ, "ਹੇ ਦੇਵਾਨੂਪ੍ਰਿਆ! ਛੇਤੀ ਨਾਲ ਭੂਤਾਂ ਲੜਕੀ ਦੇ ਲਈ ਹਜ਼ਾਰ ਪੁਰਸ਼ਾਂ ਦੇ ਚੁਕਨ ਯੋਗ ਪਾਲਕੀ, ਤਿਆਰ ਕਰੋ, ਜਲਦ ਮੇਰੀ ਆਗਿਆ ਦਾ ਪਾਲਨ ਕਰਕੇ ਮੈਨੂੰ ਸੁਚਿਤ ਕਰੋ"

ਕੋਟਬਿੰਕ ਪੁਰਸ ਨੇ ਆਗਿਆ ਦਾ ਪਾਲਨ ਕਰਕੇ ਕਿਹਾ, "ਹੇ ਆਰਿਆ ਪਾਲਕੀ ਤਿਆਰ ਹੈ। ॥4॥

ਉਸ ਤੋਂ ਬਾਅਦ ਸੁਦਰਸ਼ਨ ਗਾਥਾਪਤਿ ਦੀ ਪੁੱਤਰੀ ਭੂਤਾਂ ਨੇ ਇਸ਼ਨਾਨ ਕੀਤਾ ਮੰਜਨ ਕੀਤਾ, ਸੁੰਦਰ ਗਹਿਣੇ ਤੇ ਵਸਤਰ ਧਰਨ ਕੀਤੇ। ਇਸ ਤੋਂ ਬਾਅਦ ਇੱਕ ਹਜ਼ਾਰ ਪੁਰਸ਼ਾਂ ਦੇ ਚੁਕਨ ਯੋਗ ਪਾਲਕੀ ਵਿੱਚ ਬੈਠ ਗਈ, ਮਿੱਤਰਾਂ ਰਿਸ਼ਤੇਦਾਰਾਂ ਅਤੇ ਜਾਤ ਵਾਲੀਆਂ ਦੇ ਨਾਲ ਬਾਜੇ ਗਾਜੇ ਵਿੱਚ ਘਿਰੀ ਹੋਈ, ਰਾਜਗ੍ਰਹਿ ਵਿੱਚਕਾਰ ਘੁੰਮਦੀ ਹੋਈ, ਬਾਹਰ ਗੁਣਸ਼ੀਲ ਚੇਤਯ ਵਿੱਚ ਪਹੁੰਚੀ। ਤੀਰਥੰਕਰ ਪਾਰਸ਼ਨਾਥ ਦੀ ਛੱਤਰ ਆਦਿ ਅਤਿਸ਼ੈ ਨੂੰ ਵੇਖ ਕੇ ਭੂਤਾਂ ਪਾਲਕੀ ਤੋਂ ਹੇਠਾਂ ਉੱਤਰੀ, ਮਾਤਾ ਪਿਤਾ ਨੇ ਲੜਕੀ ਨੂੰ ਅੱਗੇ ਕਰਕੇ, ਪੁਰਸ਼ਾਦਾਨੀ ਭਗਵਾਨ ਪਾਰਸ਼ਨਾਥ ਨੂੰ ਨਮਸਕਾਰ ਕੀਤਾ, ਨਮਸਕਾਰ ਕਰਕੇ ਅਰਜ ਕੀਤੀ, "ਹੇ ਪ੍ਰਭੂ! ਇਹ ਭੂਤਾਂ ਸਾਡੀ ਇਕਲੋਤੀ ਪੁੱਤਰੀ ਹੈ। ਇਹ ਸਾਨੂੰ

ਇਸ਼ਟ ਹੈ, ਪਿਆਰੀ ਹੈ, ਚੰਗੀ ਲੱਗਦੀ ਹੈ। ਪਰ ਇਹ ਸੰਸਾਰ ਦੇ ਦੁੱਖਾਂ ਨੂੰ ਸਮਝ ਕੇ ਆਪ ਜੀ ਕੋਲ ਸਾਧਵੀ ਬਣ ਜਾਣਾ ਚਾਹੁੰਦੀ ਹੈ। ਅਸੀਂ ਆਪ ਨੂੰ ਭਿੱਖਿਆ ਦੇ ਰੂਪ ਵਿੱਚ, ਚੈਲੀ ਦੀ ਭਿੱਖਿਆ ਦਿੰਦੇ ਹਾਂ। ਆਪ ਇਸ ਨੂੰ ਸਵਿਕਾਰ ਕਰੋ"।

ਭਗਵਾਨ ਪਾਰਸ਼ਨਾਥ ਨੇ ਉੱਤਰ ਦਿਤਾ, "ਜਿਵੇਂ ਤੁਹਾਡੀ ਆਤਮਾ ਨੂੰ ਸੁੱਖ ਹੋਵੇ, ਉਸੇ ਤਰ੍ਹਾਂ ਕਰੋ"

ਭਗਵਾਨ ਪਾਰਸ਼ਨਾਥ ਦੇ ਉਪਰੋਕਤ ਵਚਨ ਸੁਣ ਕੇ ਭੂਤਾਂ ਪ੍ਰਸੰਨ ਹੋਈ। ਉਹ ਈਸ਼ਾਨ ਕੋਨ ਦਿਸ਼ਾ ਵੱਲ ਚਲੀ ਗਈ। ਇਸ ਤੋਂ ਬਾਅਦ ਉਸਨੇ ਪਹਿਨੇ ਸਾਰੇ ਸੰਸਾਰਕ ਵਸਤਰ ਗਹਿਣੇ ਤਿਆਗ ਦੇ ਦੇਵਾਨੰਦਾ ਬ੍ਰਾਹਮਣੀ (ਭਗਵਤੀ ਸੂਤਰ) ਦੀ ਤਰ੍ਹਾਂ ਸਾਧਵੀ ਦੀਖਿਆ ਗ੍ਰਹਿਣ ਕੀਤਾ। ਉਹ ਸਾਧਵੀ ਪੁਸ਼ਪਚੁਲਾ ਦੀ ਚੈਲੀ ਬਣ ਗਈ ਅਤੇ ਗੁਪਤ ਬ੍ਰਹਮਚਾਰਨੀ ਹੋ ਗਈ। ॥5॥

ਇਸ ਤੋਂ ਬਾਅਦ ਭੂਤਾਂ ਸਾਧਵੀ ਹਰ ਸਮੇਂ ਸ਼ਰੀਰ ਬੰਕੁਸ਼ਾ (ਸ਼ਰੀਰ ਸਿੰਗਾਰ ਵਾਲੀ) ਬਣ ਗਈ। ਉਹ ਹਰ ਸਮੇਂ ਹੱਥ, ਪੈਰ, ਮੱਥਾ, ਮੂੰਹ, ਛਾਤੀਆਂ ਧੋਂਦੀ ਰਹਿੰਦੀ ਹੈ। ਕੁੱਖ ਦੇ ਅੰਦਰ ਹਿੱਸੇ ਨੂੰ ਧੋਂਦੀ ਹੈ। ਗੁਪਤ ਸਥਾਨ ਦੇ ਅੰਦਰਲੇ ਹਿੱਸੇ ਨੂੰ ਧੋਂਦੀ ਹੈ। ਜਿਥੇ ਖੜ੍ਹੀ ਹੁੰਦੀ ਹੈ, ਸੌਂਦੀ ਹੈ, ਬੈਠਦੀ ਹੈ ਉੱਥੇ ਪਹਿਲਾਂ ਪਾਣੀ ਛਿੜਕਦੀ ਹੈ।

ਇਸ ਤੋਂ ਬਾਅਦ ਭੂਤਾਂ ਸਾਧਵੀ ਨੂੰ ਗੁਰੁਣੀ ਆਖਦੀ ਹੈ, "ਹੇ ਦੇਵਾਨੂਪ੍ਰਿਆ! ਆਪਾਂ ਨਿਰਗ੍ਰੰਥ ਸਾਧਵੀਆਂ ਹਾਂ, ਈਰੀਆ ਆਦਿ ਪੰਜ ਸਮਿਤੀ ਦਾ ਪਾਲਨ ਕਰਨ ਵਾਲੀਆਂ ਗੁਪਤ ਬ੍ਰਹਮਚਾਰਨੀ ਹਾਂ, ਹੇ ਦੇਵਾਨੂਪ੍ਰਿਆ! ਤੇਰਾ ਸ਼ਰੀਰ ਬੰਕੁਸ਼ਾ ਬਣਕੇ ਵਾਰ ਵਾਰ ਹੱਥ ਧੋਣਾ, ਛਿੜਕਾਓ ਕਰਨਾ ਠੀਕ ਨਹੀਂ। ਹੇ ਦੇਵਾਨੂਪ੍ਰਿਆ! ਤੁਸੀਂ ਇਸ ਕੰਮ ਦੀ ਆਲੋਚਨਾ ਕਰਕੇ ਆਤਮ ਸੁਧੀ ਹਿੱਤ ਪ੍ਰਾਸਚਿਤ ਲਵੋ। ਜਿਸ ਤਰ੍ਹਾਂ ਸੁਭੱਦਰਾ ਨੇ ਗੁਰਣੀ ਦੀ ਸਿੱਖਿਆ ਨਹੀਂ ਸੁਣੀ, ਉਸੇ ਪ੍ਰਕਾਰ ਭੂਤਾਂ ਸਾਧਵੀ ਨੇ ਗੁਰੂਣੀ ਦੀ ਗੱਲ

ਨਹੀਂ ਮੰਨੀ। ਉਹ ਵੀ ਅਲੱਗ ਉਪਾਸਰੇ (ਧਰਮ ਸਥਾਨ) ਵਿੱਚ ਰਹਿਕੇ ਜਿੰਦਗੀ ਗੁਜਾਰਨ ਲੱਗੀ।

ਇਸ ਤੋਂ ਬਾਅਦ ਉਹ ਸਾਧਵੀ ਅਨੁਸ਼ਾਸ਼ਨ ਹੀਨਤਾ ਕਾਰਣ ਮਨਮਰਜੀ ਵਾਲੀ ਹੋ ਜਾਂਦੀ ਹੈ। ਉਹ ਵਾਰ ਵਾਰ ਹੱਥ ਧੋਂਦੀ ਰਹਿੰਦੀ ਸੀ ਅਤੇ ਪਾਣੀ ਛਿੜਕ ਕੇ ਬੈਠਦੀ ਸੀ। ॥6॥

ਇਸ ਤੋਂ ਬਾਅਦ ਭੂਤਾਂ ਸਾਧਵੀ ਨੇ ਬਹੁਤ ਸਾਰੇ 4 - 4, 6 - 6, 8 - 8, 12 - 12, ਵਰਤ ਕਰਦੀ ਹੈ। ਅਨੇਕਾਂ ਸਾਲਾਂ ਤੱਕ ਸੰਜਮ ਦਾ ਪਾਲਨ ਕਰਦੀ ਹੈ। ਪਰ ਪਾਪ ਸਥਾਨਾ ਦੀ ਆਲੋਚਨਾ, ਨਿੰਦਾ ਕੀਤੇ ਬਿਨ੍ਹਾਂ ਮਰਕੇ ਸੋਧਰਮ ਦੇਵ ਲੋਕ ਦੇ ਸ਼੍ਰੀ ਅਵਤੰਸਕ ਵਿਮਾਨ ਦੀ ਉਪਾਪਾਤ ਸਭਾ ਦੀ ਦੇਵ ਸਯਾ ਤੇ ਦੇਵ ਆਕਾਰ ਰੂਪ ਵਿੱਚ ਸ਼੍ਰੀ ਦੇਵੀ ਦੇ ਰੂਪ ਵਿੱਚ ਪੈਦਾ ਹੋਈ। ਇੱਥੇ ਇਹ ਮਨ ਆਦਿ 5 ਪਰਿਆਪਤਿਆਂ ਦੀ ਮਾਲਿਕ ਹੈ।

ਇਸ ਪ੍ਰਕਾਰ ਸ਼੍ਰੀ ਦੇਵੀ ਨੂੰ ਦਿਵਯ ਦੇਵਤਿਆਂ ਸੰਬਧੀ ਰਿੱਧੀ ਪ੍ਰਾਪਤ ਹੋਈ। ਸ਼੍ਰੀ ਦੇਵੀ ਦੀ ਉਮਰ ਇਕ ਪਲਯੋਪਮ ਹੈ।

ਸ਼੍ਰੀ ਗੋਤਮ ਸਵਾਮੀ ਪੁੱਛਦੇ ਹਨ, "ਹੇ ਭਗਵਾਨ! ਸ਼੍ਰੀ ਦੇਵੀ ਇਸ ਦੇਵ ਲੋਕ ਦੀ ਜਿੰਦਗੀ ਪੂਰੀ ਕਰਕੇ ਕਿੱਥੇ ਪੈਦਾ ਹੋਵੇਗੀ?"

ਭਗਵਾਨ ਮਹਾਵੀਰ ਆਖਦੇ ਹਨ, "ਹੇ ਗੋਤਮ! ਸ਼੍ਰੀ ਦੇਵੀ, ਅਪਣੀ ਦੇਵ ਲੋਕ ਦੀ ਉਮਰ ਪੂਰੀ ਕਰਕੇ ਮਹਾਵਿਦੇਹ ਖੇਤਰ ਵਿੱਚ ਜਨਮ ਲੈ ਕੇ ਸਿੱਧ ਮੁਕਤ ਹੋਵੇਗੀ। ॥7॥

# ਦੂਸਰੇ ਤੋਂ ਦਸਵਾਂ ਅਧਿਐਨ

ਜਿਸ ਪ੍ਰਕਾਰ ਪਹਿਲੇ ਅਧਿਐਨ ਵਿੱਚ ਸ਼੍ਰੀ ਦੇਵੀ ਦਾ ਵਰਨਣ ਹੈ ਉਸ ਪ੍ਰਕਾਰ ਬਾਕੀ 9 ਅਧਿਐਨਾਂ ਦਾ ਅਰਥ ਸਮਝ ਲੈਣਾ ਚਾਹਿਦਾ ਹੈ। ਇਹ ਸਭ ਸੁਧਰਮ ਦੇਵ ਲੋਕ ਵਿੱਚ ਰਹਿਨ ਵਾਲੀਆਂ ਸਨ। ਪਿੱਛਲੇ ਜਨਮ ਦੇ ਨਗਰ, ਮਾਤਾ ਪਿਤਾ ਸੰਬਧੀ ਜਾਣਕਾਰੀ ਸ਼੍ਰੰਗ੍ਰਹਿਣੀ ਗਾਥਾ ਦੇ ਅਨੁਸਾਰ ਜਾਣ ਲੈਣਾ ਚਾਹਿਦਾ ਹੈ। ਸਾਰੀਆਂ ਭਗਵਾਨ ਪਾਰਸ਼ਨਾਥ ਕੋਲ ਸਾਧਵੀਆਂ ਬਣਿਆਂ। ਸਭ ਮਹਾਂਵਿਦੇਹ ਖੇਤਰ ਵਿੱਚ ਪੈਦਾ ਹੋ ਕੇ ਸਿੱਧ ਬੁੱਧ ਮੁਕਤ ਹੋਣਗਿਆਂ। ॥1॥

# ਵਰਿਸ਼ਣੀ ਦਸ਼ਾਂਗ ਸੂਤਰ ਪੰਜਵਾਂ ਉਪਾਂਗ

ਇਸ ਵਰਿਸ਼ਣੀ ਦਸ਼ਾਂਗ ਸੂਤਰ ਵਿੱਚ ਵਰਿਸ਼ਣੀ ਵੰਸ਼ ਦੇ 12 ਰਾਜ ਕੁਮਾਰਾਂ ਦਾ ਵਰਨਣ ਕੀਤਾ ਗਿਆ ਹੈ। ਇਸ ਆਗਮ ਵਿੱਚ 22ਵੇਂ ਤੀਰਥੰਕਰ ਅਰਿਸ਼ਟ ਨੇਮੀ ਦੇ ਸਮੇਂ ਦੀਆਂ ਘਟਨਾਵਾਂ ਦਾ ਜਿਕਰ ਹੈ। ਅਰਿਸ਼ਟ ਨੇਮੀ ਦਾ ਜਨਮ ਯਾਦਵ ਵੰਸ਼ ਵਿੱਚ ਹੋਇਆ ਸੀ। ਇਸ ਵਿੱਚ ਪ੍ਰਮੁੱਖ ਰੂਪ ਵਿੱਚ ਨਿਸ਼ਧ ਕੁਮਾਰ ਆਦਿ ਦੇ ਤੱਪ ਤਿਆਗ ਅਤੇ ਸਮਾਧੀ ਰਾਹੀਂ ਨਿਰਵਾਨ ਹਾਸਲ ਕਰਨ ਦਾ ਵਰਨਣ ਹੈ।

## ਪਹਿਲਾ ਅਧਿਐਨ

ਆਰਿਆ ਜੰਬੂ ਸਵਾਮੀ, ਆਰੀਆ ਸੁਧਰਮਾ ਸਵਾਮੀ ਨੂੰ ਪੁੱਛਦੇ ਹਨ, "ਹੇ ਭਗਵਾਨ! ਜੋ ਚੋਥੇ ਅੰਗ ਦਾ ਭਗਵਾਨ ਮਹਾਵੀਰ ਨੇ ਇਸ ਪ੍ਰਕਾਰ ਦਾ ਵਰਨਣ ਕੀਤਾ ਹੈ, ਤਾਂ ਪੰਜਵੇਂ ਅੰਗ ਵਰਿਸ਼ਣੀ ਦਸ਼ਾ ਦਾ ਕਿ ਅਰਥ ਫਰਮਾਇਆ ਹੈ?"

ਆਰੀਆ ਸੁਧਰਮਾ ਸਵਾਮੀ ਨੇ ਫਰਮਾਈਆ, "ਹੇ ਜੰਬੂ! ਮੋਕਸ਼ ਨੂੰ ਪ੍ਰਾਪਤ ਹੋਏ ਭਗਵਾਨ ਮਹਾਵੀਰ ਨੇ ਵਰਿਸ਼ਣੀ ਦਸ਼ਾ ਦੇ 12 ਅਧਿਐਨ ਦੱਸੇ ਹਨ:

1. ਨਿਸ਼ਧ ਕੁਮਾਰ 2. ਮਾਯਨੀ ਕੁਮਾਰ 3. ਵਹਿ ਕੁਮਾਰ 4. ਵਾਹਾ ਕੁਮਾਰ 5. ਪੰਮਤਾ ਕੁਮਾਰ 6. ਜਯੋਤੀ ਕੁਮਾਰ 7. ਦਸ਼ਰਥ ਕੁਮਾਰ 8. ਦਰਿੜਰਥ ਕੁਮਾਰ 9. ਮਹਾਧੰਦਵਾ ਕੁਮਾਰ 10. ਸ਼ਪਤਧੰਦਵਾ ਕੁਮਾਰ 11. ਦਸਧੰਦਵਾ ਕੁਮਾਰ 12. ਸੱਤਧੰਦਵਾ ਕੁਮਾਰ। ॥1॥

ਆਰੀਆ ਜੰਬੂ ਸਵਾਮੀ ਨੇ ਪੁੱਛਿਆ, "ਹੇ ਭਗਵਾਨ! ਜੇ ਵਰਿਸ਼ਣੀ ਦਸ਼ਾ ਦੇ ਮੋਕਸ਼ ਨੂੰ ਪ੍ਰਾਪਤ ਹੋਏ ਭਗਵਾਨ ਮਹਾਵੀਰ ਨੇ 12 ਅਧਿਐਨ ਫਰਮਾਏ ਹਨ ਤਾਂ ਪਹਿਲੇ ਅਧਿਐਨ ਦਾ ਕੀ ਅਰਥ ਹੈ?"

ਉਸ ਕਾਲ, ਉਸ ਸਮੇਂ ਦਵਾਰਿਕਾ ਨਾਂ ਦੀ ਨਗਰੀ ਸੀ। ਜੋ 12 ਯੋਜਨ ਲੰਬੀ 9 ਯੋਜਨ ਚੋੜੀ ਸੀ। ਉਸ ਨਗਰੀ ਪ੍ਰਤਖ ਵਿੱਚ ਦੇਵ ਲੋਕ ਦੀ ਤਰ੍ਹਾਂ ਚਿੱਤ ਪ੍ਰਸੰਨ ਕਰਨ ਵਾਲੀ ਅਤੇ ਸ਼ਿਲਪ ਕਲਾ ਨਾਲ ਭਰਪੂਰ ਸੀ, ਵੇਖਣ ਯੋਗ ਸੀ। ਉਹ ਦਵਾਰਿਕਾ ਨਗਰੀ ਦੇ ਉੱਤਰੀ ਇਸ਼ਾਨ ਕੋਣ ਵਿੱਚ ਰੇਵਤਕ ਨਾਂ ਦਾ ਪਰਵਤ ਸੀ। ਉਹ ਇਨਾ ਉੱਚਾ ਸੀ ਜਿਵੇਂ ਪਰਬਤ ਅਸਮਾਨ ਨਾਲ ਗੱਲਾਂ ਕਰ ਰਿਹਾ ਹੋਵੇ। ਇਸ ਪਰਬਤ ਦੇ ਸ਼ਿਖਰ ਤੇ ਅਨੇਕਾਂ ਪ੍ਰਕਾਰ ਦੇ ਅੰਬ, ਦਰਖਣ, ਚੰਪਕ ਵੈਲੀ, ਚਮੇਲੀ ਦੀ ਵੈਲੀ, ਬੱਲੀ ਆਦਿ

ਬਨਸਪਤੀਆਂ ਹਰਿਆਵਲ ਨਾਲ ਮਨ੍ਹ ਲੁਭਾਉਂਦੀਆਂ ਸਨ। ਉਸ ਪਰਬਤ ਤੇ ਹੰਸ, ਮਿਰਗ, ਸ਼ੇਰ, ਕਰੋਂਚ, ਸਾਰਸ, ਚਕਰਵਾਲ, ਮੈਨਾ ਆਦਿ ਭਿੰਨ ਭਿੰਨ ਪ੍ਰਕਾਰ ਦੇ ਪੰਛੀ ਕ੍ਰੀੜਾ ਕਰਦੇ ਸਨ। ਉਸ ਪਰਬਤ ਦੇ ਮੂਲ ਅਤੇ ਉਪਰ, ਅਨੇਕਾਂ ਪ੍ਰਕਾਰ ਦੇ ਝਰਨੇ ਬਹਿੰਦੇ ਸਨ। ਜੋ ਇਸ ਪਰਬਤ ਦੀ ਸੋਭਾ ਵਿੱਚ ਵਿਰਧੀ ਕਰਦੇ ਸਨ।

ਉਸ ਪਰਬਤ ਘੁਮਣ ਵਾਲਿਆਂ ਵਿੱਚ ਸਵਰਗ ਦੀਆਂ ਅਪਸਰਾਵਾਂ ਦੇਵਤੇ, ਵਿਦਿਆ ਧਰਾਂ ਦੇ ਸਮੂਹ ਵੀ ਸਨ ਅਤੇ ਅਨੇਕਾਂ ਵਿਦਿਆ ਧਾਰਕ ਸਾਧੂ ਵੀ ਵਿਖਾਈ ਦਿੰਦੇ ਸਨ। ਜੋ ਸਾਰੇ ਪਰਬਤ ਦਾ ਆਨੰਦ ਮਾਨਦੇ ਸਨ। ਇਸ ਤਰ੍ਹਾਂ ਪਰਬਤ ਦਸ ਦਸ਼ਾਰਨ ਪ੍ਰਧਮਨ ਵੀਰ, ਕ੍ਰਿਸ਼ਨ ਵਾਸਦੇਵ, ਬਲਭੱਦਰ ਆਦਿ ਵੀ ਇਸ ਪਰਬਤ ਦਾ ਆਨੰਦ ਉਠਾਉਂਦੇ ਸਨ। ਅਜਿਹਾ ਜਾਪਦਾ ਸੀ ਜਿਵੇਂ ਇੱਥੇ ਹਰ ਰੋਜ਼ ਮੈਲਾ ਲੱਗਿਆ ਹੋਵੇ। ਇਹ ਪਰਬਤ ਸੁੰਦਰ ਤੇ ਦਰਸ਼ਨੀਆਂ ਰੂਪ ਸੀ। ਉਸ ਰੇਵਤਕ ਪਰਬਤ ਦੇ ਕੋਲ ਹੀ ਨੰਦਨ ਬਨ ਨਾਂ ਦਾ ਬਗਿਚਾ ਸੀ। ਉਸ ਬਾਗ ਵਿੱਚ ਫੁੱਲ ਫਲ ਹਰ ਮੋਸਮ ਵਿੱਚ ਰਹਿੰਦੇ ਸਨ। ਉਹ ਬਾਗ ਵੇਖਣ ਯੋਗ ਸੀ। ਉਸ ਬਾਗ ਵਿੱਚ ਸੁਰਪ੍ਰਿਆ ਨਾਂ ਦੇ ਯਕਸ਼ ਦਾ ਯਕਸ਼ਾਯਤਨ (ਮੰਦਰ) ਸੀ। ਉਸ ਦਾ ਵਰਨਣ ਪੂਰਨ ਭੱਦਰ ਯਕਸ਼ ਦੇ ਮੰਦਰ ਦੀ ਤਰ੍ਹਾਂ ਜਾਨ ਲੈਣਾ ਚਾਹਿਦਾ ਹੈ। ਪ੍ਰਿਥਵੀ ਸ਼ਿਲਾ ਦੇ ਵਰਨਣ ਵੀ ਉਸੇ ਬਗਿਚੇ ਤਰ੍ਹਾਂ ਉਵਵਾਈ ਸੂਤਰ ਅਨੁਸਾਰ ਜਾਣ ਲੈਣਾ ਚਾਹਿਦਾ ਹੈ। ॥2॥

ਉਸ ਦਵਾਰਿਕਾ ਨਗਰੀ ਵਿੱਚ ਕ੍ਰਿਸ਼ਨ ਵਾਸ਼ਦੇਵ ਰਾਜਾ ਰਾਜ ਕਰਦਾ ਸੀ। ਰਾਜਾ ਬਹੁਤ ਸਾਰੇ ਗੁਣਾ ਨਾਲ ਭਰਪੂਰ ਸੀ। ਉਹ ਕ੍ਰਿਸ਼ਨ ਰਾਜਾ 10 ਦੁਸਾਰਹਾ, ਬੱਲਭੱਦਰ ਆਦਿ ਪੰਜ ਮਹਾਵੀਰਾਂ ਉਗਰਸਨ ਪ੍ਰਮੁਖ 16000 ਮੁਕਟ ਬੱਧ ਰਾਜਿਆਂ, ਪ੍ਰਦੁਮਨ ਕੁਮਾਰ ਆਦਿ ਸਾਡੇ ਤਿੰਨ ਕਰੋੜ ਰਾਜਕੁਮਾਰਾਂ ਸੰਬ ਆਦਿ 60000 ਪ੍ਰਾਕ੍ਰਮੀਆਂ ਵੀਰਸੇਨ ਪ੍ਰਮੁੱਖ 21000 ਸੁਰਵੀਰਾਂ, 56000 ਮਹਾਂਸੈਨ ਰੁਕਮਣੀ ਆਦਿ 16000 ਰਾਣੀਆਂ ਅਨੰਗ ਸੇਨ ਆਦਿ ਅਨੇਕਾਂ ਨਰਤਕੀਆਂ ਅਤੇ ਬਹੁਤ ਸਾਰੇ ਰਾਜੇ,

ਸਾਰਥਵਾਹ ਈਸਵਰਾਂ ਨਾਲ ਰਾਜ ਕਰਦਾ ਸੀ। ਉਸ ਦੀ ਸਮਰਿਧੀ ਵੇਤਾਡਿਆਂ ਪਰਬਤ ਲੋਕ ਦਖਣ ਅਰਧ ਭਰਤ ਤੱਕ ਸੀ। ॥3॥

ਉਸ ਦਵਾਰਿਕਾ ਨਗਰੀ ਵਿੱਚ ਬਲਦੇਵ ਨਾਂ ਦਾ ਰਾਜਾ ਜੋ ਮਹਾਂ ਬੱਲਸ਼ਾਲੀ ਸੀ ਰਾਜ ਕਰਦਾ ਸੀ। ਬਲਦੇਵ ਰਾਜਾ ਦੀ ਰੇਵਤੀ ਨਾਂ ਦੀ ਰਾਣੀ ਸੀ, ਜੋ ਸੁੰਦਰ ਅਤੇ ਸੁਕੋਮਲ ਸੀ। ਇੱਕ ਰਾਤ ਰਾਣੀ ਨੇ ਸ਼ੇਰ ਦਾ ਸੁਪਨਾ ਵੇਖਿਆ ਸੁਪਨ ਦਰਸ਼ਨ, ਕਥਨ, ਜਨਮ, ਕਲਾ ਗ੍ਰਹਿਣ ਆਦਿ ਮਹਾਂਵਲ ਕੁਮਾਰ ਦੀ ਤਰ੍ਹਾਂ (ਭਗਵਤੀ ਸੂਤਰ) ਜਾਣ ਲੈਣਾ ਚਾਹਿਦਾ ਹੈ। ਵਿਸ਼ੇਸ਼ ਗੱਲ ਇਹ ਹੈ, ਕਿ ਉਸ ਪੈਦਾ ਪੁੱਤਰ ਦਾ ਨਾਂ ਨਿਸ਼ਧ ਕੁਮਾਰ ਰੱਖਿਆ ਗਿਆ। 50 ਕਨਿਆਵਾਂ ਨਾਲ ਉਸ ਦੀ ਇੱਕ ਦਿਨ ਵਿੱਚ ਸ਼ਾਦੀ ਕੀਤੀ ਗਈ 50 - 50 ਵਸਤੂਆਂ ਹਰ ਕਨਿਆ ਵਲੋਂ ਦਹੇਜ ਵਿੱਚ ਪ੍ਰਾਪਤ ਹੋਇਆਂ। ਸੰਸਾਰਿਕ ਸੁੱਖ ਭੋਗਦਾ ਹੋਇਆ ਉਹ ਨਿਸ਼ਧ ਕੁਮਾਰ ਜਿੰਦਗੀ ਗੁਜਾਰਣ ਲੱਗਾ। ॥4॥

ਉਸ ਕਾਲ ਉਸ ਸਮੇਂ 10 ਧਨੁਸ਼ ਅਕਾਰ ਵਾਲੇ ਧਰਮ ਦੇ ਤੀਰਥੰਕਰ ਅਰਹੰਤ ਅਰਿਸ਼ਟ ਨੇਮੀ ਉਸ ਨਗਰੀ ਵਿੱਚ ਪਧਾਰੇ ਜੋ 21ਵੇਂ ਤੀਰਥੰਕਰ ਸ਼੍ਰੀ ਨਮੀ ਨਾਥ ਤੋਂ ਹਜਾਰਾਂ ਸਾਲ ਬਾਅਦ ਧਰਮ ਦਾ ਪ੍ਰਚਾਰ ਕਰ ਰਹੇ ਸਨ, ਪਰਿਸ਼ਧ ਉਹਨਾਂ ਦੇ ਦਰਸ਼ਨਾ ਲਈ ਘਰੋਂ ਨਿਕਲੀ। ਭਗਵਾਨ ਦੇ ਆਉਣ ਦੀ ਖਬਰ ਸੁਣ ਕੇ ਕ੍ਰਿਸ਼ਨ ਵਾਸਦੇਵ ਦਿਲੋਂ ਖੁਸ਼ ਹੋਏ। ਉਹਨਾਂ ਕੋਟਬਿੰਕ ਪੁਰਸ਼ ਨੂੰ ਬੁਲਾ ਆਗਿਆ ਦਿੱਤੀ।

ਹੇ ਦੇਵਾਨੂਪ੍ਰਿਆ! ਛੇਤੀ ਹੀ ਸੁਧਰਮ ਸਭਾ ਦੀ ਸਾਂਝੀ (ਸਾਮਦਾਨੀਕ) ਭੇਰੀ ਵਜਾਉ (ਜਿਸ ਭੇਰੀ ਨੂੰ ਸੁਣ ਕੇ ਲੋਕ ਇੱਕਠੇ ਹੋ ਜਾਣ) ਵਾਸਦੇਵ ਸ਼੍ਰੀ ਕ੍ਰਿਸ਼ਨ ਦੀ ਆਗਿਆ ਅਨੁਸਾਰ ਕੋਟਬਿੰਕ ਪੁਰਸ਼ ਨੇ ਸਾਮਦਾਨੀਕ ਭੇਰੀ ਕੋਲ ਜਾਂਦਾ ਹੈ ਅਤੇ ਭੇਰੀ ਨੂੰ ਜੋਰ ਨਾਲ ਵਜਾਉਂਦਾ ਹੈ। ॥5॥

ਉਸ ਭੇਰੀ ਦੇ ਵਜਾਏ ਜਾਣ ਤੇ ਸਮੁੰਦਰ ਵਿਜੈ ਪ੍ਰਮੁੱਖ ਦਸ ਦਸ਼ਾਰਹ ਤੋਂ ਲੈ ਕੇ ਰੁਕਮਣੀ ਤੱਕ ਸਾਰੀਆਂ ਪਤਨੀਆਂ ਅਨੰਗਸੇਨਾ ਸਮੇਤ ਸਾਰਿਆਂ ਗਣਿਕਾਵਾਂ ਬਹੁਤ ਸਾਰੇ ਰਾਜਾ, ਤਲਵਰ, ਮਾਂਡਵਿਕ ਸਾਰਥਵਾਹ ਆਦਿ ਇਸ਼ਨਾਨ ਕਰਕੇ ਅਤੇ ਬੁਰੇ ਸੁਪਨੇ ਦੇ ਫੱਲ ਨੂੰ ਦੂਰ ਕਰਨ ਲਈ ਤਿਲਕ ਆਦਿ ਲਗਾ ਕੇ, ਹਾਰ ਸਿੰਗਾਰ ਕਰਕੇ ਤਿਆਰ ਹੁੰਦੇ ਹਨ। ਉਹ ਅਪਣੀ ਸੰਪਤੀ ਅਨੁਸਾਰ ਸਤਕਾਰ ਸਾਮਗਰੀ ਦੇ ਨਾਲ ਘੋੜੇ ਅਦਿ ਸਵਾਰੀਆਂ ਤੇ ਬੈਠ ਕੇ ਨੋਕਰ ਚਾਕਰਾਂ ਨਾਲ ਜਿੱਥੇ ਵਾਸਦੇਵ ਸਨ ਉੱਥੇ ਆਉਂਦੇ ਹਨ। ਉੱਥੇ ਆ ਕੇ ਉਹਨਾਂ ਸ਼੍ਰੀ ਕ੍ਰਿਸ਼ਨ ਦੀ ਜੈ ਜੈਕਾਰ ਕਰਦੇ ਹਨ।

ਉਸ ਤੋਂ ਬਾਅਦ ਸ਼੍ਰੀ ਕ੍ਰਿਸ਼ਨ ਵਾਸਦੇਵ ਨੇ ਆਪਣੇ ਕੋਟਬਿੰਕ ਪੁਰਸ਼ਾਂ ਨੂੰ ਬੁਲਾ ਕੇ ਇਸ ਪ੍ਰਕਾਰ ਕਿਹਾ, "ਹੇ ਦੇਵਾਨੂਪ੍ਰਿਆ! ਸਿੰਗਾਰੇ ਹਾਥੀ, ਘੋੜੇ, ਰੱਥ ਅਤੇ ਪੈਦਲ ਚਾਰ ਪ੍ਰਕਾਰ ਦੀ ਸੈਨਾ ਨੂੰ ਸਜਾ ਕੇ ਤਿਆਰ ਕਰੋ ਅਤੇ ਮੈਨੂੰ ਸੂਚਿਤ ਕਰੋ" ਕ੍ਰਿਸ਼ਨ ਵਾਸਦੇਵ ਦੀ ਅਜਿਹੀ ਆਗਿਆ ਸੁਣ ਕੇ ਕੋਟਬਿੰਕ ਪੁਰਸ਼ ਛੇਤੀ ਹੀ ਹਾਥੀ, ਘੋੜੇ, ਰੱਥ ਅਤੇ ਪੈਦਲ ਚਾਰ ਪ੍ਰਕਾਰ ਦੀ ਸੈਨਾ ਤਿਆਰ ਕਰਕੇ ਲੈ ਆਏ।

ਉਸ ਤੋਂ ਬਾਅਦ ਕ੍ਰਿਸ਼ਨ ਵਾਸਦੇਵ ਨੇ ਇਸ਼ਨਾਨ ਘਰ ਵਿੱਚ ਇਸ਼ਨਾਨ ਕੀਤਾ ਅਤੇ ਕਪੜੀਆਂ ਗਹਿਣੀਆਂ ਨਾਲ ਅਪਣੇ ਆਪ ਨੂੰ ਸਿੰਗਾਰ ਕੇ ਸਿੰਗਾਰੇ ਹਾਥੀ ਤੇ ਸਵਾਰ ਹੋਏ। ਸ਼ੁਭ ਸ਼ਗਨ ਦੇ ਲਈ ਅੱਠ ਅੱਠ ਮਾਂਗਲਿਕ ਵਸਤਾਂ ਅੱਗੇ ਚੱਲਿਆਂ। ਇਸ ਤੋਂ ਬਾਅਦ ਉਹ ਕ੍ਰਿਸ਼ਨ ਬਲਦੇਵ ਕੋਣਿਕ ਦੀ ਤਰ੍ਹਾਂ ਸਫੈਦ ਚਾਮਰਾਂ ਨਾਲ ਸਜੇ, ਸਮੁੰਦਰ ਵਿਜੈ ਸਮੇਤ 10 ਦਸ਼ਾਰਹ ਨੂੰ ਲੈ ਕੇ ਘਿਰੇ ਹੋਏ, ਭੇਰੀ ਬਾਜਿਆ ਦੇ ਸ਼ਬਦਾਂ ਦੀ ਧੁਨਾਂ ਨਾਲ ਚਾਰੇ ਦਿਸ਼ਾਵਾਂ ਗੁੰਜਾਦੇ ਦਵਾਰਕਾ ਦੇ ਵਿੱਚਕਾਰ ਗਲੀਆਂ ਸੜਕਾਂ ਪਾਰ ਕਰਦੇ ਹੋਏ, ਰੇਵਤਕ ਪਰਵਤ ਪਰ ਉਹ ਭਗਵਾਨ ਅਰਿਸ਼ਟਨੇਮੀ ਦੀ ਧਰਮ ਸਭਾ ਵਿੱਚ ਪੁੱਜੇ। ਹਾਥੀ ਤੋਂ ਹੇਠਾਂ ਉੱਤਰ ਕੇ ਕੋਣਿਕ ਦੀ ਤਰ੍ਹਾਂ ਤਿੰਨ ਵਾਰ ਪ੍ਰਤਿਖਿਨਾ ਲੈ ਕੇ ਬੰਦਨ ਨਮਸਕਾਰ ਕੀਤਾ ਅਤੇ ਸੇਵਾ ਕਰਨ ਲੱਗੇ। ॥6॥

ਤੱਦ ਉਸ ਨਸ਼ਿਧ ਕੁਮਾਰ ਨੇ ਅਪਣੇ ਮਹਿਲਾਂ ਉਪਰ ਬੈਠੇ ਹੋਏ ਜਨਤਾ ਰਾਹੀਂ ਹੋ ਰਹੇ ਸ਼ੋਰ ਨੂੰ ਸੁਣੀਆ ਉਹ ਵੀ ਜਮਾਲੀ ਦੀ ਤਰ੍ਹਾਂ ਸ਼ਾਹੀ ਸ਼ਾਨ ਨਾਲ (ਭਗਵਾਨ ਅਰਿਸ਼ਟਨੇਮੀ) ਦੇ ਕੋਲ ਪੁੱਜਾ ਅਤੇ ਧਰਮ ਤੱਤਵ ਨੂੰ ਸੁਣ ਕੇ ਧਾਰਨ ਕੀਤਾ। ਫਿਰ ਉਸ ਨੇ ਭਗਵਾਨ ਅਰਿਸ਼ਟਨੇਮੀ ਨੂੰ ਬੰਦਨਾ ਨਮਸਕਾਰ ਕਰਕੇ ਆਖਿਆ, "ਹੇ ਭਗਵਾਨ! ਮੈਂ ਨਿਰਗ੍ਰੰਥ ਪ੍ਰਵਚਨ ਤੇ ਸ਼ਰਦਾ ਕਰਦਾ ਹਾਂ" ਚਿਤ ਨਾਂ ਦੇ ਸਾਰਥੀ ਦੀ ਤਰ੍ਹਾਂ ਉਸ ਨੇ ਵੀ ਸ਼੍ਰਾਵਕ ਧਰਮ ਸਵਿਕਾਰ ਕੀਤਾ ਤੇ ਮਹਿਲਾਂ ਨੂੰ ਵਾਪਸ ਆ ਗਿਆ। ॥7॥

ਉਸ ਕਾਲ, ਉਸ ਸਮੇਂ ਅਰਿਹੰਤ ਭਗਵਾਨ ਸ਼੍ਰੀ ਅਰਿਸ਼ਟਨੇਮੀ ਦੇ ਪ੍ਰਮੁੱਖ ਚੈਲੇ ਵਰਦਤ ਨਾਂ ਦੇ ਮੁਨੀ, ਜੋ ਬੜੇ ਸ਼ਰਲ ਸੁਭਾਵ ਦੇ ਸਨ। ਉਹ ਵੀ ਭਗਵਾਨ ਨਾਲ ਘੁੱਮ ਰਹੇ ਸਨ, ਉਹਨਾਂ ਨਿਸ਼ਧ ਕੁਮਾਰ ਨੂੰ ਵੇਖਿਆ, ਉਸ ਨੂੰ ਵੇਖ ਕੇ ਉਹਨਾਂ ਦੇ ਮਨ ਵਿੱਚ ਸ਼ਰਧਾ ਜਾਗਰਤ ਹੋਈ। ਉਹ ਭਗਵਾਨ ਦੀ ਭਗਤੀ ਕਰਕੇ ਇਸ ਪ੍ਰਕਾਰ ਬੇਨਤੀ ਕਰਨ ਲੱਗੇ, "ਹੇ ਭਗਵਾਨ! ਇਹ ਨਿਸ਼ਧ ਕੁਮਾਰ ਸਭ ਨੂੰ ਪਿਆਰਾ ਹੈ। ਇਸ ਨੂੰ ਮਨ ਚਾਹਿਆ ਰੂਪ ਮਿਲੀਆ ਹੈ, ਇਹ ਸੁੰਦਰ ਹੈ ਅਤੇ ਇਸ ਨੂੰ ਸੁੰਦਰ ਰੂਪ ਪ੍ਰਾਪਤ ਹੋਇਆ ਹੈ, ਇਸ ਦੀ ਸੁੰਦਰਤਾ ਮਨਮੋਹਣੀ ਹੈ ਇਹ ਸਭ ਨੂੰ ਚੰਗਾ ਲੱਗਦਾ ਹੈ। ਇਸ ਦਾ ਰੂਪ ਮਨਮੋਹਣਾ ਹੈ। ਇਹ ਸ਼ਰਲ ਹੈ, ਸ਼ਰਲਤਾ ਨੂੰ ਪ੍ਰਾਪਤ ਹੋਇਆ ਹੈ, ਇਹ ਪ੍ਰਿਆ ਦਰਸ਼ਨ ਅਤੇ ਚੰਗੇ ਰੂਪ ਵਾਲਾ ਹੈ, ਹੇ ਭਗਵਾਨ! ਇਸ ਨਿਸ਼ਧ ਕੁਮਾਰ ਨੇ ਇਸ ਪ੍ਰਕਾਰ ਦੀ ਮਨੁੱਖਾਂ ਸੰਬੰਧੀ ਰਿੱਧੀ ਕਿਵੇਂ ਪ੍ਰਾਪਤ ਹੋਈ, ਕਿਵੇਂ ਇਹ ਇਸ ਦਾ ਸਵਾਮੀ ਬਣਿਆ। ਇੱਥੇ ਸਾਰੇ ਉਹ ਪ੍ਰਸ਼ਨ ਸ਼ਾਮਲ ਹਨ, ਜੋ ਸੁਰਿਆਂਭ ਦੇਵ ਦੀ ਰਿੱਧੀ ਵਾਰੇ ਗੋਤਮ ਸੁਵਾਮੀ ਨੇ ਪੁੱਛੇ ਸਨ। ਇਸ ਤਰ੍ਹਾਂ ਦੇ ਪ੍ਰਸ਼ਨ ਵਰਦਤ ਨੇ ਪੁੱਛੇ"

ਭਗਵਾਨ ਨੇ ਕਿਹਾ, "ਹੇ ਵਰਦਤ! ਉਸ ਕਾਲ, ਉਸ ਸਮੇਂ ਵਿੱਚ ਇਸ ਜੰਬੂ ਦੀਪ ਦੇ ਭਰਤ ਖੰਡ ਅੰਦਰ ਰੋਹਤਕ ਨਾਂ ਦਾ ਨਗਰ ਸੀ। ਜੋ ਧਨ ਅਨਾਜ ਨਾਲ

ਭਰਪੂਰ ਸੀ। ਉਸ ਨਗਰ ਵਿੱਚ ਮੇਘਵਰਨ ਨਾਂ ਦਾ ਬਾਗ ਸੀ। ਉਸ ਬਾਗ ਵਿੱਚ ਮਣੀਦੱਤ ਨਾਂ ਦੇ ਯਕਸ਼ ਦਾ ਮੰਦਰ ਸੀ। ਉਹ ਰੋਹਤਕ ਨਗਰ ਦਾ ਰਾਜਾ ਮਹਾਂਵਲ ਅਤੇ ਰਾਣੀ ਪਦਮਾਵਤੀ ਸੀ।

ਕਿਸੇ ਸਮੇਂ ਉਸ ਪਦਮਾਵਤੀ ਰਾਣੀ ਨੂੰ ਸੌਂਦੇ ਸਮੇਂ ਰਾਤ ਨੂੰ ਸ਼ੇਰ ਦਾ ਸਪਨਾ ਆਇਆ। ਫਿਰ ਇੱਕ ਬਾਲਕ ਦਾ ਜਨਮ ਹੋਇਆ। ਬਾਲਕ ਮਹਾਂਵਲ ਕੁਮਾਰ ਦੀ ਤਰ੍ਹਾਂ ਜਾਨਣਾ ਚਾਹਿਦਾ ਹੈ। ਉਸ ਬਾਲਕ ਦਾ ਨਾਂ ਵੀਰੰਗਤ ਕੁਮਾਰ ਰੱਖਿਆ ਗਿਆ। ਬੜਾ ਹੋਣ ਤੇ ਉਸ ਦੀ ਸ਼ਾਦੀ 32 ਲੜਕੀਆਂ ਨਾਲ ਕੀਤੀ ਗਈ।

ਜਿਨ੍ਹਾਂ ਤੋਂ 32 – 32 ਪ੍ਰਕਾਰ ਦਾ ਦਾਜ ਪ੍ਰਾਪਤ ਹੋਇਆ।

ਉਸ ਵੀਰੰਗਤ ਦੇ ਮਹਿਲਾਂ ਵਿੱਚ ਹਮੇਸ਼ਾ ਮਰਿਦੰਗ ਵਜਦਾ ਰਹਿੰਦਾ ਸੀ। ਗਾਯਕ ਉਸ ਦੇ ਗੁਣਾ ਦਾ ਗੁਣਗਾਣ ਕਰਦੇ ਸਨ। ਉਹ ਵੀਰੰਗਤ ਕੁਮਾਰ ਵਰਸ਼ਾ ਆਦਿ ਛੇ ਰਿਤੂਆਂ ਦੇ ਭੋਗ ਭੋਗਦਾ ਜੀਵਨ ਗੁਜਾਰ ਰਿਹਾ ਸੀ। ॥8॥

ਉਸ ਕਾਲ, ਉਸ ਸਮੇਂ ਕੇਸ਼ੀ ਦੀ ਤਰ੍ਹਾਂ ਜਾਤ, ਕੁਲ ਸ਼ਿਸ਼ ਅਤੇ ਗਿਆਨ ਸੰਪਨ ਸਾਧੂ ਸਿਧਾਰਥ ਰੋਹਿਤਕ ਨਗਰ ਦੇ ਮੇਘਵਰਨ ਬਗਿਚੇ ਵਿੱਚ ਪੁੱਜੇ ਜਿਥੇ ਮਣੀਦਤ ਨਾਂ ਦੇ ਯਕਸ਼ ਦਾ ਮੰਦਰ ਸੀ, ਮਾਲੀ ਦੀ ਇਜ਼ਾਜਤ ਨਾਲ ਮੁਨੀ ਸੰਘ ਉੱਥੇ ਠਹਿਰ ਗਿਆ। ਪਰਿਸ਼ਧ ਅਚਾਰਿਆ ਦੇ ਦਰਸ਼ਨ ਲਈ ਆਈ। ॥9॥

ਉਸ ਤੋਂ ਬਾਅਦ ਵੀਰਗੰਤ ਕੁਮਾਰ ਨੇ ਸਿਧਾਰਥ ਅਚਾਰਿਆ ਦੇ ਦਰਸ਼ਨ ਲਈ ਜਾਂਦੇ ਲੋਕਾਂ ਦਾ ਸ਼ੋਰ ਸੁਣਿਆ। ਪੁੱਛ ਪੜਤਾਲ ਕਰਨ ਤੇ ਉਸ ਨੂੰ ਪਤਾ ਲੱਗਾ ਕਿ ਸਿਧਾਰਥ ਨਾਂ ਦੇ ਅਚਾਰਿਆ (ਨਗਰ ਵਿੱਚ) ਪਧਾਰੇ ਹਨ। ਇਸ ਲਈ ਇਹ ਸ਼ੋਰ ਹੈ। ਉਹ (ਵੀਰਗੰਤ ਕੁਮਾਰ) ਵੀ ਜਮਾਲੀ ਰਾਜਕੁਮਾਰ ਦੀ ਤਰ੍ਹਾਂ ਅਚਾਰਿਆ ਜੀ ਦੇ

ਦਰਸ਼ਨ ਕਰਨ ਆਇਆ। ਧਰਮ ਕਥਾਂ ਸੁਣੀ। ਫੇਰ ਉਸ (ਰਾਜ ਕੁਮਾਰ ਨੇ) ਅਚਾਰਿਆ ਸਿਧਾਰਥ ਨੂੰ ਨਮਸਕਾਰ ਕਰਦੇ ਹੋਏ ਕਿਹਾ, "ਹੇ ਦੇਵਾਨੂਪ੍ਰਿਆ! ਮੈਂ ਮਾਤਾ ਪਿਤਾ ਦੀ ਇਜ਼ਾਜਤ ਨਾਲ ਸਾਧੂ ਬਨਣਾ ਚਾਹੁੰਦਾ ਹਾਂ"

ਉਸ ਤੋਂ ਬਾਅਦ ਉਹ ਵੀਰਗੰਤ ਕੁਮਾਰ ਜਮਾਲੀ ਦੀ ਤਰ੍ਹਾਂ ਸਾਧੂ ਬਣ ਕੇ ਈਰੀਆ ਆਦਿ ਪੰਜ ਸਮਤਿਆਂ ਅਤੇ ਤਿੰਨ ਗੁਪਤੀਆਂ ਨੂੰ ਧਾਰਨ ਕਰਕੇ ਗੁਪਤ ਬ੍ਰਹਮਚਾਰੀ ਬਣ ਗਿਆ, ਉਹ ਨੇ ਸਿਧਾਰਥ ਅਚਾਰਿਆ ਤੋਂ 11 ਅੰਗਾਂ (ਸ਼ਾਸਤਰਾਂ) ਦਾ ਅਧਿਐਨ ਕਰਦਾ ਹੈ।

ਇਸ ਤੋਂ ਬਾਅਦ ਉਸ ਨੇ 4 - 4, 8 - 8, 10 - 10, 12 - 12 ਵਰਤ ਆਦਿ ਤੱਪਾਂ ਦੀ ਅਰਾਧਨਾ ਨਾਲ ਆਤਮਾ ਨੂੰ ਪਵਿੱਤਰ ਕੀਤਾ। 45 ਸਾਲ ਸਾਧੂ ਜੀਵਨ ਦੇ ਗੁਜਾਰੇ।

ਇਸ ਤੋਂ ਬਾਅਦ 2 ਮਹਿਨੇ ਦੀ ਸੰਲੇਖਨਾ, ਸਮਾਧੀ ਨਾਲ ਆਤਮਾ ਨੂੰ ਪਵਿੱਤਰ ਕਰਦੇ ਹੋਏ 120 ਵਰਤਾਂ ਦੀ ਲੰਬੀ ਤੱਪਸਿਆ ਰਾਹੀਂ, ਪਾਪ ਸਥਾਨਾਂ ਦੀ ਆਲੋਚਨਾ ਪ੍ਰਤਿਕ੍ਰਮਨ ਕਰਕੇ ਸਮਾਧੀ ਮਰਨ ਰਾਹੀਂ ਬ੍ਰਹਮ ਦੇਵ ਲੋਕ ਵਿੱਚ ਮਨੋਰਮ ਨਾਂ ਦੇ ਵਿਮਾਨ ਵਿੱਚ ਦੇਵਤਾ ਰੂਪ ਵਿੱਚ ਉਤਪੰਨ ਹੋਇਆ। ਜਿੱਥੇ ਅਨੇਕਾਂ ਦੇਵਤਿਆਂ ਦੀ ਉਮਰ 10 ਸਾਗਰੋਪਮ ਆਖੀ ਗਈ ਹੈ। ਵੀਰੰਗਤ ਕੁਮਾਰ ਦੀ ਉਮਰ ਵੀ 10 ਸਾਗਰੋਪਮ ਦੀ ਹੋਈ।

ਹੇ ਵਰਦਤ! ਉਹ ਵੀਰੰਗਤ ਦੇਵ ਉਸ ਬ੍ਰਹਮ ਲੋਕ ਨਾਂ ਦੇ ਦੇਵ ਲੋਕ ਵਿੱਚ ਦੇਵਤਾ ਦੀ ਉਮਰ ਪੂਰੀ ਕਰਕੇ ਦਵਾਰਕਾ ਨਗਰੀ ਵਿੱਚ ਰਾਜਾ ਬਲਦੇਵ ਦੀ ਪਤਨੀ ਰੇਵਤੀ ਤੋਂ ਪੈਦਾ ਹੋਇਆ। ਉਸ ਰੇਵਤੀ ਨੇ ਵੀ ਸ਼ੇਰ ਦਾ ਸੁਪਨਾ ਵੇਖਿਆ। ਇਸ ਪੈਦਾ ਹੋਏ ਬੱਚੇ ਦਾ ਨਾਂ ਨਿਸ਼ਧ ਕੁਮਾਰ ਰੱਖਿਆ ਗਿਆ। ਵਿਵਾਹ ਯੋਗ ਹੋਣ ਤੇ ਉਸ ਦੀ

ਸ਼ਾਦੀ 32 ਰਾਜ ਕੰਨੀਆਵਾਂ ਨਾਲ ਹੋਈ ਉਹ ਵੀ ਉੱਤਮ ਰਾਜ ਮਹਿਲਾਂ ਵਿੱਚ ਰਹਿ ਕੇ ਸੁਖ ਦਾ ਜੀਵਨ ਗੁਜਾਰਨ ਲੱਗਾ। ਹੇ ਵਰਦਤ ਇਸ ਪ੍ਰਕਾਰ ਉਸ ਨਿਸ਼ਧ ਕੁਮਾਰ ਨੇ ਇਸ ਪ੍ਰਕਾਰ ਦੀ ਅਤਿ ਉੱਤਮ ਮਨੁਖੀ ਜੀਵਨ ਦੀ ਸਮਰਿਧੀ ਪ੍ਰਾਪਤ ਕੀਤੀ ਹੈ।

ਮੁਨੀ ਵਰਦਤ ਨੇ ਪੁੱਛਿਆ, "ਹੇ ਭਗਵਾਨ! ਨਿਸ਼ਧ ਕੁਮਾਰ ਆਪ ਕੋਲ ਸਾਧੂ ਬਣੇਗਾ?"

ਭਗਵਾਨ ਨੇ ਕਿਹਾ, "ਹੇ ਵਰਦਤ! ਇਹ ਨਿਸ਼ਧ ਕੁਮਾਰ ਮੇਰੇ ਕੋਲ ਸਾਧੂ ਜੀਵਨ ਗ੍ਰਹਿਣ ਕਰੇਗਾ"

ਵਰਦਤ ਮੁਨੀ ਨੇ ਆਖਿਆ, "ਹੇ ਭਗਵਾਨ! ਆਪ ਜੋ ਆਖਦੇ ਹੋ ਉਹ ਹੀ ਸੱਚ ਹੈ"

ਅਜੇਹਾ ਆਖ ਕੇ ਵਰਦਤ ਮੁਨੀ (ਅਨਗਾਰ) ਅਪਣੀ ਆਤਮਾ ਨੂੰ ਤਪ ਸੰਜਮ ਰਾਹੀਂ ਪਵਿਤਰ ਕਰਦੇ ਹੋਏ (ਧਰਮ ਪ੍ਰਚਾਰ ਹਿੱਤ, ਦੇਸ਼ - ਦਿਸਾਂਤਰਾਂ ਵਿੱਚ) ਘੁੰਮਨ ਲੱਗੇ। ॥10॥

ਉਸ ਤੋਂ ਬਾਅਦ ਅਰਿਹੰਤ ਅਰਿਸ਼ਟਨੇਮੀ ਇਕ ਵਾਰ ਦਵਾਰਿਕਾ ਤੋਂ ਨਿਕਲ ਕੇ ਹੋਰ ਜਨਪਦਾ (ਦੇਸ਼ਾ) ਵਿੱਚ ਧਰਮ ਪ੍ਰਚਾਰ ਕਰਨ ਲਈ ਘੁਮਨ ਲੱਗੇ। ਨਿਸ਼ਧ ਕੁਮਾਰ ਸ਼੍ਰਮਣੋਪਾਸ਼ਕ (12 ਵਰਤ ਧਾਰੀ ਉਪਾਸਕ) ਹੋ ਗਿਆ। ਉਹ ਜੀਵ, ਅਜੀਵ ਆਦਿ ਤੱਤਵਾ ਦਾ ਜਾਣਕਾਰ ਹੋ ਗਿਆ।

ਇੱਕ ਵਾਰ ਨਿਸ਼ਧ ਕੁਮਾਰ ਪੋਸ਼ਧ ਸ਼ਾਲਾ ਵਿੱਚ ਆਇਆ, ਘਾਹ ਦੇ ਬਿਛੋਨੇ ਬਿੱਛਾ ਕੇ ਧਰਮ ਸਾਧਨਾ ਕਰਨ ਲੱਗਾ। ਉਸ ਤੋਂ ਬਾਅਦ ਰਾਤ ਦੇ ਆਖਰੀ ਸਮੇਂ ਵਿਚਾਰ ਕਰਦੇ ਹੋਏ ਉਸ ਨੂੰ ਵਿਚਾਰ ਪੈਦਾ ਹੋਇਆ।

ਉਹ ਸ਼ਹਿਰ, ਨਗਰ, ਸ਼ਨੀਵੇਸ਼ ਧੰਨ ਹਨ, ਜਿਥੇ ਅਰਿਹੰਤ ਅਰਿਸ਼ਟਨੇਮੀ ਭਗਵਾਨ ਘੁੰਮਦੇ ਹਨ। ਉਹ ਰਾਜਾ ਈਸ਼ਵਰ, ਤਲਵਰ, ਮਾਂਡਵਿਕ, ਸਾਰਥਵਾਹ ਧਨ ਹਨ, ਜੋ ਭਗਵਾਨ ਅਰਿਸ਼ਟਨੇਮੀ ਨੂੰ ਨਮਸਕਾਰ ਕਰਦੇ ਹਨ।

"ਜੇ ਅਰਿਹੰਤ ਅਰਿਸ਼ਟਨੇਮੀ ਭਗਵਾਨ ਕਦੇ ਘੁੰਮਦੇ ਹੋਏ, ਨੰਦਨਬਨ ਬਗਿਚੇ ਵਿੱਚ ਪਧਾਰਨ ਤਾਂ ਮੈਂ ਵੀ ਭਗਵਾਨ ਨੂੰ ਬੰਦਨਾ ਨਮਸਕਾਰ ਕਰਾਂ, ਸੇਵਾ ਕਰਾਂ"

ਉਸ ਤੋਂ ਬਾਅਦ (ਇਕ ਵਾਰ) ਭਗਵਾਨ ਅਰਿਹੰਤ ਅਰਿਸ਼ਟਨੇਮੀ 14 ਹਜ਼ਾਰ ਸ੍ਰਮਣਾ (ਸਾਧੂਆਂ ਨਾਲ ਨੰਦਨਬਨ ਵਿੱਚ ਪਧਾਰੇ) ਭਗਵਾਨ ਦੇ ਦਰਸ਼ਨਾ ਲਈ ਧਰਮ ਪਰਿਸ਼ਧ ਘਰੋਂ ਬਾਹਰ ਆਈ। ਉਸ ਤੋਂ ਬਾਅਦ ਨਿਸ਼ਧ ਕੁਮਾਰ ਵੀ ਇਸ ਬਿਰਤਾਂਤ ਨੂੰ ਸੁਣ ਕੇ ਚਾਰ ਘੰਟੀਆਂ ਵਾਲੇ ਘੋੜੀਆਂ ਦੇ ਰੱਥ ਤੇ ਚੜ੍ਹ ਕੇ ਭਗਵਾਨ ਦੇ ਦਰਸ਼ਨਾ ਲਈ ਗਿਆ। ਜਮਾਲੀ ਦੀ ਤਰ੍ਹਾਂ ਮਾਂ ਪਿਊ ਦੀ ਇਜ਼ਾਜਤ ਲੈ ਕੇ ਸਾਧੂ ਬਣੇ। ਫੇਰ ਈਰੀਆ ਆਦਿ ਪੰਜ ਸਮਿਤੀ ਦਾ ਪਾਲਨ ਕਰਦੇ ਹੋਏ, ਗੁਪਤ ਬ੍ਰਹਮਚਾਰੀ ਬਣ ਗਏ।

ਉਸ ਤੋਂ ਬਾਅਦ ਨਿਸ਼ਧ ਕੁਮਾਰ ਅਨਗਾਰ ਨੇ ਅਰਿਹੰਤ ਅਰਿਸ਼ਟਨੇਮੀ ਭਗਵਾਨ ਦੇ ਸ਼ਥਵਿਰਾਂ ਤੋਂ ਸਮਾਇਕ ਆਦਿ, 11 ਅੰਗਾਂ ਦਾ ਅਧਿਐਨ ਕੀਤਾ। ਕਈ ਵਾਰ (4 -4), (6 -6) ਅਤੇ (8- 8) ਵਰਤਾਂ ਨਾਲ ਆਤਮਾਂ ਨੂੰ ਪਵਿਤਰ ਕਰਦੇ ਹੋਏ, 9 ਸਾਲ ਸਾਧੂ ਜੀਵਨ ਗੁਜਾਰਿਆ। 42 ਇਕਠੇ 2 -2 ਵਰਤਾਂ ਰਾਹੀਂ ਪਾਪ ਸਥਾਨਾ ਦੀ ਆਲੋਚਨਾ ਕਰਦੇ ਹਨ। ਪ੍ਰਤਿਕ੍ਰਮਨ ਕਰਦੇ ਹਨ ਇਸ ਪ੍ਰਕਾਰ ਸਮਾਧੀ ਮਰਨ ਨੂੰ ਪ੍ਰਾਪਤ ਹੋਏ। ॥11॥

ਉਸ ਤੋਂ ਬਾਅਦ ਵਰਦਤ ਅਨਗਾਰ ਨੇ ਕਾਲ ਨੂੰ ਪ੍ਰਾਪਤ ਨਿਸ਼ਧ ਕੁਮਾਰ ਦੇ ਕਾਲ ਦਾ ਸਮਾਚਾਰ ਸੁਣ ਕੇ ਉਹ ਜਿੱਥੇ ਅਰਿਸ਼ਟਨੇਮੀ ਵਿਰਾਜਮਾਨ ਸਨ ਉੱਥੇ ਆਏ।

ਉਹਨਾਂ ਅਰਿਹੰਤ ਭਗਵਾਨ ਅਰਿਸ਼ਟਨੇਮੀ ਤੋਂ ਪੁਛਿਆ, "ਹੇ ਭਗਵਾਨ! ਆਪ ਦੇ ਵਿਨਿਤ ਚੇਲੇ ਨਿਸ਼ਧ ਕੁਮਾਰ ਮੌਤ ਤੋਂ ਬਾਅਦ ਕਿੱਥੇ ਪੈਦਾ ਹੋਏ ਹਨ?"

ਭਗਵਾਨ ਨੇ ਆਖਿਆ, "ਹੇ ਵਰਦਤ! ਮੇਰੇ ਵਿਨਿਤ ਚੇਲੇ 11 ਅੰਗਾਂ ਦਾ ਅਧਿਐਨ ਕਰਕੇ, 9 ਸਾਲ ਸਾਧੂ ਜੀਵਨ ਪਾਲਨ ਕਰਦੇ, ਆਲੋਚਨਾ ਪ੍ਰਤਿਕ੍ਰਮਨ ਰਾਹੀਂ ਮਰਕੇ ਚੰਦਰ, ਸੂਰਜ, ਗ੍ਰਹਿ, ਨਛੱਤਰ ਦੀ ਤਾਰਾ ਰੂਪ ਜੋਤਸ਼ੀ ਵਿਮਾਨਾਂ ਸੌਧਰਮ ਈਸ਼ਾਨ ਆਦਿ ਦੇਵ ਲੋਕ ਅਤੇ 318 ਗਰੇਵਿਕ ਵਿਮਾਨਾਂ ਨੂੰ ਪਾਰ ਕਰਕੇ ਸਰਵਾਰਥ ਸਿੱਧ ਵਿਮਾਨ ਵਿਚ ਪੈਦਾ ਹੋਏ ਹਨ, ਜਿੱਥੇ ਦੇਵਤਿਆਂ ਦੀ ਉਮਰ 33 ਹਜਾਰ ਸਾਗਰੋਪਮ ਹੈ ਆਖੀ ਗਈ ਹੈ ਇਤਨੀ ਹੀ ਉਮਰ ਨਿਸ਼ਧ ਕੁਮਾਰ ਦੀ ਹੈ"

ਮੁਨੀ ਵਰਦਤ ਨੇ ਫੇਰ ਪੁੱਛਿਆ, "ਹੇ ਭਗਵਾਨ! ਇਹ ਨਿਸ਼ਧ ਦੇਵ ਇਸ ਦੇਵ ਲੋਕ ਦੀ ਉਮਰ ਭੋਗ ਕੇ, ਦੇਵ ਸੰਭਧੀ ਆਯੂ ਸੰਬਧੀ, ਅੰਤ ਸਥਿਤੀ ਸੰਬਧੀ ਪੂਰੀ ਕਰਕੇ ਕਿੱਥੇ ਪੈਦਾ ਹੋਵੇਗਾ?"

ਭਗਵਾਨ ਨੇ ਕਿਹਾ, "ਹੇ ਵਰਦਤ! ਇਹ ਨਿਸ਼ਧ, ਇਸ ਜੰਬੂ ਦੀਪ ਦੇ ਮਹਾਵਿਦੇਹ ਖੇਤਰ ਦੇ ਉਨਾਂਤ ਨਗਰ ਵਿੱਚ ਰਾਜਕੁਲ ਵਿੱਚ ਪੁੱਤਰ ਰੂਪ ਵਿੱਚ ਪੈਦਾ ਹੋਵੇਗਾ, ਬਚਪਨ ਗੁਜਾਰਕੇ ਭਰੀ ਜੁਆਨੀ ਵਿੱਚ ਸ਼ਥਵਿਰ ਸਾਧੂਆਂ ਪਾਸੋਂ ਦੀਖਿਆ ਲੈ ਕੇ ਸਾਧੂ ਬਣੇਗਾ। ਈਰੀਆ ਆਦਿ 5 ਸਮਿਤਿਆਂ ਦਾ ਪਾਲਨ ਕਰਕੇ ਗੁਪਤ ਬ੍ਰਹਮਚਾਰੀ ਬਣੇਗਾ"

ਫੇਰ ਉਹ 4 - 6 - 10 - 12 - 15 ਅਤੇ ਇੱਕ ਮਹੀਨੇ ਦੇ ਵਰਤਾਂ ਨਾਲ ਆਤਮਾ ਨੂੰ ਪਵਿੱਤਰ ਕਰਦਾ ਹੋਇਆ, ਇੱਕ ਮਹੀਨੇ ਦੀ ਸੰਲੇਖਨਾ ਰਾਹੀਂ ਆਤਮਾ ਸੁੱਧੀ ਕਰੇਗਾ। ਆਤਮਾ ਦੀ ਸ਼ੁੱਧੀ ਕਰਕੇ ਕਰਮਾ ਦਾ ਖਾਤਮਾ ਕਰੇਗਾ। ਜਿਸ ਮੋਕਸ਼ ਪ੍ਰਾਪਤੀ ਲਈ ਸਾਧੂ ਨਗਨ ਭਾਵ ਧਾਰਨ ਕਰਦੇ ਹਨ। ਉਸ (ਭਾਵ) ਦਾ ਪਾਲਨ ਕਰਕੇ

ਉਹ ਮੋਕਸ਼ ਪ੍ਰਾਪਤ ਕਰੇਗਾ। ਜਿਸ ਮੋਕਸ਼ ਨਮਿਤ ਅਨਗਾਰ ਨਗਨ, ਪਰਿਮਿਤ, ਵਸਤਰ ਧਾਰਨ, ਮੁੰਡਨ ਭਾਵ, ਧਾਰਨ ਕਰਦਾ ਹੈ ਦਰਵ ਭਾਵ ਤੋਂ ਮੁੰਡਿਤ, ਅਮਨਾਤਕ, ਦੇਸ਼ਤ, ਇਸ਼ਨਾਨ ਵਰਜਨ, ਦੰਤ ਧੋਵਨ, ਦੰਦ ਨਾਂ ਰੰਗਨਾ, ਰਜੋਹਰਨ, ਜੁੱਤੇ ਦਾ ਤਿਆਗ, ਛੱਤਰ ਧਾਰਨ ਨਾ ਕਰਨਾ, ਪਾਲਕੀ ਦਾ ਤਿਆਗ, ਕਰਕੇ ਕਾਠ ਦਾ ਫੱਟਾ ਸੋਣ ਲਈ, ਇਸਤੇਮਾਲ ਕਰਦਾ ਹੈ। ਕੇਸ਼ ਲੋਚ ਕਰਦਾ ਹੈ। ਬ੍ਰਹਮਚਾਰਜ ਵਰਤ ਧਾਰਨ ਕਰਦਾ ਹੈ। ਪਰਾਏ ਘਰਾਂ ਵਿੱਚ ਭੋਜਨ ਲਈ ਘੁੰਮਦਾ ਹੈ ਅਤੇ ਇੰਦਰੀਆਂ ਦੇ ਅਨੁਸੁਲ ਤੇ ਪ੍ਰਤਿਕੁਲ ਸ਼ਬਦਾ ਨੂੰ ਸਹਿੰਦਾ ਹੋਇਆ ਮਰਿਆਦਾ ਵਿੱਚ ਚਲਦਾ ਹੈ। ਉਸ ਮੋਕਸ਼ ਦੀ ਇਹ ਨਿਸ਼ਧ ਮੁਨੀ ਅਰਾਧਨਾ ਕਰੇਗਾ। ਅਨਜਾਨ ਪੇਂਡੂਆਂ ਦੁਆਰਾ ਦਿਤੇ ਜਾਣ ਵਾਲੇ ਕੱਸ਼ਟਾਂ ਨੂੰ ਸਹਿਨ ਕਰਦਾ ਹੋਇਆਂ ਨਿਯਮਾਂ ਦੀ ਪਾਲਣਾ ਕਰੇਗਾ ਅਰਾਧਨਾ ਕਰੇਗਾ ਅਰਾਧਨਾ ਕਰਕੇ ਅੰਤਮ ਸਮੇਂ ਸਿੱਧ ਬੁੱਧ ਮੁਕਤ ਹੋ ਜਾਵੇਗਾ ਅਤੇ ਮਹਾਨ (ਸੱਚੇ) ਸੁੱਖ ਨੂੰ ਪ੍ਰਾਪਤ ਕਰੇਗਾ ਜੋ ਸੁੱਖ ਹਮੇਸ਼ਾ ਰਹਿਨ ਵਾਲਾ ਹੈ (ਜਿਸ ਦਾ ਕਦੇ ਖਾਤਮਾ ਨਹੀਂ)

ਆਰੀਆ ਸੁਧਰਮਾ ਸਵਾਮੀ ਆਖਦੇ ਹਨ, "ਹੇ ਜੰਬੂ! ਸ਼੍ਰਮਣ ਭਗਵਾਨ ਮਹਾਵੀਰ ਮੋਕਸ਼ ਨੂੰ ਪ੍ਰਾਪਤ ਹੋਏ ਨੇ ਵਰਿਸ਼ਨੀ ਦੁਸਾਂਗ ਦੇ ਪਹਿਲੇ ਅਧਿਐਨ ਦਾ ਇਹ ਅਰਥ ਫਰਮਾਇਆ ਹੈ"

# 2 ਤੋਂ 12 ਅਧਿਐਨ

ਇਸੇ ਪ੍ਰਕਾਰ ਬਾਕੀ ਗਿਆਰਾ ਅਧਿਐਨਾਂ ਦਾ ਅਰਥ ਸੰਗਹਿਣੀ ਸੂਤਰ ਦੀ ਗਾਥਾ ਅਨੁਸਾਰ ਜਾਨ ਲੈਣਾ ਚਾਹਿਦਾ ਹੈ।

ਸ਼੍ਰੀ ਸੁਧਰਮਾ ਸਵਾਮੀ ਅਪਣੇ ਪ੍ਰਮੁੱਖ ਸ਼ਿਸ ਜੰਬੂ ਸਵਾਮੀ ਨੂੰ ਆਖਦੇ ਹਨ, "ਹੇ ਜੰਬੂ! ਮੋਕਸ਼ ਨੂੰ ਪ੍ਰਾਪਤ ਸ਼੍ਰਮਣ ਭਗਵਾਨ ਮਹਾਵੀਰ ਕੋਲ ਮੈਂ ਇਸ ਵਰਿਸ਼ਨੀ ਦਸ਼ਾਂਗ ਦਾ ਜੋ ਅਰਥ ਸੁਣਿਆ ਸੀ, ਉਹ ਮੈਂ ਤੈਨੂੰ ਸੁਣਾਇਆ ਹੈ"